# ਸਾਲਾਨਾ ਰਿਪੋਰਟ
## 2016 - 2017

ਇਹ ਸਾਲਾਨਾ ਰਿਪੋਰਟ 1 ਜੁਲਾਈ 2016 ਤੋਂ 30 ਜੂਨ 2017 ਤੱਕ ਦੀ ਹੈ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

**ਅਨੁਵਾਦ**
**ਨਰਿੰਦਰ ਪਾਲ ਸਿੰਘ**

---

ਛਾਪਕ ਅਤੇ ਪ੍ਰਕਾਸ਼ਕ, ਐਡੀਸ਼ਨਲ ਡਾਇਰੈਕਟਰ (ਸੰਚਾਰ) ਨੇ ਪੀ ਏ ਯੂ ਪ੍ਰਿੰਟਿੰਗ ਪ੍ਰੈਸ, ਲੁਧਿਆਣਾ ਤੋਂ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲਈ ਪ੍ਰਕਾਸ਼ਤ ਕੀਤਾ।
adcomm@pau.edu

# ਤਤਕਰਾ


| | |
|---|---|
| **ਸਾਲਾਨਾ ਰਿਪੋਰਟ ਦੀਆਂ ਮੁੱਖ ਝਲਕੀਆਂ ਅਤੇ ਸੰਖਿਪਤ ਸਾਰ** | 1-6 |
| **ਖੋਜ** | 7-17 |
| ਫ਼ਸਲ ਸੁਧਾਰ | 7 |
| ਬਾਇਓਤਕਨਾਲੋਜੀ | 10 |
| ਬੀਜ ਤਕਨਾਲੋਜੀ | 10 |
| ਫ਼ਸਲ ਉਤਪਾਦਨ ਤਕਨੀਕਾਂ | 11 |
| ਫ਼ਸਲ ਸੁਰੱਖਿਆ ਤਕਨੀਕਾਂ | 12 |
| ਭੋਜਨ ਵਿਗਿਆਨ ਅਤੇ ਤਕਨਾਲੋਜੀ | 13 |
| ਕਟਾਈ ਉਪਰੰਤ ਤਕਨੀਕਾਂ | 13 |
| ਵਣ ਖੇਤੀ | 13 |
| ਮਧੂ ਮੱਖੀ ਪਾਲਣ | 14 |
| ਖੁੰਭਾਂ ਦੀ ਕਾਸ਼ਤ | 14 |
| ਖੇਤੀ ਪ੍ਰੋਸੈਸਿੰਗ | 15 |
| ਖੇਤੀ ਅਰਥਚਾਰਾ | 15 |
| ਭੋਜਨ ਅਤੇ ਪੋਸ਼ਣ | 16 |
| ਤਕਨੀਕਾਂ ਦਾ ਵਪਾਰੀਕਰਨ | 17 |
| **ਸਿੱਖਿਆ** | 18-24 |
| ਦਾਖਲੇ | 18 |
| ਪ੍ਰੀਖਿਆ ਸੈੱਲ | 19 |
| ਨਵੇਂ ਕੋਰਸ | 20 |
| ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ | 20 |
| ਵਜ਼ੀਫੇ ਅਤੇ ਵਿੱਤੀ ਸਹਾਇਤਾ | 21 |
| ਵਿਦਿਆਰਥੀ ਭਲਾਈ ਗਤੀਵਿਧੀਆਂ | 22 |
| **ਪਸਾਰ** | 25-31 |
| ਕਿਸਾਨ ਮੇਲੇ | 25 |
| ਖੇਤ ਦਿਵਸ | 25 |
| ਅਨੁਕੂਲਣਸ਼ੀਲ ਖੋਜ ਤਜ਼ਰਬੇ | 26 |
| ਆਨ ਫਾਰਮ ਟਰਾਇਲਜ਼ | 26 |
| ਪ੍ਰਦਰਸ਼ਨੀਆਂ | 27 |
| ਜੈਵਿਕ ਨਿਯੰਤ੍ਰਣ | 28 |
| ਵਿਸ਼ੇਸ਼ ਮੁਹਿੰਮਾਂ | 29 |
| ਸਿਖਲਾਈਆਂ ਅਤੇ ਨੁਮਾਇਸ਼ਾਂ | 30 |
| ਕਾਰਜਸ਼ਲਾਵਾਂ | 30 |
| ਕਿਸਾਨਾਂ ਦੀਆਂ ਜਥੇਬੰਦੀਆਂ | 30 |
| ਸੂਚਨਾ ਅਤੇ ਸੰਚਾਰ ਦੇ ਸਾਧਨ | 30 |
| **ਮਾਨਵ ਸ੍ਰੋਤ, ਵਿੱਤ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ** | 32-44 |
| ਨਵੀਆਂ ਨਿਯੁਕਤੀਆਂ, ਤਰੱਕੀਆਂ ਅਤੇ ਸੇਵਾ ਮੁਕਤੀਆਂ | 32 |

ਪੁਰਸਕਾਰ, ਮਾਣ ਅਤੇ ਸਨਮਾਨ 33
ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਪਰਕ 34
ਪੀ ਏ ਯੂ ਵਿਖੇ ਆਯੋਜਿਤ ਕੀਤੇ ਮਹੱਤਵਪੂਰਨ ਪ੍ਰੋਗਰਾਮ 37
ਵਿੱਤ 40
ਮਿਲਖ ਸੰਗਠਨ 41
ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰੋਗਰਾਮਾਂ ਵਿੱਚ ਫੈਕਲਟੀ ਦੀ ਸ਼ਮੂਲੀਅਤ 41
ਖਰੀਦੇ ਗਏ ਨਵੇਂ ਉਪਕਰਣ 42
ਨਵੀਆਂ ਲੈਬੋਰਟਰੀਆਂ, ਸਥਾਪਿਤ ਕੀਤਾ ਅਤੇ ਨਵਿਆਈਆਂ ਬੁਨਿਆਦੀ ਸਹੂਲਤਾਂ 44

**ਐਮ ਐਸ ਰੰਧਾਵਾ ਲਾਇਬ੍ਰੇਰੀ** 45

**ਪ੍ਰਭਾਵ** 46-48

**ਪ੍ਰਸ਼ਾਸਨ** 49-53
ਪ੍ਰਬੰਧਕੀ ਬੋਰਡ 49
ਅਕਾਦਮਿਕ ਕੌਂਸਲ 51
**ਪ੍ਰਬੰਧਕੀ ਬੋਰਡ ਦੇ ਮਹੱਤਵਪੂਰਨ ਫ਼ੈਸਲੇ** 52
**ਅਕਾਦਮਿਕ ਕੌਂਸਲ ਦੇ ਮਹੱਤਵਪੂਰਨ ਫ਼ੈਸਲੇ** 53

**ਅਨੁਲੱਗ-1** (ਮਿਲਖ ਸੰਗਠਨ) 54

**ਅਨੁਲੱਗ-2** (ਪ੍ਰਕਾਸ਼ਨਾਵਾਂ) 55

# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਾਲਾਨਾ ਰਿਪੋਰਟ (ਜੁਲਾਈ 2016-ਜੂਨ 2017) ਦੀਆਂ ਮੁੱਖ ਝਲਕੀਆਂ ਅਤੇ ਸੰਖਿਪਤ ਸਾਰ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, ਖੇਤੀਬਾੜੀ, ਖੇਤੀਬਾੜੀ ਇੰਜੀਨਿਅਰਿੰਗ, ਬੇਸਿਕ ਸਾਇੰਸਜ਼, ਹੋਮ ਸਾਇੰਸ ਅਤੇ ਸੰਬੰਧਿਤ ਵਿਸ਼ਿਆਂ ਵਿੱਚ ਖੋਜ, ਅਧਿਆਪਨ ਅਤੇ ਪਸਾਰ ਕਾਰਜਾਂ ਵਿੱਚ ਜੁਟੀ ਹੋਈ ਹੈ । ਰਿਪੋਰਟ ਅਧੀਨ ਆਉਂਦੇ ਸਮੇਂ (ਜੁਲਾਈ 2016 ਤੋਂ ਜੂਨ 2017) ਦੌਰਾਨ ਯੂਨੀਵਰਸਿਟੀ ਨੇ ਵੱਖੋ-ਵੱਖ ਫ਼ਸਲਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਦੀਆਂ ਉਤਪਾਦਨ ਅਤੇ ਸੁਰੱਖਿਆ ਤਕਨੀਕਾਂ ਵਿਕਸਿਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਤਾਂ ਜੋ ਦੇਸ਼ ਅਤੇ ਖਾਸ ਤੌਰ ਤੇ ਪੰਜਾਬ ਦੇ ਅੰਨ ਉਤਪਾਦਨ ਵਿੱਚ ਵਾਧਾ ਹੋ ਸਕੇ । ਯੂਨੀਵਰਸਿਟੀ ਨੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ।

## ਖੋਜ

ਖੇਤੀ ਖੋਜ ਯੂਨੀਵਰਸਿਟੀ ਦਾ ਪ੍ਰਮੁੱਖ ਕਾਰਜ ਖੇਤਰ ਹੋਣ ਕਰਕੇ ਇਸ ਵੱਲੋਂ ਜ਼ਿਆਦਾ ਜ਼ੋਰ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਅਤੇ ਉਨ੍ਹਾਂ ਦੀਆਂ ਉਤਪਾਦਨ, ਸੁਰੱਖਿਆ ਅਤੇ ਪ੍ਰੋਸੈਸਿੰਗ ਤਕਨੀਕਾਂ ਵਿਕਸਿਤ ਕਰਨ ਤੇ ਦਿੱਤਾ ਜਾਂਦਾ ਹੈ ਤਾਂ ਜੋ ਝਾੜ ਅਤੇ ਮੁਨਾਫ਼ੇ ਵਿੱਚ ਵਾਧਾ ਕੀਤਾ ਜਾ ਸਕੇ । ਇਨ੍ਹਾਂ ਤੋਂ ਇਲਾਵਾ ਮੌਸਮ ਪਰਿਵਰਤਨ ਨਾਲ ਪੈਣ ਵਾਲੇ ਪ੍ਰਭਾਵਾਂ ਤੋਂ ਬਚਣ, ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕਰਨ ਅਤੇ ਖੇਤੀ ਲਾਗਤਾਂ ਦੀ ਸਮਰੱਥਾ ਨੂੰ ਵਧਾਉਣ ਲਈ ਤਕਨੀਕਾਂ ਵਿਕਸਿਤ ਕਰਨ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਦੀਆਂ ਪ੍ਰਮੁੱਖ ਖੋਜ ਪ੍ਰਾਪਤੀਆਂ ਇਸ ਪ੍ਰਕਾਰ ਹਨ :

### ਫ਼ਸਲ ਸੁਧਾਰ

ਯੂਨੀਵਰਸਿਟੀ ਨੇ ਸਮੁੱਚੇ ਪੰਜਾਬ ਵਿੱਚ ਕਾਸ਼ਤ ਲਈ ਵੱਖੋ-ਵੱਖ ਫ਼ਸਲਾਂ ਦੀਆਂ 26 ਕਿਸਮਾਂ (ਖੇਤ ਫ਼ਸਲਾਂ ਦੀਆਂ 12, ਫ਼ਲਾਂ ਦੀਆਂ 2, ਸਬਜ਼ੀਆਂ ਦੀਆਂ 9 ਅਤੇ ਸਜਾਵਟੀ ਬੂਟਿਆਂ ਦੀਆਂ 3) ਵਿਕਸਿਤ/ਸਿਫ਼ਾਰਿਸ਼ ਕੀਤੀਆਂ । ਜਿਨ੍ਹਾਂ ਵਿੱਚੋਂ 9 ਕਿਸਮਾਂ ਨੂੰ ਰਾਸ਼ਟਰੀ ਪੱਧਰ ਤੇ ਮਾਣਤਾ ਮਿਲੀ/ਜ਼ਾਰੀ ਕੀਤੀਆਂ ਗਈਆਂ ।

| | ਫ਼ਸਲਾਂ | ਕਿਸਮਾਂ |
|---|---|---|
| ਖੇਤ ਫ਼ਸਲਾਂ | ਕਣਕ | ਉੱਨਤ ਪੀ ਬੀ ਡਬਲਯੂ 343 (ਪੀ ਬੀ ਡਬਲਯੂ 723)* ਪੀ ਬੀ ਡਬਲਯੂ 1 ਜ਼ਿੰਕ ਐੱਨ* |
| | ਝੋਨਾ | ਪੀ ਆਰ 126, ਪੰਜਾਬ ਬਾਸਮਤੀ 4, ਪੰਜਾਬ ਬਾਸਮਤੀ 5 ਅਤੇ ਸੀ ਐਸ ਆਰ 30 |
| | ਨਰਮਾ | ਪੀਏਯੂ ਬੀ ਟੀ 1* |
| | ਮੂੰਗਬੀਨ | ਟੀ ਐਮ ਬੀ 37 |
| | | ਪੀਏਯੂ 881* |
| | ਜਵਾਹਰ | ਓ ਐੱਲ 1802* (ਓ ਐੱਲ 11) ਅਤੇ ਓ ਐੱਲ 1804* |
| | ਨੇਪੀਅਰ ਬਾਜਰਾ | ਪੀ ਬੀ ਐੱਨ 342* |
| ਫ਼ਲ | ਬੇਲ | ਕਾਗਜ਼ੀ |
| | ਅੰਗੂਰ | ਸੁਪੀਰੀਅਰ ਸੀਡਲੈੱਸ |
| ਸਬਜ਼ੀਆਂ | ਖਰਬੂਜ਼ਾ | ਐਮ ਐੱਚ-51 |
| | ਬੈਂਗਣ | ਪੀ ਬੀ ਐੱਚ-5*, ਪੀ ਬੀ ਐੱਚ ਆਰ-41* ਅਤੇ ਪੀ ਬੀ ਐੱਚ ਆਰ-42 |
| | ਟਮਾਟਰ | ਪੰਜਾਬ ਸੋਨਾ ਚੈਰੀ ਅਤੇ ਪੰਜਾਬ ਕੇਸਰ ਚੈਰੀ |
| | ਭਿੰਡੀ | ਪੰਜਾਬ ਸੁਹਾਵਣੀ |
| | ਕੱਦੂ | ਪੰਜਾਬ ਬਹਾਰ |
| | ਕਰੇਲਾ | ਪੰਜਾਬ ਝਾੜ ਕਰੇਲਾ-1 |
| ਸਜਾਵਟੀ ਬੂਟੇ | ਪੈਂਸੀ | ਪੰਜਾਬ ਸੁਨੈਣਾ ਅਤੇ ਪੰਜਾਬ ਨੀਲਮਾ |
| | ਗੇਂਦਾ | ਪੰਜਾਬ ਗੇਂਦਾ ਨੰਬਰ 1 |

* ਰਾਸ਼ਟਰੀ ਪੱਧਰ ਤੇ ਮਾਣਤਾ ਪ੍ਰਾਪਤ/ਜ਼ਾਰੀ ਕੀਤੀਆਂ ਗਈਆਂ

- ਪੀਏਯੂ ਬੀ ਟੀ-1, ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀ ਗਈ ਬੀ ਟੀ ਨਰਮੇ ਦੀ ਪਹਿਲੀ ਜਨਤਕ ਅਦਾਰੇ ਦੀ ਕਿਸਮ ਹੈ, ਜਿਸਨੂੰ ਸਾਲ 2017 ਵਿੱਚ ਰਾਸ਼ਟਰੀ ਪੱਧਰ ਤੇ ਜ਼ਾਰੀ ਕੀਤਾ ਗਿਆ ।
- ਉੱਨਤ ਪੀ ਬੀ ਡਬਲਯੂ 343 (ਪੀ ਬੀ ਡਬਲਯੂ 723), ਕਣਕ ਦੀ ਪਹਿਲੀ ਕਿਸਮ ਹੈ ਜਿਸਨੂੰ ਇਨ ਹਾਊਸ ਵਾਈਡ ਹਾਇਬ੍ਰਿਡਾਈਜ਼ੇਸ਼ਨ ਅਤੇ ਜੀਨ ਟੈਗਿੰਗ ਰਾਹੀਂ ਮਾਰਕਰ ਅਸਿਸਟਿਡ ਬੈਕ ਕਰਾਸ ਬਰੀਡਿੰਗ (ਐਮ ਏ ਬੀ ਬੀ) ਪਹੁੰਚ ਵਿਧੀ ਵਰਤਦਿਆਂ ਦੇਸ਼ ਭਰ ਵਿੱਚ ਜ਼ਾਰੀ ਕੀਤਾ ਗਿਆ ।
- ਦਾਨਿਆਂ ਦੀ ਮਿਕਦਾਰ ਵਧਾਉਣ ਲਈ ਕਿਉਟੀ ਐੱਲ ਨੂੰ ਮੋਲੀਕਿਊਲਰ ਮਾਰਕਰ ਤਕਨੀਕ ਰਾਹੀਂ ਓਰਾਈਜ਼ਾ ਲੋਂਗੀਸਟੈਮੀਨਾਟਾ ਤੋਂ ਬਾਸਮਤੀ ਦੀ ਕਿਸਮ ਪੰਜਾਬ ਬਾਸਮਤੀ 3 ਵਿੱਚ ਤਬਦੀਲ ਕੀਤਾ ਗਿਆ । ਮੱਕੀ ਵਿੱਚ ਤਣੇ ਦੀ ਮੱਖੀ ਪ੍ਰਤੀ ਰੋਧਿਕਤਾ ਲਈ ਕਿਉਟੀ ਐੱਲ ਨੂੰ ਕ੍ਰੋਮੋਜ਼ੋਮ 3, 9

ਅਤੇ 10 ਉੱਤੇ ਅੰਕਿਤ ਕੀਤਾ ਗਿਆ ਅਤੇ ਪੱਤਾ ਝੁਲਸ ਰੋਗ ਪ੍ਰਤੀਰੋਧਿਕਤਾ ਲਈ ਕ੍ਰੋਮੋਜ਼ੋਮ 3, 8 ਅਤੇ 9 ਉੱਤੇ ਅੰਕਿਤ ਕੀਤਾ ਗਿਆ ।

- ਫਾਈਟਪੈਥੋਰਾ ਪੈਰਾਸਿਟੀਕਾ ਪ੍ਰਤੀ ਸਹਿਨਸ਼ੀਲਤਾ ਰੱਖਣ ਵਾਲੇ ਰਫ਼ ਨਿੰਬੂ ਜਾਤੀ (ਕਿੰਨੋ ਰੂਟ ਸਟਾਕ) ਟ੍ਰਾਸਜੈਨਿਕਸ ਨੂੰ ਟ੍ਰਾਈਕੋਦਰਮਾ ਵੀਰਾਈਡ ਤੋਂ ਬੀਟਾ 1, 3 ਗਲੂਕੇਨੇਸ ਜੀਨ ਤਬਦੀਲ ਕਰਕੇ ਵਿਕਸਿਤ ਕੀਤਾ ਗਿਆ ।

## ਫ਼ਸਲ ਉਤਪਾਦਨ ਤਕਨੀਕਾਂ

- ਝੋਨੇ ਵਿੱਚ ਦਾਣਿਆਂ ਦਾ ਝਾੜ ਵਧਾਉਣ ਲਈ ਐਜ਼ੋਰਹੀਜ਼ੋਬੀਅਮ ਜੈਵਿਕ ਖਾਦ ਦੀ ਵਰਤੋਂ ਦੀ ਸਿਫ਼ਾਰਸ਼ ਕੀਤੀ ਗਈ ।
- ਬਾਸਮਤੀ ਝੋਨੇ ਲਈ ਪੱਤਾ ਰੰਗ ਚਾਰਟ ਦੀ ਵਰਤੋਂ ਨਾਲ ਲੋੜ ਮੁਤਾਬਕ ਐੱਨ ਸ਼ਡਿਊਲਿੰਗ ਦੀ ਸਿਫ਼ਾਰਸ਼ ਕੀਤੀ ਗਈ ।
- ਝੋਨੇ ਦੀ ਪਰਾਲੀ ਦਾ ਬਾਇਓਚਾਰ @5 ਟਨ/ਹੈਕਟੇਅਰ ਵਰਤਣ ਨਾਲ ਝੋਨੇ ਅਤੇ ਕਣਕ ਦੇ ਝਾੜ ਵਿੱਚ ਵਾਧਾ ਹੋਇਆ ਅਤੇ 40 ਕਿੱਲੋ ਐੱਨ ਦੀ ਵੀ ਬੱਚਤ ਹੋਈ ।
- ਆਲੂਬੁਖਾਰੇ ਦੀ ਕਿਸਮ ਸਤਲੁਜ ਪਰਪਲ ਦੇ ਫ਼ਲ ਦਾ ਝਾੜ ਅਤੇ ਗੁਣਵਤਾ ਵਧਾਉਣ ਲਈ ਪੋਟਾਸ਼ੀਅਮ ਨਾਈਟ੍ਰੇਟ @1% ਦੇ ਦੋ ਛਿੜਕਾਅ; ਪਹਿਲਾ ਪੂਰੇ ਖਿੜਣ ਤੋਂ ਦੋ ਹਫ਼ਤਿਆਂ ਬਾਅਦ ਅਤੇ ਦੂਸਰਾ ਇਸ ਤੋਂ 10 ਦਿਨ ਬਾਅਦ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ।
- ਹਲਦੀ ਵਿੱਚ ਤੁਪਕਾ ਸਿੰਚਾਈ ਕਰਨ ਨਾਲ ਜਿੱਥੇ 40 ਪ੍ਰਤੀਸ਼ਤ ਸਿੰਚਾਈ ਵਾਲੇ ਪਾਣੀ ਅਤੇ 20 ਪ੍ਰਤੀਸ਼ਤ ਪੌਸ਼ਟਿਕ ਤੱਤਾਂ ਦੀ ਬੱਚਤ ਹੋਈ ਉਥੇ 25 ਪ੍ਰਤੀਸ਼ਤ ਝਾੜ ਵਿੱਚ ਵੀ ਵਾਧਾ ਹੋਇਆ ।
- ਹਲਦੀ ਦੀ ਬਿਜਾਈ ਦੋ ਲਾਇਨਾਂ ਵਿੱਚ 67.5 ਸੈਂਟੀਮੀਟਰ ਚੌੜੇ ਬੈੱਡਾਂ (37.5 ਸੈ.ਮੀ. ਬੈੱਡ ਉੱਤੇ ਅਤੇ 30 ਸੈ.ਮੀ. ਵੱਟ ਉੱਤੇ) ਜਿਸਦੇ ਇਕ ਪੌਦੇ ਤੋਂ ਦੂਜੇ ਵਿਚਕਾਰਲੀ ਵਿੱਥ 18 ਸੈ.ਮੀ. ਤੇ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ।
- ਪੌਸ਼ਟਿਕਤਾ ਪ੍ਰਦਾਨ ਕਰਨ ਵਾਲੀ 1.25 ਕਨਾਲ ਜਾਂ 625$m^2$ (25 ਮੀ.x25ਮੀ) ਰਕਬੇ ਦੀ ਘਰੇਲੂ ਬਗੀਚੀ ਜਿਸ ਵਿੱਚ ਫ਼ਲਾਂ ਦੀਆਂ 21 ਕਿਸਮਾਂ ਦੇ ਵੱਖੋ-ਵੱਖ ਬੂਟੇ ਲਗਾਏ ਜਾ ਸਕਣ ਦੀ ਸਿਫ਼ਾਰਸ਼ ਕੀਤੀ ਗਈ ।
- ਭੂਮੀ ਪਰਖ ਰਿਪੋਰਟ ਨੂੰ ਕਿਸਾਨਾਂ ਤੱਕ ਸੌਖੀ ਤਰ੍ਹਾਂ ਪਹੁੰਚਾਉਣ ਲਈ ਇਸਦੀ ਆਨਲਾਈਨ <http://www.pausoil.in/> ਉਪਲੱਧਤਾ ਕਰਵਾਈ ਗਈ ।
- ਪਾਪਲਰ ਦੇ ਬੂਟਿਆਂ ਵਿੱਚ ਕਣਕ ਦੇ ਅੰਤਰ ਫ਼ਸਲੀਕਰਨ ਲਈ ਪੀ ਬੀ ਡਬਲਯੂ 725, ਪੀ ਬੀ ਡਬਲਯੂ 677 ਅਤੇ ਡਬਲਯੂ ਐੱਚ 1105 ਦੀ ਚੋਣ ਕੀਤੀ ਗਈ ।

## ਫ਼ਸਲ ਸੁਰੱਖਿਆ ਤਕਨੀਕਾਂ

- ਸਾਉਣੀ ਵਿੱਚ ਬੀਜੀ ਮੱਕੀ ਦੇ ਤਣੇ ਦੀ ਗੜੂੰਏ ਦੀ ਰੋਕਥਾਮ ਲਈ ਟ੍ਰਾਈਕੋਗਰਾਮਾ ਚਿਲੋਨਿਸ @1,00,000/ਹੈਕਟੇਅਰ ਦੇ ਦੋ ਛਿੜਕਾਅ; ਪਹਿਲਾ ਦਸ ਦਿਨਾਂ ਦੀ ਫ਼ਸਲ ਤੇ ਅਤੇ ਦੂਜਾ ਪਹਿਲੇ ਛਿੜਕਾਅ ਤੋਂ ਇੱਕ ਹਫ਼ਤੇ ਬਾਅਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਨਰਮੇ ਦੀ ਚਿੱਟੀ ਮੱਖੀ ਦੀ ਮੁੱਢਲੀ ਅਵਸਥਾ ਦੌਰਾਨ ਰੋਕਥਾਮ ਲਈ ਨਿੰਮ ਅਧਾਰਿਤ ਜੈਵਿਕ ਕੀਟਨਾਸ਼ਕ (ਨਿੰਮਬੈਸੀਡਾਈਨ ਅਤੇ ਅਚੁੱਕ @1.0 ਲਿਟਰ ਪ੍ਰਤੀ ਏਕੜ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਗਰੀਨ ਕਮਿਸਟ੍ਰੀ ਕੀਟਨਾਸ਼ਕ ਲਾਨੋ 10 ਈ ਸੀ (ਪਾਇਰੀਪ੍ਰੋਕਸੀਫਿਨ) ਅਤੇ ਉਲਾਲਾ 50 ਡਬਲਯੂ ਜੀ (ਫਲੋਨੀਕੈਮਿਡ) @80 ਗ੍ਰਾਮ/ਏਕੜ ਦੀ ਸਿਫ਼ਾਰਸ਼ ਕੀਤੀ ਗਈ । ਨਵੇਂ ਬਰਾਂਡ ਜਿਵੇਂ ਕਿ ਵੋਲਟੇਜ 22.9 ਐਸ ਸੀ (ਸਪਾਇਰੋਮੈਸੀਫਿਨ) @200 ਮਿ.ਲੀ/ਏਕੜ; ਰੂਬੀ, ਲੂਡੋ ਅਤੇ ਸ਼ੋਕੂ (ਡਾਇਆਫਿਨਥਿਊਰਾਨ 50 ਡਬਲਯੂ ਪੀ) @200 ਗ੍ਰਾਮ/ਏਕੜ ਅਤੇ ਗੋਲਡਮਿਟ 50 ਈ ਸੀ (ਈਥੀਓਨ) @800 ਮਿ.ਲੀ./ਏਕੜ ਦੀ ਸਿਫ਼ਾਰਸ਼ ਵੀ ਚਿੱਟੀ ਮੱਖੀ ਦੀ ਰੋਕਥਾਮ ਕਰਨ ਲਈ ਕੀਤੀ ਗਈ ।
- ਨਰਮੇ ਵਿੱਚ ਹਰੇ ਤੇਲੇ ਦੀ ਰੋਕਥਾਮ ਲਈ ਨਵੇਂ ਕੀਟਨਾਸ਼ਕ ਜਿਵੇਂ ਕਿ ਓਸ਼ੀਨ 20 ਐਸ ਸੀ (ਡਾਇਨੋਟੀਫਿਊਰਾਨ) @60 ਗ੍ਰਾਮ/ਏਕੜ (ਐਡਹਾਕ) ਅਤੇ ਆਈਸੋਗਾਸ਼ੀ 17.8 ਐਸ ਐੱਲ (ਇਮਿਡਾਕਲੋਕਪਰਿਡ) ਦੀ ਸਿਫ਼ਾਰਸ਼ ਕਤਿ ਗਈ ।
- ਸੂਰਜਮੁਖੀ ਵਿੱਚ ਫਫੂੰਦੀ ਦੀ ਰੋਕਥਾਮ ਲਈ ਬੀਜਾਂ ਨੂੰ ਮੈਟਾਲੈਕਸਿਲ 35 ਪ੍ਰਤੀਸ਼ਤ ਡਬਲਯੂ ਐੱਸ @6 ਗ੍ਰਾਮ ਪ੍ਰਤੀ ਕਿੱਲੋ ਬੀਜ ਨਾਲ ਸੋਧਣ ਦੀ ਸਿਫ਼ਾਰਸ਼ ਕੀਤੀ ਗਈ ।
- ਮੱਕਚਰ੍ਹੀ ਵਿੱਚ ਤਣੇ ਦੇ ਗੜੂੰਏ ਦੀ ਰੋਕਥਾਮ ਲਈ ਕੋਰਾਜਿਨ 18.5 ਐਸ ਸੀ (ਕਲੋਰਨ-ਟਰੈਨੀਲੀਪਰੋਲ) ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਬਾਸਮਤੀ ਝੋਨੇ ਵਿੱਚ ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਦੀ ਰੋਕਥਾਮ ਲਈ ਕਟਸੂ 4% ਜੀ ਆਰ (ਕਾਰਟੈਪ ਹਾਈਡ੍ਰੋਕਲੋਰਾਈਡ) ਜਾਂ ਸ਼ਾਈਨਜ਼ਿਨ 0.3% ਜੀ ਆਰ (ਫਿਪਰੋਨਿਲ) ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਸਿੱਧੇ ਬੀਜੇ ਝੋਨੇ ਵਿੱਚ ਚੌੜੇ ਪੱਤਿਆਂ ਵਾਲੇ ਨਦੀਨਾਂ ਅਤੇ ਘਾਹ ਬੂਟੀ ਦੀ ਰੋਕਥਾਮ ਲਈ ਅਲਮਿਕਸ 20 ਡਬਲਯੂ ਪੀ (ਮੈਟਸੁਲਫਰੋਨ ਮਿਥਾਇਲ+ਕਲੋਰੀਮਿਊਰੋਨ ਇਥਾਈਲ) ਨੂੰ 20 ਗ੍ਰਾਮ/ਹੈਕਟੇਅਰ ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।

## ਫੂਡ ਸਾਇੰਸ ਤਕਨਾਲੋਜੀ ਅਤੇ ਪ੍ਰੋਸੈਸਿੰਗ

- ਬੇਬੀ ਕਾਰਨ ਦੀ ਪ੍ਰੋਸੈਸਿੰਗ ਦੌਰਾਨ ਗੌਣ ਉਪਜ ਤੋਂ ਕੁਦਰਤੀ ਤੌਰ ਤੇ ਖਮੀਰ ਕੀਤਾ ਬੇਬੀ ਕਾਰਨ ਦਾ ਅਚਾਰ ਬਨਾਉਣ ਦੀ ਤਕਨੀਕ ਵਿਕਸਿਤ ਕੀਤੀ ।
- ਕਿੰਨੋ, ਅਮਰੂਦ ਅਤੇ ਅੰਗੂਰ ਦੇ ਰਸ ਦੀ ਰਹਿੰਦ-ਖੂੰਹਦ ਦੇ ਵੱਖੋ-ਵੱਖ ਮਿਸ਼ਰਣਾਂ ਤੋਂ ਫਰੂਟ ਬਾਰਜ਼ ਤਿਆਰ ਕਰਨ ਦੀ ਤਕਨੀਕ ਦਾ ਮਿਆਰੀਕਰਨ ਕੀਤਾ ਗਿਆ ।

- ਪੌਸ਼ਟਿਕ ਤੱਤਾਂ ਦੇ ਅਧਾਰ ਤੇ ਗੰਨੇ ਦਾ ਰਸ, ਕਿੰਨੋ, ਐਨੋਲਾ, ਨਿੰਬੂ ਅਤੇ ਅਧਰਕ ਦੇ ਜੂਸ ਨੂੰ ਗੰਨੇ ਦੇ ਰਸ ਦੇ ਕਾਰਬੋਨੇਟਿਡ ਅਤੇ ਨਾਨ-ਕਾਰਬੋਨੇਟਿਡ ਪੇਅ ਪਦਾਰਥ ਤਿਆਰ ਕਰਨ ਲਈ ਸਭ ਤੋਂ ਉੱਤਮ ਸਰੋਤ ਮੰਨਿਆ ਗਿਆ ।
- ਫ਼ਲਾਂ ਅਤੇ ਸਬਜ਼ੀਆਂ ਤੋਂ ਵੱਖੋ-ਵੱਖ ਤਰ੍ਹਾਂ ਦੇ ਜੂਸਾਂ ਦੇ ਮਿਸ਼ਰਣ ਤਿਆਰ ਕੀਤੇ ਗਏ ਅਤੇ ਉਨ੍ਹਾਂ ਦਾ ਪੰਜਾਬ ਐਗਰੋ ਜੂਸਿਸ, ਹੁਸ਼ਿਆਰਪੁਰ ਲਈ ਮਿਆਰੀਕਰਨ ਕੀਤਾ ਗਿਆ ।
- ਕੁਇਨੋਆ (ਚੈਨੋਪੋਡੀਅਮ ਕੁਇਨੋਆ) ਤੋਂ ਗਲੂਟਿਨ ਮੁਕਤ ਪੰਜ ਬੇਕਰੀ ਉਤਪਾਦ ਤਿਆਰ ਕੀਤੇ ਗਏ, ਜਿਨ੍ਹਾਂ ਵਿੱਚ ਕੁਇਨੋਆ ਆਟੇ ਦੀ ਮਾਤਰਾ 5, 10 ਅਤੇ 15 ਪ੍ਰਤੀਸ਼ਤ ਰੱਖੀ ਗਈ ਅਤੇ ਇਸ ਨਾਲ ਚੌਲ ਅਤੇ ਜਵੀਂ ਦੇ ਆਟੇ ਨੂੰ ਵੀ ਰਲਾਇਆ ਗਿਆ ।
- ਕਲੈਵੀਸਪੋਰਾ ਲੂਸੀਟੇਨ ਖਮੀਰ ਰਾਹੀਂ ਨਿੰਬੂ ਜਾਤੀ ਦੇ ਜੂਸ ਨੂੰ ਕੁੜੱਤਣ ਰਹਿਤ ਕਰਨ ਦੀ ਤਕਨੀਕ ਦਾ ਮਿਆਰੀ ਕਰਨ ਕੀਤਾ ਗਿਆ ਜਿਸ ਨਾਲ 18.4 ਪ੍ਰਤੀਸ਼ਤ ਲਿਮੋਨਿਨ ਅਤੇ 38.96 ਪ੍ਰਤੀਸ਼ਤ ਨਾਰਿਨਜਿਨ ਨੂੰ ਘਟਾਇਆ ਗਿਆ ।
- ਗਰੇਪ ਫਰੂਟ ਦੀ ਕਿਸਮ ਸਟਾਰ ਰੂਬੀ ਦੀ ਵਰਤੋਂ ਯੋਗ ਮਿਆਦ ਵਿੱਚ 14 ਦਿਨਾਂ ਤੱਕ ਵਾਧਾ ਕੀਤਾ ਜਾ ਸਕਦਾ ਹੈ ਜੇਕਰ ਉਸਦੇ ਫ਼ਲਾਂ ਨੂੰ ਸਿਟਰਾਸ਼ਾਈਨ ਮੋਮ ਲਗਾਕੇ ਸੰਭਾਲਿਆ ਗਿਆ ਹੋਵੇ ।
- ਪਲੁਰੋਟਸ ਫਲੋਰੀਡਾ ਖੁੰਬ ਸੂਪ ਪਾਊਡਰ ਨੂੰ ਤਿਆਰ ਕੀਤਾ ਗਿਆ ਜਿਸਨੂੰ ਛੇ ਮਹੀਨਿਆਂ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ ।

## ਮਧੂ ਮੱਖੀ ਪਾਲਣ ਅਤੇ ਖੁੰਬ ਉਤਪਾਦਨ

- ਮਧੂ ਮੱਖੀ ਪਾਲਣ ਵਿੱਚ ਬਰਾਸਿਕਾ ਕੈਰੀਨੇਟਾ ਦੀ ਪਰ-ਪਰਾਗਣ ਕ੍ਰਿਆ ਦੇ ਅਧਿਐਨ ਤੋਂ ਪਤਾ ਚਲਿਆ ਕਿ ਐਪਿਸ ਮੈਲੀਫੇਰਾ ਦੇ ਪਰ-ਪਰਾਗਣ ਨਾਲ ਬੀਜ ਦੇ ਝਾੜ ਵਿੱਚ ਵਾਧਾ ਹੁੰਦਾ ਹੈ ਅਤੇ ਸ਼ਹਿਦ ਉਤਪਾਦਨ ਵੀ ਵੱਧਦਾ ਹੈ ।
- ਖੁੰਬ ਉਤਪਾਦਨ ਵਿੱਚ ਅਗੈਰੀਕਸ ਬਾਇਸਪੋਰਸ ਦੀ ਕਾਸ਼ਤ ਲਈ ਕਣਕ ਦੀ ਨਾੜ ਅਤੇ ਪੋਲਟਰੀ ਦੀ ਖਾਦ ਰਲਾ ਕੇ ਕੰਪੋਸਟ ਤਿਆਰ ਕਰਨ ਦਾ ਸੌਖਾ ਢੰਗ ਹੈ ।

## ਖੇਤ ਮਸ਼ੀਨਰੀ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਖੇਤ ਇੰਜੀਨੀਅਰਾਂ ਨੇ ਕਈ ਮਸ਼ੀਨਾਂ ਨਵਿਆਈਆਂ ਅਤੇ ਵਿਕਸਿਤ ਕੀਤੀਆਂ ।

- ਪੀਏਯੂ ਸੁਪਰ ਸਟ੍ਰਾਅ ਮੈਨਜਮੈਂਟ ਸਿਸਟਮ (ਐਸ ਐਮ ਐਸ) ਵਿਕਸਿਤ ਕੀਤਾ ਗਿਆ । ਇਸਨੂੰ ਕੰਬਾਇਨ ਹਾਰਵੈਸਟਰ ਨਾਲ ਜੋੜਿਆ ਜਾਂਦਾ ਹੈ ਤਾਂ ਜੋ ਪਰਾਲੀ ਦੀ ਕਟਾਈ ਹੋਣ ਉਪਰੰਤ ਉਸਨੂੰ ਇਕਸਾਰ ਵਿਛਾਇਆ ਜਾ ਸਕੇ ਇਸ ਤਰ੍ਹਾਂ ਕਣਕ ਦੀ ਬਿਜਾਈ ਕਰਨ ਲਈ ਹੈਪੀ ਸੀਡਰ ਦੀ ਸਮਰਥਾ ਵਿੱਚ ਵਾਧਾ ਹੁੰਦਾ ਹੈ ।
- ਪਰਾਲੀ ਦੀ ਰਹਿੰਦ-ਖੂੰਹਦ ਦਾ ਕੁਤਰਾ ਕਰਨ ਅਤੇ ਉਸਨੂੰ ਖੇਤਾਂ ਵਿੱਚ ਇਕਸਾਰ ਵਿਛਾਉਣ ਲਈ 'ਪੀਏਯੂ ਸਟ੍ਰਾਅ ਕਟਰ-ਕਮ-ਸਪਰੈਡਰ' ਦੀ ਸਿਫ਼ਾਰਸ਼ ਕੀਤੀ ਗਈ ਤਾਂ ਜੋ ਕਣਕ ਬੀਜਣ ਲਈ ਪੀਏਯੂ ਹੈਪੀ ਸੀਡਰ ਦੀ ਸਮਰਥਾ ਵਧਾਈ ਜਾ ਸਕੇ ।
- ਨਰਮੇ ਦੀ ਫ਼ਸਲ ਉੱਤੇ ਅਸਰਦਾਇਕ ਛਿੜਕਾਅ ਕਰਨ ਲਈ ਟਰੈਕਟਰ ਨਾਲ ਚੱਲਣ ਵਾਲੇ ਆਟੋ ਰੋਟੇਟ ਗੰਨ ਨੁਮਾ ਸਪਰੇਅਰ ਅਤੇ ਪੀਏਯੂ ਬਹੁਮੰਤਵੀ ਵੱਧ ਕਲੀਅਰੈਂਸ ਸਪਰੇਅਰ ਦੀ ਸਿਫ਼ਾਰਿਸ਼ ਕੀਤੀ ਗਈ ।
- ਕਿਆਰਿਆਂ ਅਤੇ ਧਰਾਤਲ ਦੇ ਲਸਣ ਦੀਆਂ ਗੰਢਾਂ ਬੀਜਣ ਲਈ ਟਰੈਕਟਰ ਨਾਲ ਚੱਲਣ ਵਾਲਾ ਛੇ ਕਤਾਰੀ ਪਲਾਂਟਰ ਵਿਕਸਿਤ ਕੀਤਾ ਗਿਆ ।
- ਘਰੇਲੂ ਵਰਤੋਂ ਲਈ ਭੋਜਨ ਪਕਾਉਣ ਅਤੇ ਸਬਜ਼ੀਆਂ ਸੁਕਾਉਣ ਵਾਸਤੇ ਸੂਰਜੀ ਊਰਜਾ ਨਾਲ ਚਲਣ ਵਾਲਾ ਕੁੱਕਰ-ਕਮ-ਡਰਾਇਰ ਡਿਜ਼ਾਇਨ ਕੀਤਾ ਗਿਆ ।
- ਛੱਤ ਤੇ ਲਗਾਈ ਘਰੇਲੂ ਬਗੀਚੀ ਵਿੱਚ ਪੱਤੇਦਾਰ ਸਬਜ਼ੀਆਂ ਉਗਾਉਣ ਲਈ 56 ਪੌਦਿਆਂ ਦੀ ਸਮਰਥਾ ਵਾਲੀ ਸੋਧੀ ਹੋਈ ਪੌਸ਼ਟਿਕ ਫਿਲਮ ਤਕਨੀਕ ਡਿਜ਼ਾਇਨ ਅਤੇ ਵਿਕਸਿਤ ਕੀਤੀ ਗਈ ।
- ਝੋਨੇ ਦੀ ਪਰਾਲੀ ਦੇ ਬੇਲ ਕੰਬਸਟਰ ਦਾ ਪ੍ਰੋਟੋਟਾਈਪ ਡਿਜ਼ਾਈਨ, ਜਿਸ ਨਾਲ ਪਾਇਲਟ ਤੇਲ ਇੰਜਕਸ਼ਨ ਸਿਸਟਮ ਅਤੇ ਗਰੇਟ ਸ਼ੇਕਰ ਲੱਗਾ ਹੋਇਆ ਹੈ, ਵਿਕਸਿਤ ਕੀਤਾ ਗਿਆ ।
- ਸਬਮਰਸੀਬਰ ਪੰਪ ਸੈੱਟ ਅਤੇ ਉਸ ਦਾ ਸਾਜੋ ਸਮਾਨ ਜਿਵੇਂ ਕਿ ਪੰਪ ਹਾਰਸ ਪਾਵਰ, ਪੀ ਵੀ ਸੀ ਪਾਈਪ ਡਾਇਆਮੀਟਰ, ਵਾਇਰ ਡਾਇਆਮੀਟਰ (ਤਾਰ ਦੀ ਗੋਲਾਈ) ਅਤੇ ਤਾਰ ਦੀ ਲੰਬਾਈ ਆਦਿ ਦੀ ਉਚਿਤ ਚੋਣ ਕਰਨ ਲਈ ਨਵਿਆਇਆ ਹੋਇਆ ਡਸੀਜ਼ਨ ਸਪਰੋਟ ਸਿਸਟਮ ਵਿਕਸਿਤ ਕੀਤਾ ।

## ਐਗਰੋ ਪ੍ਰੋਸੈਸਿੰਗ

- ਪ੍ਰੋਸੈਸਿੰਗ ਅਤੇ ਭੋਜਨ ਇੰਜਨੀਅਰਿੰਗ ਵਿਭਾਗ ਦੀ ਤਕਨੀਕੀ ਅਗਵਾਈ ਨਾਲ ਪੰਜਾਬ ਦੇ ਵੱਖੋ-ਵੱਖ ਜ਼ਿਲ੍ਹਿਆਂ ਵਿੱਚ ਸੱਤ ਐਗਰੋ-ਪ੍ਰੋਸੈਸਿੰਗ ਕੰਪਲੈਕਸ ਬਣਾਏ ਗਏ । ਲਗਭਗ 200 ਕਿਸਾਨਾਂ ਨੂੰ ਐਗਰੋ-ਪ੍ਰੋਸੈਸਿੰਗ ਕੰਪਲੈਕਸਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸਥਾਪਿਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ ।
- ਪਿਆਜ਼ਾਂ ਦੀ ਸਾਂਭ-ਸੰਭਾਲ ਲਈ ਕੁਦਰਤਨ ਹਵਾਦਾਰ ਢਾਂਚਾ ਡਿਜ਼ਾਈਨ ਕੀਤਾ ਗਿਆ ਅਤੇ ਉਸਦਾ ਮੁਲਾਂਕਣ ਕੀਤਾ ਗਿਆ।
- ਸਾਉਣੀ ਦੇ ਪਿਆਜ਼ਾਂ ਦੇ ਇਲਾਜ ਲਈ ਸੂਰਜੀ ਊਰਜਾ ਨਾਲ ਚੱਲਣ ਵਾਲਾ ਸਿਸਟਮ ਤਿਆਰ ਕੀਤਾ ਗਿਆ ।
- ਆਂਵਲਾ, ਕਰੇਲਾ ਅਤੇ ਹਰੜ ਆਦਿ ਸੁਕਾਉਣ ਲਈ ਉੱਨਤੀ ਪ੍ਰੋਸੈਸਿੰਗ-ਕਮ-ਮਾਰਕੀਟਿੰਗ ਕੋਆਪ੍ਰੇਟਿਵ ਸੋਸਾਇਟੀ ਵਿਖੇ ਸੂਰਜੀ ਊਰਜਾ ਨਾਲ ਚੱਲਣ ਵਾਲਾ ਸੁਕਾਵਾ ਲਗਾਇਆ ਗਿਆ।

## ਬੀਜ ਅਤੇ ਨਰਸਰੀ ਉਤਪਾਦਨ

- ਯੂਨੀਵਰਸਿਟੀ ਨੇ ਖੇਤ ਫ਼ਸਲਾਂ ਦਾ 59629 ਕੁਇੰਟਲ ਬੀਜ (ਬਰੀਡਰ, ਫਾਊਂਡੇਸ਼ਨ, ਪ੍ਰਮਾਣਿਤ ਅਤੇ ਸਹੀ ਤੌਰ ਤੇ ਲੇਬਲ ਕੀਤਾ) ਅਤੇ ਸਬਜ਼ੀਆਂ ਦੀਆਂ ਫ਼ਸਲਾਂ ਦਾ 7409 ਕੁਇੰਟਲ ਬੀਜ ਪੈਦਾ ਕੀਤਾ ।
- ਯੂਨੀਵਰਸਿਟੀ ਨੇ ਕਿਸਾਨਾਂ ਨੂੰ ਵੰਡਣ ਲਈ ਕਿੰਨੋ, ਅਮਰੂਦ, ਨਾਸ਼ਪਤੀ ਅਤੇ ਆਲੂ ਬੁਖਾਰੇ ਦੇ 3.61 ਲੱਖ ਨਰਸਰੀ ਬੂਟੇ ਤਿਆਰ ਕੀਤੇ ।
- ਯੂਨੀਵਰਸਿਟੀ ਨੇ ਸਾਲ 2016-17 ਦੌਰਾਨ ਕਿਸਾਨਾਂ ਨੂੰ ਵੰਡਣ ਲਈ ਤਰ੍ਹਾਂ-ਤਰ੍ਹਾਂ ਦੇ ਰੁੱਖ ਜਿਵੇਂ ਕਿ ਪੋਪਲਰ, ਸਫ਼ੈਦਾ, ਟਾਹਲੀ ਅਤੇ ਡੇਕ ਆਦਿ ਦੇ ਲਗਭਗ 1.30 ਲੱਖ ਬੂਟੇ ਤਿਆਰ ਕੀਤੇ ।

## ਕਲਾਥਿੰਗ ਅਤੇ ਟੈਕਸਟਾਇਲਜ਼

- ਲੋੜੀਂਦੇ ਤੇਲ ਜਿਵੇਂ ਕਿ ਸਿਟਰੋਨੀਲਾ, ਸਫ਼ੈਦਾ ਅਤੇ ਰੋਜ਼ਮਰੀ, ਜਿਨ੍ਹਾਂ ਵਿੱਚ ਮੱਛਰ ਭਜਾਉਣ ਦੇ ਗੁਣ ਹਨ, ਨੂੰ ਸੂਤੀ ਕੱਪੜੇ ਫਿਨਿਸ਼ ਕਰਨ ਲਈ ਵਰਤਿਆ ਗਿਆ ।
- ਧਾਗਾ ਬਨਾਉਣ ਲਈ ਸੂਤ ਦੀ ਰਹਿੰਦ-ਖੂੰਹਦ ਅਤੇ ਸੰਨ ਦੇ ਰੇਸ਼ੇ ਨੂੰ ਤਿੰਨ ਅਨੁਪਾਤਾਂ (65:35,50:50 ਅਤੇ 35:65) ਵਿੱਚ ਇਕੱਠਾ ਕੀਤਾ ਗਿਆ ।

## ਤਕਨਾਲੋਜੀ ਦਾ ਵਪਾਰੀਕਰਨ

ਯੂਨੀਵਰਸਿਟੀ ਨੇ ਕਈ ਤਕਨੀਕਾਂ ਦਾ ਵਪਾਰੀਕਰਨ ਕੀਤਾ ਜਿਨ੍ਹਾਂ ਵਿੱਚ ਮਿਰਚ ਦੀ ਹਾਈਬ੍ਰਿਡ ਕਿਸਮ ਸੀ ਐਚ-27, ਬੈਂਗਣ ਦੀ ਹਾਈਬ੍ਰਿਡ ਕਿਸਮ ਪੀ ਬੀ ਐਚ ਆਰ-42, ਕੱਦੂ ਦੀ ਹਾਈਬ੍ਰਿਡ ਕਿਸਮ ਪੀ ਪੀ ਐਚ-1 ਅਤੇ ਪੀ ਪੀ ਐਚ-2 ਦਾ ਉਤਪਾਦਨ, ਲੱਕੀ ਸੀਡ ਡਰਿੱਲ ਡਿਜ਼ਾਇਨ ਦੀ ਲਾਇਸੈਂਸਿੰਗ, ਕੰਸੋਰਸ਼ੀਅਮ ਜੈਵਿਕ ਖਾਦ, ਗੰਨੇ ਦੇ ਰਸ ਨੂੰ ਬੋਤਲ ਬੰਦ ਕਰਨਾ, ਖੁੰਬਾਂ ਦੀ ਪ੍ਰੋਸੈਸਿੰਗ ਅਤੇ ਗੁਣਵੱਤਾ ਵਧਾਉਣ ਲਈ ਇਸ ਦੀ ਵਰਤੋਂ ਅਤੇ ਚਟਨੀ ਆਦਿ ਬਨਾਉਣਾ ਮੁੱਖ ਹਨ ।

## ਸਿੱਖਿਆ

ਸਾਲ 2016-17 ਦੌਰਾਨ ਯੂਨੀਵਰਸਿਟੀ ਨੇ 10 ਅੰਡਰਗਰੈਜੂਏਟ ਪ੍ਰੋਗਰਾਮਾਂ, 44 ਮਾਸਟਰ'ਜ਼ ਪ੍ਰੋਗਰਾਮਾਂ, 29 ਡਾਕਟਰੇਟ ਪ੍ਰੋਗਰਾਮਾਂ ਅਤੇ ਦੋ ਡਿਪਲੋਮਾ ਕੋਰਸਾਂ ਵਿੱਚ ਸਿੱਖਿਆ ਮੁਹਈਆ ਕੀਤੀ । ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿੱਚ ਅਕਾਦਮਿਕ ਸੈਸ਼ਨ 2016-17 ਦੌਰਾਨ 3497 ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਗਿਆ । ਯੂਨੀਵਰਸਿਟੀ ਦੇ ਵੱਖੋ-ਵੱਖ ਅਕਾਦਮਿਕ ਪ੍ਰੋਗਰਾਮਾਂ ਵਿੱਚ ਅਫਗਾਨਿਸਤਾਨ, ਭੂਟਾਨ, ਇਰਾਨ, ਮਾਲਦੀਪ, ਨੇਪਾਲ ਅਤੇ ਯੂਗਾਂਡਾ ਤੋਂ 24 ਵਿਦੇਸ਼ੀ ਵਿਦਿਆਰਥੀਆਂ ਨੇ ਵੀ ਦਾਖਲਾ ਲਿਆ। ਵੱਖੋ-ਵੱਖ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖਲਾ ਪ੍ਰਵੇਸ਼ ਪ੍ਰੀਖਿਆਵਾਂ ਰਾਹੀਂ ਕੀਤਾ ਗਿਆ ।

- ਵੱਖੋ ਵੱਖ ਪ੍ਰੋਗਰਾਮਾਂ ਵਿੱਚ ਸਿੱਖਿਆ ਹਾਸਲ ਕਰ ਰਹੇ ਲਗਭਗ 1000 ਵਿਦਿਆਰਥੀਆਂ ਨੂੰ ਵਜ਼ੀਫੇ ਅਤੇ ਵਿਤੀ ਸਹਾਇਤਾ ਪ੍ਰਦਾਨ ਕੀਤੀ ਗਈ ।
- ਪੀਏਯੂ ਦੇ ਇਕ ਵਿਦਿਆਰਥੀ ਨੂੰ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਤੋਂ ਜਵਾਹਰ ਲਾਲ ਨਹਿਰੂ ਸਰਵੋਤਮ ਥੀਸਿਸ ਪੁਰਸਕਾਰ ਹਾਸਲ ਹੋਇਆ । ਇਸ ਤੋਂ ਇਲਾਵਾ 19 ਵਿਦਿਆਰਥੀਆਂ ਨੂੰ ਆਈ ਸੀ ਏ ਆਰ ਨੈਸ਼ਨਲ ਟੇਲੈਂਟ ਸਕਾਲਰਸ਼ਿਪ, 16 ਵਿਦਿਆਰਥੀਆਂ ਨੂੰ ਆਈ ਸੀ ਏ ਆਰ (ਐੱਸ ਆਰ ਐਫ), ਇੱਕ ਵਿਦਿਆਰਥੀ ਨੂੰ ਸੀ ਐਸ ਆਈ ਆਰ (ਐੱਸ ਆਰ ਐਫ), 22 ਵਿਦਿਆਰਥੀਆਂ ਨੂੰ ਆਈ ਸੀ ਏ ਆਰ (ਜੇ ਆਰ ਐਫ), ਅਤੇ 7 ਵਿਦਿਆਰਥੀਆਂ ਨੂੰ ਯੂ ਜੀ ਸੀ (ਜੇ ਆਰ ਐਫ) ਹਾਸਲ ਹੋਏ । ਆਈ ਸੀ ਏ ਆਰ (ਨੈੱਟ) ਪ੍ਰੀਖਿਆ ਨੂੰ ਖੇਤੀਬਾੜੀ ਕਾਲਜ, ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ ਅਤੇ ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ ਦੇ ਕ੍ਰਮਵਾਰ 13, 11 ਅਤੇ 1 ਵਿਦਿਆਰਥੀ ਨੇ ਪਾਸ ਕੀਤਾ । ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ ਦੇ 6 ਵਿਦਿਆਰਥੀਆਂ ਅਤੇ ਹੋਮ ਸਾਇੰਸਜ਼ ਕਾਲਜ ਦੀਆਂ 3 ਵਿਦਿਆਰਥਣਾਂ ਨੇ ਏ ਆਰ ਐੱਸ (ਨੈੱਟ) ਪ੍ਰੀਖਿਆ ਪਾਸ ਕੀਤੀ । 82 ਵਿਦਿਆਰਥੀਆਂ ਨੇ ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ, 12 ਵਿਦਿਆਰਥੀਆਂ ਨੇ ਮੌਲਾਨਾ ਅਜ਼ਾਦ ਯੂ ਜੀ ਸੀ ਫੈਲੋਸ਼ਿਪ, 13 ਵਿਦਿਆਰਥੀਆਂ ਨੇ ਸਾਇੰਸ ਅਤੇ ਤਕਨਾਲੋਜੀ ਵਿਭਾਗ ਤੋਂ ਇੰਸਪਾਇਰ ਫੈਲੋਸ਼ਿਪ ਅਤੇ 9 ਵਿਦਿਆਰਥੀਆਂ ਨੇ ਯੂ ਜੀ ਸੀ ਤੋਂ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ ਹਾਸਲ ਕੀਤੀ । ਵਿਦਿਆਰਥੀਆਂ ਨੇ ਕਈ ਅੰਤਰਰਾਸ਼ਟਰੀ ਕਾਨਫਰੰਸ ਅਤੇ ਸਿਖਲਾਈ ਪ੍ਰੋਗਰਾਮਾਂ ਵਿੱਚ ਵੀ ਹਿੱਸਾ ਲਿਆ ।
- ਖੇਡਾਂ ਦੇ ਖੇਤਰ ਵਿੱਚ ਪੀਏਯੂ ਨੂੰ 25-29 ਮਾਰਚ 2012 ਨੂੰ ਸੀ ਸੀ ਐਸ, ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ ਵੱਲੋਂ ਆਯੋਜਿਤ 17ਵੀਂ ਸਰਵ ਭਾਰਤੀ ਅੰਤਰ ਐਗਰੀਕਲਚਰਲ ਯੂਨੀਵਰਸਿਟੀਜ਼ ਸਪੋਰਟਸ ਐਂਡ ਗੇਮਜ ਮੀਟ ਮੌਕੇ ਟੀਮ ਗੇਮਜ਼ (ਲੜਕਿਆਂ) ਵਿੱਚ ਓਵਰਆਲ ਚੈਂਪੀਅਨ ਐਲਾਨਿਆ ਗਿਆ । ਯੂਨੀਵਰਸਿਟੀ ਟੀਮ ਨੇ ਟੀਮ ਗੇਮਜ਼ (ਲੜਕੇ ਅਤੇ ਲੜਕੀਆਂ) ਵਿੱਚ 2 ਸੋਨ ਤਗਮੇ ਅਤੇ 3 ਚਾਂਦੀ ਦੇ ਤਗਮੇ ਜਿੱਤੇ । ਇਸ ਤੋਂ ਇਲਾਵਾ ਸੈਸ਼ਨ 2015-16 ਦੌਰਾਨ ਸਪੋਰਟਸ, ਗੇਮਜ਼, ਸਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਪੀਏਯੂ ਦੇ ਸਰਵੋਤਮ ਖਿਡਾਰੀਆਂ/ਕਲਾਕਾਰਾਂ ਨੂੰ 37 ਮੈਰਿਟ ਸਰਟੀਫਿਕੇਟ, 13 ਯੂਨੀਵਰਸਿਟੀ ਕਲਰ ਅਤੇ 2 ਰੋਲ ਆਫ਼ ਆਨਰ ਪ੍ਰਦਾਨ ਕੀਤੇ ਗਏ ।
- ਸਭਿਆਚਾਰਕ ਗਤੀਵਿਧੀਆਂ ਵਿੱਚ ਪੀਏਯੂ ਨੇ 22-25 ਫਰਵਰੀ 2017 ਦੌਰਾਨ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ ਰਾਜਸਥਾਨ ਯੂਨੀਵਰਸਿਟੀ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼, ਬੀਕਾਨੇਰ, ਰਾਜਸਥਾਨ ਵਿਖੇ ਆਯੋਜਿਤ 17ਵੇਂ ਸਰਵ ਭਾਰਤੀ ਅੰਤਰ ਐਗਰੀਕਲਚਰਲ ਯੂਨੀਵਰਸਿਟੀਜ਼ ਯੁਵਕ ਮੇਲੇ ਮੌਕੇ ਓਵਰਆਲ ਟਰਾਫ਼ੀ ਜਿੱਤੀ। ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲਿਆਂ ਵਿੱਚ ਸੋਨ

ਤਗਮਾ, ਐਲੋਕਿਊਸ਼ਨ ਅਤੇ ਇਕਾਂਗੀ ਮੁਕਾਬਲਿਆਂ ਵਿੱਚ ਚਾਂਦੀ ਦੇ ਤਮਗੇ, ਗੁਰੱਪ ਮਾਈਮ, ਰੰਗੋਲੀ ਅਤੇ ਕੋਲਾਜ ਵਿੱਚ ਕਾਂਸੇ ਦੇ ਤਗਮੇ ਅਤੇ ਦੇਸ਼ਭਗਤੀ ਦੇ ਗਰੁੱਪ ਗੀਤ ਅਤੇ ਸਪਾਟ ਪੇਂਟਿੰਗ ਮੁਕਾਬਲਿਆਂ ਵਿੱਚ ਚੌਥਾ ਸਥਾਨ ਗ੍ਰਹਿਣ ਕੀਤਾ । ਪੀਏਯੂ ਦੇ ਵਿਦਿਆਰਥੀਆਂ ਨੇ 2-6 ਜਨਵਰੀ 2017 ਦੌਰਾਨ ਛਤਰਪਤੀ ਸ਼ਾਹੂ ਜੀ ਮਹਾਰਾਜ ਯੂਨੀਵਰਸਿਟੀ ਕਾਨਪੁਰ ਵੱਲੋਂ ਆਯੋਜਿਤ 32ਵੇਂ ਅੰਤਰ-ਵਰਸਿਟੀ ਉੱਤਰੀ ਜ਼ੋਨ ਯੁਵਕ ਮੇਲੇ 2016-17 ਦੌਰਾਨ ਸੱਭਿਆਚਾਰਕ ਝਾਕੀ ਵਿੱਚ ਚਾਂਦੀ ਦਾ ਤਗਮਾ ਅਤੇ ਸਕਿੱਟ, ਕਾਰਟੂਨਿੰਗ ਅਤੇ ਲਾਈਟ ਵੋਕਲ ਸੋਲੋ ਵਿੱਚ ਕਾਂਸੇ ਦੇ ਤਗਮੇ ਜਿੱਤੇ ।

## ਪਸਾਰ

ਯੂਨੀਵਰਸਿਟੀ ਨੇ ਵੱਖੋ-ਵੱਖ ਪਸਾਰ ਸਾਧਨਾਂ ਰਾਹੀਂ ਨਵੀਆਂ ਤਕਨੀਕਾਂ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਈਆਂ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ :

- ਯੂਨੀਵਰਸਿਟੀ ਨੇ ਸਤੰਬਰ 2016 ਅਤੇ ਮਾਰਚ 2017 ਦੌਰਾਨ 14 ਕਿਸਾਨ ਮੇਲੇ ਲਗਵਾਏ । ਇਨ੍ਹਾਂ ਕਿਸਾਨ ਮੇਲਿਆਂ ਵਿੱਚ ਪੰਜਾਬ ਅਤੇ ਇਸਦੇ ਨਾਲ ਲੱਗਦੇ ਸੂਬਿਆਂ ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਰਾਜਸਥਾਨ ਤੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਿਰਕਤ ਕੀਤੀ । ਉਨ੍ਹਾਂ ਨੇ ਖੇਤੀ ਮਾਹਿਰਾਂ ਨਾਲ ਆਪਣੀਆਂ ਖੇਤੀ ਸੰਬੰਧਤ ਸਮੱਸਿਆਵਾਂ ਸਾਂਝੀਆਂ ਕੀਤੀਆਂ। ਬੀਜ ਅਤੇ ਖੇਤੀ ਸਾਹਿਤ ਦੀ ਖਰੀਦੋ ਫਰੋਖਤ ਕੀਤੀ ਅਤੇ ਉਤਪਾਦਨ ਮੁਕਾਬਲਿਆਂ ਵਿੱਚ ਹਿੱਸਾ ਲਿਆ । ਪੀਏਯੂ ਕਿਸਾਨ ਮੇਲਿਆਂ ਦੌਰਾਨ ਲੁਧਿਆਣਾ ਵਿਖੇ ਖੇਤੀਬਾੜੀ, ਬਾਗਬਾਨੀ ਅਤੇ ਹੋਰ ਸਹਾਇਕ ਧੰਦਿਆਂ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਗਿਆਰਾਂ ਅਗਾਂਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ ।
- ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ, ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਅਤੇ ਫ਼ਸਲਾਂ ਦੀਆਂ ਸਿਫ਼ਾਰਿਸ਼ ਕੀਤੀਆਂ ਕਿਸਮਾਂ ਬੀਜਣ ਲਈ ਪੰਜਾਬ ਭਰ ਵਿੱਚ ਵਿਸ਼ੇਸ਼ ਜਾਗਰੂਕਤਾ ਮੁਹਿੰਮਾਂ ਚਲਾਈਆਂ ਗਈਆਂ । ਸੰਯੁਕਤ ਕੀਟ ਪ੍ਰਬੰਧਨ ਤਕਨੀਕਾਂ ਰਾਹੀਂ ਚਿੱਟੀ ਮੱਖੀ ਦੀ ਅਸਰਦਾਇਕ ਰੋਕਥਾਮ ਹੋ ਸਕੀ ।
- ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਅਤੇ ਇਸਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨਾਂ ਅਤੇ ਖੇਤ ਵਿੱਚ ਹੀ ਵਾਹੇ ਜਾਣ ਤੇ ਹੋਣ ਵਾਲੇ ਫਾਇਦਿਆਂ ਬਾਰੇ ਜਾਗਰੂਕਤਾ ਮੁਹਿੰਮ ਚਲਾਉਣ ਨਾਲ ਪਿਛਲੇ ਸਾਲ ਦੇ ਮੁਕਾਬਲੇ ਝੋਨੇ ਦੀ ਪਰਾਲੀ ਨੂੰ ਸਾੜਣ ਦੀਆਂ ਘਟਨਾਵਾਂ ਵਿੱਚ ਕਮੀ ਆਈ ਅਤੇ ਕਈ ਪਿੰਡਾਂ ਵਿੱਚ ਤਾਂ ਅਜਿਹੀ ਕੋਈ ਵੀ ਘਟਨਾ ਨਹੀਂ ਵਾਪਰੀ ।
- ਪੀਏਯੂ ਵੱਲੋਂ ਵਿਕਸਿਤ ਕੀਤੀਆਂ ਕਣਕ ਅਤੇ ਝੋਨੇ ਦੀਆਂ ਕਿਸਮਾਂ ਹੇਠ ਰਕਬਾ ਵਧ ਕੇ ਕ੍ਰਮਵਾਰ 96.9 ਪ੍ਰਤੀਸ਼ਤ ਅਤੇ 61.9 ਪ੍ਰਤੀਸ਼ਤ ਹੋ ਗਿਆ ।
- ਫ਼ਸਲਾਂ ਦੀਆਂ ਨਵੀਆਂ ਕਿਸਮਾਂ ਅਤੇ ਉਪਤਦਨ ਅਤੇ ਸੁਰੱਖਿਆ ਤਕਨੀਕਾਂ ਨੂੰ ਸਿਫ਼ਾਰਿਸ਼ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਮੁਲਾਂਕਣ ਕਰਨ ਲਈ ਵੱਖੋ-ਵੱਖ ਸਥਾਨਾਂ ਤੇ ਕਿਸਾਨਾਂ ਦੇ ਖੇਤਾਂ ਵਿੱਚ ਕੁੱਲ 713 ਅਨੁਕੂਲਣਸ਼ੀਲ ਖੋਜ ਤਜ਼ਰਬੇ ਕੀਤੇ ਗਏ ।
- ਸਾਰੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਤੇਲਬੀਜ ਫ਼ਸਲਾਂ (ਮੂੰਗਫਲੀ, ਤਿਲ, ਗੋਭੀ ਸਰ੍ਹੋਂ, ਤੋਰੀਆ, ਰਾਇਆ ਅਤੇ ਸੂਰਜਮੁਖੀ), ਦਾਲਾਂ (ਗਰਮੀਆਂ ਦੀ ਮੂੰਗ, ਮਾਂਹ, ਸੋਇਆਬੀਨ, ਛੋਲੇ ਅਤੇ ਮਸਰ), ਪਰਮਲ ਚੌਲ, ਬਾਸਮਤੀ ਚੌਲ, ਨਰਮਾ (ਅਮਰੀਕਨ ਅਤੇ ਦੇਸੀ), ਮੱਕੀ ਅਤੇ ਮੱਕਚਰੀ ਦੀਆਂ ਸੋਧੀਆਂ ਕਿਸਮਾਂ ਦੀਆਂ ਨਵੀਆਂ ਤਕਨੀਕਾਂ ਨੂੰ ਦਰਸਾਉਂਦੀਆਂ 3568 ਫਰੰਟ ਲਾਈਨ ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਇਨ੍ਹਾਂ ਤੋਂ ਇਲਾਵਾ ਕਿਸਾਨਾਂ ਦੀਆਂ ਖੇਤ ਹਾਲਤਾਂ ਅਤੇ ਪੀਏਯੂ ਵੱਲੋਂ ਸਿਫ਼ਾਰਸ਼ ਪ੍ਰੈਕਟਿਸਿਸ ਅਤੇ ਕਿਸਾਨਾਂ ਵੱਲੋਂ ਅਪਣਾਏ ਜਾਂਦੇ ਢੰਗ/ਤਰੀਕਿਆਂ ਉੱਤੇ 165 ਆਨ ਫਾਰਮ ਟ੍ਰਾਇਲਜ਼ ਲਗਾਏ ਗਏ । ਕੇਵੀਕੇ'ਜ਼ ਵੱਲੋਂ 1464 ਸਿਖਲਾਈ ਪ੍ਰੋਗਰਾਮ ਲਗਾਏ ਗਏ।
- ਖੋਜ ਅਤੇ ਪਸਾਰ ਮਾਹਿਰਾਂ ਦੀਆਂ ਚਾਰ ਕਾਰਜਸ਼ਲਾਵਾਂ ਲਗਾਈਆਂ ਗਈਆਂ ।
- ਝੋਨੇ ਦੀ ਸਿੱਧੀ ਬਿਜਾਈ, ਜੈਵਿਕ ਖਾਦਾਂ ਦੀ ਵਰਤੋਂ, ਮੈਟ ਨੁਮਾ ਨਰਸਰੀ ਉਗਾਉਣ, ਹੈਪੀ ਸੀਡਰ ਦੀ ਵਰਤੋਂ ਕਰਨ, ਪਰਮਲ/ਬਾਸਮਤੀ ਚੌਲਾਂ ਵਿੱਚ ਸੰਯੁਕਤ ਕੀਟ ਪ੍ਰਬੰਧਣ, ਪੀਏਯੂ ਫਰੂਟ ਫਲਾਈ ਟ੍ਰੈਪਜ਼ ਅਤੇ ਦਾਲਾਂ (ਸੋਇਆਬੀਨ, ਛੋਲੇ ਆਦਿ) ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਵੱਖੋ-ਵੱਖ ਪਿੰਡਾਂ ਵਿੱਚ 230 ਖੇਤ ਦਿਵਸ ਮਨਾਏ ਗਏ ।
- ਮੌਸਮ ਅਧਾਰਿਤ ਖੇਤੀ ਸੰਬੰਧੀ ਸਲਾਹ ਮਸ਼ਵਰਾ ਪ੍ਰਦਾਨ ਕਰਨ ਲਈ 2,40,300 ਕਿਸਾਨਾਂ ਦਾ ਨਾਮ ਦਰਜ ਕੀਤਾ ਗਿਆ ।
- ਹਿੱਤਕਾਰੀਆਂ ਦੇ ਫਾਇਦੇ ਲਈ 'ਫਾਰਮਰ ਪੋਰਟਲ' ਨੂੰ ਪੀਏਯੂ ਦੀ ਵੈੱਬਸਾਈਟ (www.pau.edu) ਤੇ ਸ਼ੁਰੂ ਕੀਤਾ ਗਿਆ ।
- ਯੂਨੀਵਰਸਿਟੀ ਨੇ ਦੂਰਦਸ਼ਨ ਕੇਂਦਰ ਜਲੰਧਰ ਨਾਲ ਰਾਬਤਾ ਕਾਇਮ ਕਰਕੇ ਪੀਏਯੂ ਮਾਹਿਰਾਂ ਦੀਆਂ 248 ਟੀ ਵੀ ਟਾਕਜ਼ ਕਰਵਾਈਆਂ । ਇਸੇ ਤਰ੍ਹਾਂ ਆਲ ਇੰਡੀਆ ਰੇਡੀਓ ਰਾਹੀਂ 333 ਟਾਕਜ਼ ਕਰਵਾਈਆਂ ।
- ਕੁੱਲ 1046 ਪ੍ਰੈੱਸ ਰਲੀਜ਼ਾਂ (ਅੰਗਰੇਜ਼ੀ ਵਿੱਚ 529 ਅਤੇ ਪੰਜਾਬੀ ਵਿੱਚ 517) ਵੱਖੋ-ਵੱਖ ਅਖ਼ਬਾਰਾਂ ਨੂੰ ਪ੍ਰਕਾਸ਼ਨਾ ਹਿਤ ਭੇਜੀਆਂ ਗਈਆਂ । ਇਸੇ ਤਰ੍ਹਾਂ ਮਾਹਿਰਾਂ ਵੱਲੋਂ ਲਿਖੇ ਲਗਭਗ 170 ਆਰਟੀਕਲ (ਅੰਗਰੇਜ਼ੀ ਵਿੱਚ 25 ਅਤੇ ਪੰਜਾਬੀ ਵਿੱਚ 145) ਪ੍ਰਕਾਸ਼ਨਾ ਹਿਤ ਵੱਖੋ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਨੂੰ ਭੇਜੇ ਗਏ ।
- ਯੂਨੀਵਰਸਿਟੀ ਵੱਲੋਂ ਦੋ ਮਹੀਨਾਵਾਰ ਖੇਤ ਮੈਗਜ਼ੀਨ ਜਿਵੇਂ ਕਿ ਚੰਗੀ ਖੇਤੀ (ਪੰਜਾਬੀ ਭਾਸ਼ਾ ਵਿੱਚ) ਅਤੇ ਪ੍ਰੋਗਰੈਸਿਵ

ਫਾਰਮਿੰਗ (ਅੰਗਰੇਜ਼ੀ ਭਾਸ਼ਾ ਵਿੱਚ) ਪ੍ਰਕਾਸ਼ਿਤ ਕੀਤੇ ਜਾਂਦੇ ਹਨ । ਸਾਲ 2016-17 ਦੌਰਾਨ ਇਨ੍ਹਾਂ ਮੈਗਜ਼ੀਨਾਂ ਦੀ ਕੁੱਲ ਸਰਕੂਲੇਸ਼ਨ 2,07,700 ਰਹੀ ।

- ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਦੀਆਂ ਸਿਫ਼ਾਰਸ਼ਾਂ ਅੰਗੇਰਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਸਾਲ ਵਿੱਚ ਦੋ ਵਾਰੀ ਪ੍ਰਕਾਸ਼ਿਤ ਕੀਤੀਆਂ ਗਈਆਂ । ਇਸ ਤੋਂ ਇਲਾਵਾ 44 ਨਵੀਆਂ/ਸੋਧੀਆਂ ਹੋਈਆਂ ਖੇਤ ਪ੍ਰਕਾਸ਼ਨਾਵਾਂ (ਅੰਗਰੇਜ਼ੀ ਭਾਸ਼ਾ ਵਿੱਚ 20 ਅਤੇ ਪੰਜਾਬੀ ਭਾਸ਼ਾ ਵਿੱਚ 24) ਕੱਢੀਆਂ ਗਈਆਂ ।

## ਸਮਝੌਤੇ ਦੇ ਯਾਦ ਪੱਤਰ

ਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ/ਸੰਗਠਨਾਂ ਨਾਲ ਆਪਣੇ ਸੰਬੰਧਾਂ ਨੂੰ ਹੋਰ ਗੂੜ੍ਹੇ ਕਰਨ ਹਿਤ ਪੀਏਯੂ ਨੇ ਸਾਲ 2016-17 ਦੌਰਾਨ ਸਮਝੌਤੇ ਦੇ ਪੰਜ ਯਾਦ ਪੱਤਰ ਸਹੀਬੱਧ ਕੀਤੇ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

- ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ
- ਚੌਧਰੀ ਚਰਨ ਸਿੰਘ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ, ਹਰਿਆਣਾ
- ਮਹਾਰਾਸ਼ਟਰਾ ਸਟੇਟ ਸੀਡਜ਼ ਕਾਰਪੋਰੇਸ਼ਨ ਲਿਮਟਿਡ, ਮਹਾਬੀਜ ਭਵਨ, ਕ੍ਰਿਸ਼ੀ ਨਗਰ, ਅਕੋਲਾ, ਮਹਾਰਾਸ਼ਟਰ
- ਖਾਲਸਾ ਕਾਲਜ, ਅੰਮ੍ਰਿਤਸਰ, ਪੰਜਾਬ
- ਬੇਅਰ ਕਰਾਪ ਸਾਇੰਸ ਲਿਮਟਿਡ, ਬੇਅਰ ਹਾਊਸ, ਸੈਂਟਰਲ ਐਵੀਨਿਊ, ਹੀਰਾਨੰਦਨੀ ਅਸਟੇਟ, ਥਾਨੇ (ਵੈਸਟ) ਮਹਾਰਾਸ਼ਟਰ

## ਮਾਣ-ਸਨਮਾਨ

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇਸ਼ ਭਰ ਦੀਆਂ ਉਨ੍ਹਾਂ ਦੋ ਖੇਤੀਬਾੜੀ ਸੰਸਥਾਵਾਂ ਵਿੱਚੋਂ ਇੱਕ ਹੈ, ਜਿਸਨੂੰ ਨੈਸ਼ਨਲ ਤਾਈਵਾਨ ਯੂਨੀਵਰਸਿਟੀ ਵੱਲੋਂ ਸਾਲ 2017 ਵਿੱਚ ਕੀਤੀ ਦਰਜਾਬੰਦੀ ਦੌਰਾਨ ਵਿਸ਼ਵ ਦੀਆਂ ਸਰਵੋਤਮ 300 ਯੂਨੀਵਰਸਿਟੀਆਂ ਵਿੱਚੋਂ 232ਵਾਂ ਸਥਾਨ ਹਾਸਲ ਹੋਇਆ ।
- ਨੈਸ਼ਨਲ ਇੰਸਟੀਚਿਊਸ਼ਨਲ/ਫਰੇਮਵਰਕ ਰੈਂਕਿੰਗ (ਐਨ ਆਈ ਆਰ ਐਫ), ਮਾਨਵ ਸਰੋਤ ਵਿਕਾਸ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਕੀਤੀ ਦਰਜਾਬੰਦੀ ਦੌਰਾਨ ਪੀਏਯੂ ਨੂੰ ਭਾਰਤ ਦੀਆਂ ਖੇਤੀ ਯੂਨੀਵਰਸਿਟੀਆਂ ਵਿੱਚੋਂ ਦੂਜਾ ਸਥਾਨ ਹਾਸਲ ਹੋਇਆ ।
- ਯੂਨੀਵਰਸਿਟੀ ਨੂੰ ਮਾਰਚ 2017 ਦੌਰਾਨ ਜੈਨੇਟਿਕਸ ਅਤੇ ਪਲਾਂਟ ਬਰੀਡਿੰਗ ਦੀ ਭਾਰਤੀ ਸੰਸਥਾ ਵੱਲੋਂ ਸਾਰੀਆਂ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਆਈ ਸੀ ਏ ਆਰ ਸੰਸਥਾਵਾਂ ਵਿੱਚੋਂ ਵੱਧ ਗਿਣਤੀ ਵਿੱਚ ਸਰਵੋਤਮ ਕਿਸਮਾਂ ਵਿਕਸਿਤ ਕਰਨ ਵਜੋਂ ਸਨਮਾਨਿਤ ਕੀਤਾ ਗਿਆ ।
- ਯੂਨੀਵਰਸਿਟੀ ਨੂੰ ਕੰਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟ੍ਰੀ (ਸੀਆਈਆਈ)-ਇੰਡੀਅਨ ਸਾਈਟੇਸ਼ਨ ਇੰਡੈਕਸ ਵੱਲੋਂ ਸਾਲ 2017 ਦੌਰਾਨ ਸਰਵੋਤਮ ਖੋਜ ਆਰਟੀਕਲਜ਼ ਅਤੇ ਸਾਈਟੇਸ਼ਨਜ਼ ਪ੍ਰਕਾਸ਼ਿਤ ਕਰਨ ਵਜੋਂ ਨੁਮੈਰੋ ਊਨੋ ਦਾ ਦਰਜਾ ਦਿੱਤਾ ਗਿਆ ।
- ਯੂਨੀਵਰਸਿਟੀ ਦੇ ਦੋ ਫੈਕਲਟੀ ਮੈਂਬਰਾਂ (ਡਾ ਕੁਲਦੀਪ ਸਿੰਘ, ਸੀਨੀਅਰ ਮੋਲੀਕਿਊਲਰ ਜੈਨੇਟਿਕਸਿਸਟ ਅਤੇ ਡਾ. ਗੁਲਸ਼ਨ ਮਹਾਜਨ, ਸੀਨੀਅਰ ਐਗਰੋਨੋਮਿਸਟ) ਨੂੰ ਐਨ ਏ ਏ ਐੱਸ ਫੈਲੋਜ਼ ਬਣਨ ਦਾ ਮਾਣ ਹਾਸਲ ਹੋਇਆ ।

### ਸਰਵੋਤਮ ਏ ਆਈ ਸੀ ਆਰ ਆਈ ਪੀ ਕੇਂਦਰ ਐਵਾਰਡ

- ਕੀਟ ਵਿਗਿਆਨ (ਮਧੂ ਮੱਖੀਆਂ ਅਤੇ ਪੋਲੀਨੇਟਰਜ਼)
- ਪਲਾਂਟ ਬਰੀਡਿੰਗ ਅਤੇ ਜੈਨੇਟਿਕਸ (ਰਾਈਸ ਬਰੀਡਿੰਗ)
- ਪਲਾਂਟ ਬਰੀਡਿੰਗ ਅਤੇ ਜੈਨੇਟਿਕਸ (ਚਾਰਾ)
- ਪਲਾਂਟ ਬਰੀਡਿੰਗ ਅਤੇ ਜੈਨੇਟਿਕਸ (ਮੱਕੀ)

### ਚੌਧਰੀ ਦੇਵੀ ਲਾਲ ਸਰਵੋਤਮ ਏ ਆਈ ਸੀ ਆਰ ਆਈ ਪੀ ਐਵਾਰਡ

- ਭੂਮੀ ਵਿਗਿਆਨ (ਲਘੂ ਤੱਤ ਅਤੇ ਗੰਧਲੇ ਤੱਤ)

### ਏ ਆਈ ਸੀ ਆਰ ਆਈ ਪੀ ਅਧੀਨ ਸਰਵੋਤਮ ਬੀਜ ਉਤਪਾਦਨ ਕੇਂਦਰ

- ਪਲਾਂਟ ਬਰੀਡਿੰਗ ਅਤੇ ਜੈਨੇਟਿਕਸ (ਮੱਕੀ)

ਬਹੁਤ ਸਾਰੇ ਹੋਰ ਫੈਕਲਟੀ ਮੈਂਬਰਾਂ ਨੇ ਰਾਸ਼ਟਰੀ ਪੱਧਰ 'ਤੇ ਕਈ ਮਾਣ-ਸਨਮਾਨ ਹਾਸਲ ਕੀਤੇ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਖੇਤੀਬਾੜੀ ਅਤੇ ਇਸ ਨਾਲ ਸੰਬੰਧਤ ਵਿਗਿਆਨਾਂ ਵਿੱਚ ਚੱਲ ਰਹੇ ਖੋਜ ਕਾਰਜਾਂ ਨੂੰ ਨਿਰੰਤਰ ਨਵਿਆਉਂਦੀ ਰਹਿੰਦੀ ਹੈ ਤਾਂ ਜੋ ਖੇਤੀ ਨੂੰ ਦਰਪੇਸ਼ ਚੁਣੌਤੀਆਂ ਦੇ ਸਥਾਈ ਹੱਲ ਮਿਲ ਸਕਣ । ਮੌਜੂਦਾ ਸਮੇਂ ਯੂਨੀਵਰਸਿਟੀ ਮਾਹਿਰਾਂ ਵੱਲੋਂ ਅਜਿਹੀਆਂ ਤਕਨੀਕਾਂ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਜੋ ਵਾਤਾਵਰਨ ਪਰਿਵਰਤਨ ਨਾਲ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਘੱਟ ਕਰ ਸਕਣ, ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕਰ ਸਕਣ ਅਤੇ ਖੇਤੀ ਉਤਪਾਦਨ ਵਧਾਉਣ ਲਈ ਲਾਗਤਾਂ ਦੀ ਵਰਤੋਂ ਯੋਗਤਾ ਨੂੰ ਵਧਾ ਸਕਣ । ਨਿੱਜੀ ਅਦਾਰਿਆਂ ਨਾਲ ਰਾਬਤਾ ਬਣਾਈ ਰੱਖਣ ਲਈ, ਬਾਇਓਤਕਨਾਲੋਜੀਕਲ ਟੂਲਜ਼ ਜਿਵੇਂ ਕਿ ਮਾਰਕਰ ਅਸਿਸਟਿਡ ਸਿਲੈਕਸ਼ਨ (ਐਮ ਏ ਐਸ), ਟ੍ਰਾਂਸਜੈਨਿਕ ਆਦਿ ਨੂੰ ਸੂਖਮ ਬਰੀਡਿੰਗ ਲਈ ਫ਼ਸਲ ਸੁਧਾਰ ਪ੍ਰੋਗਰਾਮ ਨਾਲ ਜੋੜਿਆ ਗਿਆ । ਇਸ ਦੇ ਨਾਲ-ਨਾਲ ਕਣਕ, ਮੱਕੀ ਅਤੇ ਚੌਲਾਂ ਵਿੱਚ ਦੋਹਰੀ ਹੈਪਲਾਇਡ ਤਕਨੀਕ ਵਰਤੀ ਗਈ ਤਾਂ ਜੋ ਕਿਸਮਾਂ ਵਿਕਸਿਤ ਕਰਨ ਦੇ ਕਾਰਜ ਨੂੰ ਹੁਲਾਰਾ ਦਿੱਤਾ ਜਾ ਸਕੇ। ਬੇ-ਮੌਸਮ ਦੌਰਾਨ ਅਗੇਤੇ ਪੌਦੇ ਤਿਆਰ ਕਰਨ ਲਈ ਕੇਲਾਂਗ (ਹਿਮਾਚਲ ਪ੍ਰਦੇਸ਼), ਕਟਕ (ਉੜੀਸਾ), ਹੈਦਰਾਬਾਦ (ਤੇਲੰਗਾਨਾ) ਅਤੇ ਧਾਰਵਾੜ (ਕਰਨਾਟਕ) ਵਾਲੀਆਂ ਸਹੂਲਤਾਂ ਵਰਤੀਆਂ ਗਈਆਂ। ਮੂੰਗਬੀਨ ਅਤੇ ਮੱਕੀ ਹਾਈਬ੍ਰਿਡਜ਼ ਦੇ ਬੀਜ ਉਤਪਾਦਨ ਨੂੰ ਸਰਕਾਰੀ-ਨਿੱਜੀ ਭਾਈਵਾਲੀ ਨਾਲ ਹੁਲਾਰਾ ਦਿੱਤਾ ਗਿਆ । ਫ਼ਸਲਾਂ ਦੀਆਂ ਨਵੀਆਂ ਕਿਸਮਾਂ ਅਤੇ ਉਨ੍ਹਾਂ ਦੀਆਂ ਉਤਪਾਦਨ ਅਤੇ ਸੁਰੱਖਿਆ ਤਕਨੀਕਾਂ ਵਿਕਸਿਤ ਕਰਨ ਤੋਂ ਇਲਾਵਾ ਫ਼ਸਲਾਂ ਦੀ ਕਟਾਈ ਉਪਰੰਤ ਸਾਂਭ-ਸੰਭਾਲ ਅਤੇ ਉਨ੍ਹਾਂ ਦੀਆਂ ਪ੍ਰੋਸੈਸਿੰਗ ਤਕਨੀਕਾਂ ਨੂੰ ਵਿਕਸਿਤ ਕਰਨ ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਫ਼ਲਾਂ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਦੇ ਤੁੜਾਈ ਉਪਰੰਤ ਹੋਣ ਵਾਲੇ ਨੁਕਸਾਨਾਂ ਨੂੰ ਘਟਾਇਆ ਜਾ ਸਕੇ ।

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਦੀਆਂ ਪ੍ਰਮੁੱਖ ਖੋਜ ਪ੍ਰਾਪਤੀਆਂ ਇਸ ਪ੍ਰਕਾਰ ਹਨ :

## ਫ਼ਸਲ ਸੁਧਾਰ

ਖੇਤੀ ਵੰਨ-ਸੁਵੰਨਤਾ ਨੂੰ ਮੱਦੇਨਜ਼ਰ ਰੱਖਦੇ ਹੋਏ ਫ਼ਸਲ ਸੁਧਾਰ ਵਿੱਚ ਚੱਲ ਰਹੀ ਖੋਜ ਨੂੰ ਫ਼ਸਲਾਂ ਲਈ ਸੁਯੋਗ ਖੇਤਰਾਂ ਮੁਤਾਬਕ ਮੁੜ ਤੋਂ ਤਰਜ਼ੀਹ ਦਿੱਤੀ ਗਈ ਜਿਵੇਂ ਕਿ ਭੁੰਗਾ ਬਲਾਕ ਵਿੱਚ ਮੂੰਗਫ਼ਲੀ, ਹੁਸ਼ਿਆਰਪੁਰ ਦੇ ਚੱਬੇਵਾਲ ਖੇਤਰ ਵਿੱਚ ਮਟਰ ਅਤੇ ਜਗਰਾਓਂ ਵਿੱਚ ਗਰਮ ਰੁੱਤ ਦੀ ਮੂੰਗੀ । ਇਸੇ ਤਰ੍ਹਾਂ ਤੇਲਬੀਜ ਫ਼ਸਲਾਂ ਜਿਵੇਂ ਕਿ ਗੋਭੀ ਸਰ੍ਹੋਂ ਲਈ ਮਾਝਾ ਅਤੇ ਰਾਇਆ ਲਈ ਮਾਲਵਾ ਖੇਤਰ ਵਿੱਚ ਖੋਜ ਕਾਰਜਾਂ ਨੂੰ ਤਰਜੀਹ ਦਿੱਤੀ ਗਈ। ਸਬਜ਼ੀਆਂ ਅਤੇ ਫ਼ਲਾਂ ਵਿੱਚ ਜੈਵਿਕ/ਅਜੈਵਿਕ ਦਬਾਅ ਸਹਿਣ ਵਾਲੀਆਂ ਅਤੇ ਝਾੜ ਦੀ ਗੁਣਵਤਾ ਵਧਾਉਣ ਵਾਲੀਆਂ ਕਿਸਮਾਂ ਨੂੰ ਵਿਕਸਿਤ ਕਰਨ ਤੇ ਜ਼ਿਆਦਾ ਜੋਰ ਦਿੱਤਾ ਗਿਆ। ਇਸ ਤੋਂ ਇਲਾਵਾ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਅਤੇ ਵਾਤਾਵਰਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਖੋਜ ਕਾਰਜਾਂ ਨੂੰ ਦਿਸ਼ਾ-ਨਿਰਦੇਸ਼ ਦੇਣ ਵਾਸਤੇ ਪੀਏਯੂ ਕੈਂਪਸ ਵਿਖੇ ਸਕੂਲ ਆਫ਼ ਆਰਗੈਨਿਕ ਫਾਰਮਿੰਗ (ਜੈਵਿਕ ਖੇਤੀ ਸਕੂਲ) ਸਥਾਪਿਤ ਕੀਤਾ ਗਿਆ ।

## ਰਾਜ ਅਤੇ ਰਾਸ਼ਟਰੀ ਪੱਧਰ ਤੇ ਜਾਰੀ ਹੋਈਆਂ ਕਿਸਮਾਂ

ਯੂਨੀਵਰਸਿਟੀ ਨੇ ਵੱਖੋ-ਵੱਖ ਫ਼ਸਲਾਂ ਦੀਆਂ 26 ਕਿਸਮਾਂ (ਖੇਤ ਫ਼ਸਲਾਂ ਦੀਆਂ 12, ਫ਼ਲਾਂ ਦੀਆਂ 2, ਸਬਜ਼ੀਆਂ ਦੀਆਂ 9 ਅਤੇ ਸਜਾਵਟੀ ਬੂਟਿਆਂ ਦੀਆਂ 3) ਵਿਕਸਿਤ/ਸਿਫ਼ਾਰਸ਼ ਕੀਤੀਆਂ, ਜਿਨ੍ਹਾਂ ਵਿੱਚੋਂ 9 ਕਿਸਮਾਂ ਨੂੰ ਰਾਸ਼ਟਰੀ ਪੱਧਰ ਤੇ ਕਾਸ਼ਤ ਕਰਨ ਲਈ ਜਾਰੀ ਕੀਤਾ ਗਿਆ ।

## ਖੇਤ ਫ਼ਸਲਾਂ

### ਉੱਨਤ ਪੀ ਬੀ ਡਬਲਯੂ 343 (ਪੀ ਬੀ ਡਬਲਯੂ 723-ਕਣਕ)

ਪੀਏਯੂ ਵੱਲੋਂ ਮਾਰਕਰ ਅਸਿਸਟਿਡ ਬੈਕਕਰਾਸ ਬਰੀਡਿੰਗ (ਐਮ ਏ ਬੀ ਬੀ) ਰਾਹੀਂ ਵਿਕਸਿਤ ਕੀਤੀ ਪਹਿਲੀ ਕਿਸਮ ਹੈ, ਜਿਸ ਨੂੰ ਰਾਸ਼ਟਰੀ ਪੱਧਰ ਤੇ ਕਾਸ਼ਤ ਕਰਨ ਲਈ ਚੁਣਿਆ ਗਿਆ। ਪੀ ਬੀ ਡਬਲਯੂ 343, ਜੋ ਕਿ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਲਈ ਕਣਕ ਦੀ ਸਭ ਤੋਂ ਵੱਧ ਹਰਮਨ ਪਿਆਰੀ ਕਿਸਮ ਰਹੀ ਹੈ, ਇਸ ਨੂੰ ਪੀਲੀ ਅਤੇ ਭੂਰੀ ਕੁੰਗੀ ਤੋਂ ਸਹਿਣਸ਼ੀਲ ਬਣਾਉਣ ਲਈ ਇਸ ਵਿੱਚ ਵਿਸ਼ੇਸ਼ ਜੀਨ ਪਾ ਕੇ ਮੁੜ ਤੋਂ ਤਿਆਰ ਕੀਤਾ ਗਿਆ । ਇਸ ਕਿਸਮ ਦਾ ਔਸਤ ਝਾੜ 22 ਕੁਇੰਟਲ/ਏਕੜ ਹੈ। ਇਸ ਕਿਸਮ ਨੂੰ ਉੱਤਰੀ ਪੱਛਮੀ ਮੈਦਾਨੀ ਇਲਾਕਿਆਂ (ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਦੇ ਭਾਗਾਂ, ਰਾਜਸਥਾਨ, ਉੱਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ) ਵਿੱਚ ਕਾਸ਼ਤ ਕਰਨ ਲਈ ਜਾਰੀ ਕੀਤਾ ਗਿਆ ।

### ਪੀ ਬੀ ਡਬਲਯੂ-1/ਜ਼ੈੱਡ ਐੱਨ (ਕਣਕ)

ਕਣਕ ਦੀ ਇਹ ਪੀਏਯੂ ਵੱਲੋਂ ਵਿਕਸਿਤ ਕੀਤੀ ਪਹਿਲੀ ਬਾਇਓਫੋਰਟੀਫਾਈਡ (ਵੱਧ ਜ਼ਿੰਕ ਵਾਲੀ) ਕਿਸਮ ਹੈ ਜਿਸ ਨੂੰ ਉੱਤਰੀ ਪੱਛਮੀ ਮੈਦਾਨੀ ਖੇਤਰ (ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਦੇ ਭਾਗਾਂ, ਰਾਜਸਥਾਨ, ਉਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ) ਵਿੱਚ ਕਾਸ਼ਤ ਕਰਨ ਲਈ ਰਾਸ਼ਟਰੀ ਪੱਧਰ ਤੇ ਪਛਾਣਿਆ ਗਿਆ । ਇਹ ਕਿਸਮ ਔਸਤਨ 40.6 ਪੀ ਪੀ ਐਮ ਗਰੇਨ ਜ਼ਿੰਕ ਵਾਲੀ ਹੈ ਜੋ ਕਿ ਚੈੱਕ ਕਿਸਮ ਪੀ ਬੀ ਡਬਲਯੂ 621 ਨਾਲੋਂ 5.0 ਪੀ ਪੀ ਐਮ ਵੱਧ ਹੈ । ਇਸ ਦਾ ਔਸਤ ਝਾੜ 21.2 ਕੁਇੰਟਲ/ਹੈਕਟੇਅਰ ਹੈ ।

**ਪੀ ਆਰ** 126 **(ਝੋਨਾ)** : ਇਹ ਅਗੇਤੀ ਪੱਕ ਕੇ ਤਿਆਰ ਹੋਣ ਵਾਲੀ ਕਿਸਮ ਹੈ ਜੋ ਬਿਜਾਈ ਤੋਂ 93 ਦਿਨਾਂ ਬਾਅਦ ਤਿਆਰ ਹੋ ਜਾਂਦੀ ਹੈ । ਇਸ ਕਿਸਮ ਨਾਲ ਝੋਨੇ ਦੀ ਪਰਾਲੀ ਦੀ ਰਹਿੰਦ-ਖੂੰਹਦ ਨੂੰ ਸੰਭਾਲਣ ਲਈ ਕਿਸਾਨਾਂ ਨੂੰ ਵਧੇਰੇ ਸਮਾਂ ਮਿਲ ਜਾਂਦਾ ਹੈ। ਇਸ ਦੇ ਦਾਣੇ ਲੰਬੇ ਪਤਲੇ, ਸਾਫ਼ ਅਤੇ ਸਾਬਤ ਮਿਲ ਜਾਂਦੇ ਹਨ ਅਤੇ ਇਸ ਦਾ ਔਸਤ ਝਾੜ 30 ਕੁਇੰਟਲ/ਏਕੜ ਹੈ ।

**ਪੰਜਾਬ ਬਾਸਮਤੀ** 4 **(ਝੋਨਾ)** : ਝੋਨੇ ਦੀ ਇਹ ਕਿਸਮ ਰਵਾਇਤੀ ਬਾਸਮਤੀ 370 ਦੀ ਸੁਧਰੀ ਕਿਸਮ ਹੈ । ਇਹ ਅਰਧ ਬੌਣੀ (96 ਸੈ.ਮੀ. ਲੰਬੀ) ਅਤੇ 17.0 ਕੁਇੰਟਲ/ਏਕੜ ਦਾ ਔਸਤ ਝਾੜ ਦਿੰਦੀ ਹੈ । ਇਸ ਦੇ ਦਾਣੇ ਜ਼ਿਆਦਾ ਲੰਬੇ ਅਤੇ ਪਤਲੇ ਹੁੰਦੇ ਹਨ ਜਿਨ੍ਹਾਂ ਵਿੱਚ ਭੋਜਨ ਵਜੋਂ ਪਕਾਉਣ ਅਤੇ ਖਾਣ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ । ਖਾਣੇ ਵਜੋਂ ਪਕਾਉਣ ਵੇਲੇ ਇਸ ਦੇ ਦਾਣੇ ਲਗਭਗ ਦੁੱਗਣੇ ਹੋ ਜਾਂਦੇ ਹਨ । ਬਿਜਾਈ ਉਪਰੰਤ ਇਸ ਨੂੰ ਪੱਕ ਕੇ ਤਿਆਰ ਹੋਣ ਵਿੱਚ 116 ਦਿਨ ਲੱਗਦੇ ਹਨ ।

**ਪੰਜਾਬ ਬਾਸਮਤੀ** 5 **(ਝੋਨਾ)** : ਇਹ ਬਾਸਮਤੀ 386 ਦੀ ਸੁਧਰੀ ਕਿਸਮ ਹੈ । ਇਹ ਅਰਧ ਬੌਣੀ (112 ਸੈ.ਮੀ. ਲੰਬੀ) ਹੈ, ਜਿਸ ਦਾ ਔਸਤ ਝਾੜ 15 ਕੁਇੰਟਲ/ਏਕੜ ਹੈ । ਇਸ ਵਿੱਚ ਭੋਜਨ ਪਕਾਉਣ ਅਤੇ ਖਾਣ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ । ਬਿਜਾਈ ਉਪਰੰਤ ਇਹ ਕਿਸਮ 107 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਹ ਬਾਸਮਤੀ ਦੀਆਂ ਪੁਰਾਣੀਆਂ ਕਿਸਮਾਂ ਦੀ ਤਰ੍ਹਾਂ ਵਧੀਆ ਕਿਸਮ ਹੈ ।

**ਸੀ ਐੱਸ ਆਰ** 30 **(ਝੋਨਾ)** : ਖਾਰ੍ਹੇਪਣ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੀ ਝੋਨੇ ਦੀ ਇਹ ਕਿਸਮ ਲਗਭਗ 139 ਸੈ.ਮੀ. ਲੰਬੀ ਹੈ । ਇਸ ਦਾ ਔਸਤ ਝਾੜ 13.0 ਕੁਇੰਟਲ/ਏਕੜ ਹੈ । ਇਸ ਦੇ ਦਾਣੇ ਲੰਬੇ, ਪਤਲੇ, ਖਾਣ ਵਿੱਚ ਨਰਮ ਅਤੇ ਭੋਜਨ ਪਕਾਉਣ ਅਤੇ ਖਾਣ ਦੇ ਸਰਵੋਤਮ ਗੁਣਾਂ ਨਾਲ ਭਰਪੂਰ ਹੈ । ਬਿਜਾਈ ਉਪਰੰਤ ਇਹ ਕਿਸਮ 112 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਸ ਕਿਸਮ ਨੂੰ ਕੇਂਦਰੀ ਭੂਮੀ ਖਾਰ੍ਹੇਪਣ ਖੋਜ ਸੰਸਥਾਨ, ਕਰਨਾਲ ਵਿਖੇ ਵਿਕਸਿਤ ਕੀਤਾ ਗਿਆ ।

**ਪੀਏਯੂ ਬੀ ਟੀ** 1 **(ਨਰਮਾ)** : ਪੀਏਯੂ ਵੱਲੋਂ ਵਿਕਸਿਤ ਕੀਤੀ ਇਹ ਸਰਕਾਰੀ ਅਦਾਰੇ ਦੀ ਬੀ ਟੀ ਨਰਮੇ ਦੀ ਪਹਿਲੀ ਕਿਸਮ ਹੈ । ਇਸ ਨੂੰ ਰਾਸ਼ਟਰੀ ਪੱਧਰ ਤੇ ਸਾਲ 2017 ਵਿੱਚ ਰਿਲੀਜ਼ ਕੀਤਾ ਗਿਆ ।

**ਟੀ ਐਮ ਬੀ** 37 **(ਮੂੰਗਬੀਨ)** : ਮੂੰਗਬੀਨ ਦੀ ਇਹ ਅਗੇਤੀ ਪੱਕ ਕੇ ਤਿਆਰ ਹੋਣ ਵਾਲੀ ਕਿਸਮ ਹੈ, ਜਿਸ ਨੂੰ ਬਹਾਰ ਰੁੱਤ ਅਤੇ ਗਰਮ ਰੁੱਤ ਵਿੱਚ ਬੀਜਿਆ ਜਾ ਸਕਦਾ ਹੈ । ਇਹ ਕਿਸਮ ਬੀ ਏ ਆਰ ਸੀ, ਮੁੰਬਈ ਵੱਲੋਂ ਵਿਕਸਿਤ ਕੀਤੀ ਗਈ ਹੈ । ਇਹ 60 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ ਅਤੇ ਇਸ ਦੇ ਦਾਣੇ ਦਰਮਿਆਨੇ ਅਤੇ ਵਧੀਆ ਸਵਾਦਿਸ਼ਟ ਗੁਣਾ ਵਾਲੇ ਹੁੰਦੇ ਹਨ । ਇਸ ਦਾ ਔਸਤ ਝਾੜ 4.9 ਕੁਇੰਟਲ/ਏਕੜ ਹੈ ।

**ਪੀਏਯੂ** 881 **(ਅਰਹਰ)** : ਇਹ ਅਗੇਤੀ ਪੱਕਣ ਵਾਲੀ ਕਿਸਮ ਹੈ ਜਿਸ ਦਾ ਝਾੜ 5.5 ਕੁਇੰਟਲ/ਏਕੜ ਹੈ । ਇਹ ਲਗਭਗ 132 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ ਅਤੇ ਕਣਕ ਦੀ ਫ਼ਸਲ ਬੀਜਣ ਤੋਂ ਪਹਿਲਾਂ ਹੀ ਵੱਢ ਲਈ ਜਾਂਦੀ ਹੈ । ਇਹ ਕਿਸਮ ਉੱਤਰੀ ਪੱਛਮੀ ਮੈਦਾਨੀ ਇਲਾਕਿਆਂ (ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਦੇ ਭਾਗਾਂ, ਉੱਤਰ ਪ੍ਰਦੇਸ਼ ਅਤੇ ਉਤਰਾਖੰਡ) ਵਿੱਚ ਕਾਸ਼ਤ ਲਈ ਜਾਰੀ ਕੀਤੀ ਗਈ ਹੈ ।

**ਓ ਐੱਲ** 1802 **(ਜਵੀ)** : ਜਵੀ ਦੀ ਇਹ ਕਿਸਮ ਕਈ ਵਾਰ ਵੱਢੀ ਜਾ ਸਕਦੀ ਹੈ ਜਿਸ ਨੂੰ ਕੇਂਦਰੀ ਜ਼ੋਨ (ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼, ਝਾਰਖੰਡ, ਬਿਹਾਰ ਅਤੇ ਉਤਰਾਖੰਡ) ਵਿੱਚ ਕਾਸ਼ਤ ਕਰਨ ਲਈ ਪਛਾਣਿਆ ਗਿਆ । ਇਸ ਦੇ ਹਰੇ ਚਾਰੇ ਦਾ ਔਸਤਨ ਝਾੜ 224.6 ਕੁਇੰਟਲ/ਏਕੜ ਹੈ ।

**ਓ ਐੱਲ** 1804 **(ਜਵੀ)** : ਜਵੀ ਦੀ ਇਹ ਕਿਸਮ ਇੱਕੋ ਵਾਰ ਵੱਢੀ ਜਾ ਸਕਦੀ ਹੈ ਅਤੇ ਇਸ ਨੂੰ ਉੱਤਰ ਪੂਰਬੀ ਜ਼ੋਨ (ਅਸਾਮ, ਇੰਫਾਲ ਅਤੇ ਉੜੀਸਾ) ਵਿੱਚ ਕਾਸ਼ਤ ਕਰਨ ਲਈ ਜਾਰੀ ਕੀਤਾ ਗਿਆ ਹੈ । ਇਹ ਵੱਧ ਚਾਰਾ ਦੇਣ ਵਾਲੀ ਅਤੇ ਰੋਗਾਂ ਅਤੇ ਕੀੜਿਆਂ ਮਕੌੜਿਆਂ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੀ ਕਿਸਮ ਹੈ । ਇਸ ਦੇ ਹਰੇ ਚਾਰੇ ਦਾ ਔਸਤ ਝਾੜ 151.5 ਕੁਇੰਟਲ/ਏਕੜ ਹੈ ।

**ਪੀ ਬੀ ਐੱਨ** 324 **(ਨੇਪੀਅਰ ਬਾਜਰਾ)** : ਬਾਜਰੇ ਦੀ ਇਹ ਕਿਸਮ ਉੱਤਰ-ਪੱਛਮੀ ਜੋਨ (ਪੰਜਾਬ, ਹਰਿਆਣਾ ਅਤੇ ਰਾਜਸਥਾਨ) ਅਤੇ ਦੱਖਣੀ ਜ਼ੋਨ (ਕੋਇੰਬੇਟੂਰ ਅਤੇ ਕਰਨਾਟਕ) ਵਿੱਚ ਕਾਸ਼ਤ ਕਰਨ ਲਈ ਜਾਰੀ ਕੀਤੀ ਗਈ । ਇਸ ਦੇ ਹਰੇ ਚਾਰੇ ਦਾ ਔਸਤ ਝਾੜ ਨੈਸ਼ਨਲ ਚੈੱਕ ਕਿਸਮਾਂ ਐੱਨ ਬੀ 21 (785.0 ਕੁਇੰਟਲ/ਹੈਕਟੇਅਰ), ਸੀ ਓ 3 (887.0 ਕੁਇੰਟਲ/ਹੈਕਟੇਅਰ) ਅਤੇ ਪੀ ਬੀ ਐਨ 233 (835.1 ਕੁਇੰਟਲ/ਹੈਕਟੇਅਰ) ਦੇ ਮੁਕਾਬਲੇ ਵਿੱਚ 937.0 ਕੁਇੰਟਲ/ਹੈਕਟੇਅਰ ਹੈ ਅਤੇ ਉਨ੍ਹਾਂ ਤੋਂ ਕ੍ਰਮਵਾਰ 19.4, 5.6 ਅਤੇ 12.2 ਪ੍ਰਤੀਸ਼ਤ ਵਧੇਰੇ ਸਰਵੋਤਮਤਾ ਰੱਖਦੀ ਹੈ ।

## ਬਾਗਬਾਨੀ ਦੀਆਂ ਫ਼ਸਲਾਂ

### ਸਬਜ਼ੀਆਂ ਦੀਆਂ ਫ਼ਸਲਾਂ

**ਐਮ ਐੱਚ-51 (ਖਰਬੂਜਾ)** : ਇਹ ਅਗੇਤੀ ਤਿਆਰ ਹੋਣ ਵਾਲੀ ਅਤੇ ਵੱਧ ਝਾੜ ਦੇਣ ਵਾਲੀ ਹਾਈਬ੍ਰਿਡ ਕਿਸਮ ਹੈ, ਜਿਸ ਨੂੰ ਬਿਜਾਈ ਤੋਂ 62 ਦਿਨਾਂ ਬਾਅਦ ਤੋੜਿਆ ਜਾ ਸਕਦਾ ਹੈ । ਇਸ ਦੇ ਫ਼ਲ ਦਾ ਔਸਤ ਝਾੜ 89.0 ਕੁਇੰਟਲ/ਏਕੜ ਹੈ । ਇਸ ਕਿਸਮ ਦੇ ਫ਼ਲ ਦਾ ਗੁੱਦਾ ਮੋਟਾ, ਦਰਮਿਆਨੇ ਰਸ ਵਾਲਾ ਅਤੇ ਖੁਸ਼ਬੂਦਾਰ ਹੁੰਦਾ ਹੈ ਜਿਸ ਵਿੱਚ ਟੀ ਐੱਸ ਐੱਸ 12% ਹੁੰਦੀ ਹੈ । ਇਸ ਦੇ ਫ਼ਲ ਦਾ ਔਸਤ ਭਾਰ 890 ਗ੍ਰਾਮ ਹੁੰਦਾ ਹੈ ।

**ਪੀ ਬੀ ਐੱਚ-5 (ਬੈਂਗਣ)** : ਬੈਂਗਣ ਦੀ ਇਹ ਅਗੇਤੀ ਤਿਆਰ ਹੋਣ ਵਾਲੀ ਹਾਈਬ੍ਰਿਡ ਕਿਸਮ ਹੈ, ਜਿਸ ਨੂੰ ਲੰਬੇ ਫ਼ਲ ਗੁੱਛਿਆਂ ਵਿੱਚ ਲੱਗਦੇ ਹਨ । ਇਸ ਦੇ ਫ਼ਲ ਲੰਬੇ, ਦਰਮਿਆਨੇ, ਚਮਕਦਾਰ ਬੈਂਗਣੀ/ਕਿਰਮਚੀ ਰੰਗੇ ਅਤੇ ਹਰੇ ਪੁਸ਼ਪਕੋਸ਼ ਵਾਲੇ ਹੁੰਦੇ ਹਨ । ਇਸ ਦਾ ਔਸਤ ਝਾੜ 255 ਕੁਇੰਟਲ/ਏਕੜ ਹੈ। ਰਾਸ਼ਟਰੀ ਪੱਧਰ ਤੇ ਇਸ ਕਿਸਮ ਦੀ ਕਾਸ਼ਤ ਲਈ ਜ਼ੋਨ-4 (ਬਿਹਾਰ, ਉੱਤਰ ਪ੍ਰਦੇਸ਼, ਪੰਜਾਬ ਅਤੇ ਦਿੱਲੀ) ਦੀ ਚੋਣ ਕੀਤੀ ਗਈ ਹੈ ।

**ਪੀ ਬੀ ਐੱਚ ਆਰ-41 (ਬੈਂਗਣ)** : ਬੈਂਗਣ ਦੀ ਇਸ ਹਾਈਬ੍ਰਿਡ ਕਿਸਮ ਦੇ ਫ਼ਲ ਗੋਲ, ਦਰਮਿਆਨੇ, ਚਮਕਦਾਰ, ਗੂੜ੍ਹੇ, ਕਿਰਮਚੀ ਰੰਗੇ ਅਤੇ ਹਰੇ ਕਿਰਮਚੀ ਪੁਸ਼ਪਕੋਸ਼ ਵਾਲੇ ਹੁੰਦੇ ਹਨ। ਇਸ ਦੇ ਫ਼ਲ ਦਾ ਔਸਤ ਝਾੜ 260 ਕੁਇੰਟਲ/ਏਕੜ ਹੈ। ਰਾਸ਼ਟਰੀ ਪੱਧਰ ਤੇ ਇਸ ਕਿਸਮ ਦੀ ਕਾਸ਼ਤ ਲਈ ਜ਼ੋਨ-4 (ਬਿਹਾਰ, ਉੱਤਰ ਪ੍ਰਦੇਸ਼, ਪੰਜਾਬ ਅਤੇ ਦਿੱਲੀ) ਦੀ ਚੋਣ ਕੀਤੀ ਗਈ ਹੈ ।

**ਪੀ ਬੀ ਐੱਚ ਆਰ-42 (ਬੈਂਗਣ)** : ਬੈਂਗਣ ਦੀ ਇਸ ਹਾਈਬ੍ਰਿਡ ਕਿਸਮ ਦੇ ਪੌਦੇ ਦਰਮਿਆਨੇ ਲੰਬੇ, ਕੰਡਿਆਂ ਤੋਂ ਰਹਿਤ ਅਤੇ ਹਰੇ ਪੱਤਿਆਂ ਵਾਲੇ ਹੁੰਦੇ ਹਨ । ਇਸ ਦੇ ਫ਼ਲ ਅੰਡਾਕਾਰੀ ਗੋਲ, ਦਰਮਿਆਨੇ, ਚਮਕਦਾਰ, ਕਾਲੇ ਕਿਰਮਚੀ ਰੰਗੇ ਅਤੇ ਹਰੇ ਪੁਸ਼ਪਕੋਸ਼ ਵਾਲੇ ਹੁੰਦੇ ਹਨ । ਇਸ ਦਾ ਔਸਤ ਝਾੜ 261 ਕੁਇੰਟਲ/ਏਕੜ ਹੈ ।

**ਪੰਜਾਬ ਸੋਨਾ ਚੈਰੀ (ਟਮਾਟਰ)** : ਚੈਰੀ ਟਮਾਟਰ ਦੀ ਇਹ ਕਿਸਮ ਮੇਜ਼ ਤੇ ਸਲਾਦ ਵਜੋਂ ਸਜਾਉਣ ਵਾਲੀ ਹੈ, ਜੋ ਕਿ ਉੱਚ ਕੈਰੋਟੀਨ ਮਾਤਰਾ (13 ਮਿਲੀਗ੍ਰਾਮ/100 ਗ੍ਰਾਮ ਤਾਜ਼ੇ ਟਮਾਟਰ) ਵਾਲੀ ਹੈ ਅਤੇ ਸੁਰੱਖਿਅਤ ਕਾਸ਼ਤਕਾਰੀ ਲਈ ਸੁਯੋਗ ਹੈ । ਇਸ ਦੇ ਫ਼ਲ ਅੰਡਾਕਾਰੀ, ਪੀਲੇ ਰੰਗੇ ਹੁੰਦੇ ਹਨ ਅਤੇ ਇਸ ਦੀ ਪਹਿਲੀ ਤੁੜਾਈ ਬਿਜਾਈ ਤੋਂ 112 ਦਿਨਾਂ ਬਾਅਦ ਕੀਤੀ ਜਾ ਸਕਦੀ ਹੈ । ਇਸ ਦੇ ਫ਼ਲ ਗੁੱਛਿਆਂ ਵਿੱਚ 20-25 ਦੀ ਗਿਣਤੀ ਵਿੱਚ ਲੱਗਦੇ ਹਨ ਅਤੇ ਫ਼ਲ ਦਾ ਔਸਤ ਭਾਰ 11 ਗ੍ਰਾਮ ਹੁੰਦਾ ਹੈ ਅਤੇ ਔਸਤ ਝਾੜ 425 ਕੁਇੰਟਲ/ਏਕੜ ਹੈ । ਇਸ ਵਿੱਚ ਟੀ ਐੱਸ ਐੱਸ ਦੀ ਮਾਤਰਾ 7.5% ਹੈ ।

**ਪੰਜਾਬ ਕੇਸਰ ਚੈਰੀ (ਟਮਾਟਰ)** : ਚੈਰੀ ਟਮਾਟਰ ਦੀ ਇਸ ਕਿਸਮ ਵਿੱਚ ਲਾਈਕੋਪੀਨ ਅਤੇ ਕੈਰੋਟੀਨ ਦੀ ਉੱਚ ਮਾਤਰਾ, ਜੋ ਕਿ ਪ੍ਰਤੀ 100 ਗ੍ਰਾਮ ਤਾਜ਼ੇ ਟਮਾਟਰਾਂ ਵਿੱਚ ਕ੍ਰਮਵਾਰ 1.8 ਮਿ. ਗ੍ਰਾਮ ਅਤੇ 13 ਮਿ. ਗ੍ਰਾਮ ਹੁੰਦੀ ਹੈ । ਇਹ ਕਿਸਮ ਸੁਰੱਖਿਅਤ ਕਾਸ਼ਤਕਾਰੀ ਲਈ ਸੁਯੋਗ ਹੈ । ਇਸ ਦੇ ਫ਼ਲ ਅੰਡਾਕਾਰੀ, ਸੰਤਰੀ ਰੰਗੇ ਹੁੰਦੇ ਹਨ ਅਤੇ ਇਸ ਦੀ ਪਹਿਲੀ ਤੁੜਾਈ ਬਿਜਾਈ ਤੋਂ 115 ਦਿਨਾਂ ਬਾਅਦ ਕੀਤੀ ਜਾ ਸਕਦੀ ਹੈ । ਇਸ ਦੇ ਫ਼ਲ ਗੁੱਛਿਆਂ ਵਿੱਚ 18-23 ਦੀ ਗਿਣਤੀ ਵਿੱਚ ਲੱਗਦੇ ਹਨ । ਫ਼ਲ ਦਾ ਔਸਤ ਭਾਰ 11 ਗ੍ਰਾਮ ਹੁੰਦਾ ਹੈ ਅਤੇ ਇਸ ਕਿਸਮ ਦਾ ਔਸਤ ਝਾੜ 405 ਕੁਇੰਟਲ/ਏਕੜ ਹੈ । ਇਸ ਵਿੱਚ ਟੀ ਐੱਸ ਐੱਸ ਮਾਤਰਾ 7.6% ਹੈ ।

**ਪੰਜਾਬ ਸੁਹਾਵਣੀ (ਭਿੰਡੀ)** : ਇਸ ਦੇ ਫ਼ਲ ਦਰਮਿਆਨੇ ਲੰਬੇ, ਗੂੜ੍ਹੇ ਹਰੇ, ਮੁਲਾਇਮ ਅਤੇ ਪੰਜ ਵੱਟਾਂ ਵਾਲੇ ਹੁੰਦੇ ਹਨ । ਇਹ ਕਿਸਮ ਪੀਲੇ ਨਾੜੀ ਮੋਜ਼ੇਕ ਰੋਗ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ । ਇਸ ਦਾ ਔਸਤ ਝਾੜ 49 ਕੁਇੰਟਲ/ਏਕੜ ਹੈ ।

**ਪੰਜਾਬ ਬਹਾਰ (ਲੌਕੀ)** : ਇਸ ਦੇ ਫ਼ਲ ਲਗਭਗ ਗੋਲ, ਦਰਮਿਆਨੇ, ਹਲਕੇ ਹਰੇ ਰੰਗੇ, ਚਮਕਦਾਰ ਅਤੇ ਲੂਈਂਦਾਰ ਹੁੰਦੇ ਹਨ । ਇਸ ਦਾ ਔਸਤ ਝਾੜ 222 ਕੁਇੰਟਲ/ਏਕੜ ਹੈ ।

**ਪੰਜਾਬ ਝਾੜ ਕਰੇਲਾ-1 (ਕਰੇਲਾ)** : ਇਸ ਕਿਸਮ ਦੇ ਫ਼ਲ ਦਿਲਖਿੱਚਵੇਂ ਹਰੇ ਰੰਗ ਦੇ, ਮੁਲਾਇਮ, ਤਕਲੇ ਵਰਗੇ ਹੁੰਦੇ ਹਨ ਅਤੇ ਇਨ੍ਹਾਂ ਨੂੰ ਕੱਟ ਕੇ ਬਣਾਉਣਾ ਜ਼ਿਆਦਾ ਵਧੀਆ ਹੈ । ਇਹ ਕਿਸਮ ਜੜ੍ਹ ਗੰਢ ਨੀਮਾਟੋਡ ਰੋਗ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ। ਇਸ ਦਾ ਔਸਤ ਝਾੜ 35 ਕੁਇੰਟਲ/ਏਕੜ ਹੈ ।

## ਫ਼ਲਾਂ ਦੀਆਂ ਫ਼ਸਲਾਂ

**ਕਾਗਜ਼ੀ (ਬੇਲ)** : ਪੰਜਾਬ ਵਿੱਚ ਜ਼ਾਰੀ ਕੀਤੀ ਬੇਲ ਦੀ ਇਹ ਪਹਿਲੀ ਕਿਸਮ ਹੈ । ਇਸ ਦੇ ਫ਼ਲ ਦਾ ਛਿਲਕਾ ਪਤਲਾ ਹੁੰਦਾ ਹੈ ਅਤੇ ਬੀਜਾਂ ਦੀ ਗਿਣਤੀ ਘੱਟ ਹੁੰਦੀ ਹੈ । ਇਸ ਦੇ ਫ਼ਲ ਦਾ ਭਾਰ ਸਥਾਨਕ ਜੀਨੋ ਕਿਸਮਾਂ (0.60 ਕਿਲੋਗ੍ਰਾਮ) ਦੇ ਮੁਕਾਬਲਤਨ 1.2 ਕਿਲੋਗ੍ਰਾਮ ਹੁੰਦਾ ਹੈ । ਇਸ ਵਿੱਚ ਵਧੇਰੇ ਗੁੱਦਾ, ਛਿਲਕੇ ਦੀ ਘੱਟ ਮਾਤਰਾ ਅਤੇ ਟੀ ਐੱਸ ਐੱਸ 28-32% (ਘੁਲਣਸ਼ੀਲ ਠੋਸ) ਹੁੰਦਾ ਹੈ । ਇਸ ਦਾ ਔਸਤ ਝਾੜ 107 ਕਿਲੋ/ਰੁੱਖ ਹੁੰਦਾ ਹੈ । ਇਸ ਦੇ ਫ਼ਲ ਅੱਧ ਅਪ੍ਰੈਲ ਤੋਂ ਅੱਧ ਮਈ ਤੱਕ ਤਿਆਰ ਹੋ ਜਾਂਦੇ ਹਨ ।

**ਸੁਪੀਰੀਅਰ ਸੀਡਲੈੱਸ (ਅੰਗੂਰ)** : ਅੰਗੂਰਾਂ ਦੀ ਇਸ ਕਿਸਮ ਦੇ ਫ਼ਲ ਬੀਜ ਰਹਿਤ, ਪੀਲੇ ਰੰਗੇ ਅਤੇ ਕੜਾਕੇਦਾਰ ਹੁੰਦੇ ਹਨ, ਜਿਨ੍ਹਾਂ ਵਿੱਚ 17% ਟੀ ਐੱਸ ਐੱਸ ਅਤੇ 0.51% ਐਸਿਡਟੀ ਹੁੰਦੀ ਹੈ। ਇਸ ਦੇ ਗੁੱਛੇ ਖੁੱਲ੍ਹੇ ਅਤੇ ਦਰਮਿਆਨੇ ਤੋਂ ਵੱਡੇ ਆਕਾਰ ਦੇ ਹੁੰਦੇ ਹਨ । ਇਸ ਦਾ ਔਸਤ ਝਾੜ ਵੇਲਾਂ ਚੜਾਉਣ ਵਾਲੇ ਵਾਈ ਟ੍ਰੇਨਿੰਗ ਸਿਸਟਮ ਉੱਤੇ 96 ਕੁਇੰਟਲ/ਏਕੜ ਹੈ ।

## ਫੁੱਲ ਅਤੇ ਸਜਾਵਟੀ ਬੂਟੇ

**ਪੰਜਾਬ ਸੁਨੈਣਾ (ਪੈਂਜ਼ੀ)** : ਇਸ ਦੇ ਪੌਦੇ ਬੌਣੇ ਅਤੇ ਹਲਕੇ ਹਰੇ ਰੰਗੇ ਪੱਤਿਆਂ ਵਾਲੇ ਹੁੰਦੇ ਹਨ, ਜਿਨ੍ਹਾਂ ਨੂੰ ਕਿਰਮਚੀ ਅਤੇ ਪੀਲੇ ਰੰਗ ਦੇ ਫੁੱਲ ਲੱਗਦੇ ਹਨ । ਇਹ ਅਗੇਤੀ ਤਿਆਰ ਹੋਣ ਵਾਲੀ ਕਿਸਮ ਹੈ ਅਤੇ ਇਸ ਨੂੰ ਚਾਰ ਮਹੀਨਿਆਂ ਲਈ ਛੋਟੇ ਛੋਟੇ ਫ਼ਲ ਲੱਗਦੇ ਹਨ । ਇਹ ਕਿਸਮ ਗਮਲਿਆਂ ਅਤੇ ਕਿਆਰਿਆਂ ਵਿੱਚ ਲਗਾਉਣ ਲਈ ਸੁਯੋਗ ਹੈ ।

**ਪੰਜਾਬ ਨੀਲਮਾ (ਪੈਂਜ਼ੀ)** : ਇਸਦੇ ਪੌਦੇ ਛੋਟੇ ਅਤੇ ਗੂੜ੍ਹੇ ਹਰੇ ਰੰਗ ਦੇ ਪੱਤਿਆਂ ਵਾਲੇ ਹੁੰਦੇ ਹਨ, ਜਿਨ੍ਹਾਂ ਨੂੰ ਕਿਰਮਚੀ ਰੰਗ ਦੇ ਫੁੱਲ ਲੱਗਦੇ ਹਨ । ਇਹ ਅਗੇਤੀ ਤਿਆਰ ਹੋਣ ਵਾਲੀ ਕਿਸਮ ਹੈ, ਜਿਸ ਨੂੰ ਸਾਢੇ ਚਾਰ ਮਹੀਨਿਆਂ ਲਈ ਛੋਟੇ-ਛੋਟੇ ਫੁੱਲ ਲੱਗਦੇ ਹਨ। ਇਹ ਕਿਸਮ ਗਮਲਿਆਂ ਅਤੇ ਕਿਆਰਿਆਂ ਵਿੱਚ ਲਗਾਉਣ ਦੇ ਸੁਯੋਗ ਹੈ ।

**ਪੰਜਾਬ ਗੇਂਦਾ ਨੰਬਰ 1 (ਗੇਂਦਾ)** :ਇਹ ਖੁੱਲ੍ਹੇ ਪਰਾਗਣ ਵਾਲੀ ਤਪਸ਼ ਪ੍ਰਤੀ ਸਹਿਣਸ਼ੀਲ ਕਿਸਮ ਹੈ, ਜਿਸ ਨੂੰ ਭਰਪੂਰ ਦੁੱਗਣੇ, ਦਰਮਿਆਨੇ, ਸੰਤਰੀ ਰੰਗ ਦੇ ਫੁਲ ਲੱਗਦੇ ਹਨ । ਇਹ ਕਿਸਮ ਗਰਮੀਆਂ ਦੀ ਰੁੱਤ ਵਿੱਚ ਫੁੱਲ ਲੱਗਦੇ ਹਨ । ਇਹ ਕਿਸਮ ਗਰਮੀਆਂ ਦੀ ਰੁੱਤ ਵਿੱਚ ਫੁੱਲ ਉਤਪਾਦਨ ਲਈ ਬਹੁਤ ਵਧੀਆ ਹੈ। ਇਸ ਦੇ ਪੌਦੇ ਦੀ ਉਚਾਈ 69 ਸੈ.ਮੀ. ਹੁੰਦੀ ਹੈ ਜਿਸ ਨੂੰ 82 ਦਿਨਾਂ ਵਿੱਚ ਫੁੱਲ ਲੱਗਦੇ ਹਨ ਅਤੇ ਇਸ ਦਾ ਔਸਤ ਝਾੜ 44 ਕੁਇੰਟਲ/ਏਕੜ ਹੈ । ਇਹ ਕਿਸਮ ਆਲਟਰਨੇਰੀਆ ਪੱਤਾ ਝੁਲਸ ਰੋਗ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ ।

## ਜਰਮਪਲਾਜ਼ਮ ਦਾ ਮਜ਼ਬੂਤੀਕਰਨ

ਦੇਸ਼ ਅਤੇ ਵਿਦੇਸ਼ ਦੇ ਵੱਖੋ-ਵੱਖ ਹਿੱਸਿਆਂ ਤੋਂ ਵਿਭਿੰਨ ਫ਼ਸਲਾਂ ਦੇ ਵੱਡੀ ਗਿਣਤੀ ਜਰਮਪਲਾਜ਼ਮ ਅਕਸੈਸ਼ਨ ਇਕੱਠੇ ਕੀਤੇ ਗਏ ਤਾਂ ਜੋ ਫ਼ਸਲ ਉਤਪਾਦਨ ਦੇ ਚੱਲ ਰਹੇ ਪ੍ਰੋਗਰਾਮ ਨੂੰ ਹੁਲਾਰਾ ਦਿੱਤਾ ਜਾ ਸਕੇ । ਇਨ੍ਹਾਂ ਵਿੱਚ ਕਣਕ (1530), ਝੋਨਾ (133), ਤੇਲਬੀਜ (25), ਨਰਮਾ (31), ਮੱਕੀ (200), ਸੋਇਆਬੀਨ (50), ਮੂੰਗਬੀਨ (50), ਉੜਦਬੀਨ (12), ਛੋਲੇ (190), ਅਰਹਰ

(30), ਪਰਲ ਬਾਜਰਾ (6), ਕਮਾਦ (48), ਸੋਰਗਮ (266), ਮਿਰਚ (10), ਟਮਾਟਰ (8), ਆਲੂ (10), ਗੋਭੀ (2), ਬੈਂਗਣ (11), ਮਟਰ (2), ਖੀਰਾ (2), ਖਰਬੂਜਾ (2), ਕੜਕ ਖਰਬੂਜ਼ਾ (5), ਜੰਗਲੀ ਖਰਬੂਜਾ (2), ਤਰਬੂਜ (5), ਪੇਠਾ (5), ਪਿਆਜ਼ (8), ਕਰੇਲਾ (3), ਬੇਰ (3), ਅਮਰੂਦ (3), ਅੰਬ (26), ਪੇਕਾਨ ਗਿਰੀ (3), ਅਮਰੀਕੀ ਖਜੂਰ (2), ਐਵੋਕਾਡੋ (1), ਕੇਲਾ (3), ਡਰੈਗਨ ਫ਼ਲ (1), ਕਸਟਰਡ ਸੇਬ (1), ਜਾਮਣ (2), ਨਿੰਬੂ (1), ਮੋਰਿੰਗਾ ਓਲੀਫੇਰਾ (ਸੁਹਾਂਜਣ) (12), ਮੀਲੀਆ ਕੰਪੋਜ਼ੀਟਾ (ਬਰਮਾ ਡੇਕ) (20), ਦਲਬਰਜੀਆ ਸਿਸੂ (ਟਾਹਲੀ) (10), ਤੂਨਾ ਸਿਲੀਅਟਾ (ਤੂਣ) 40, ਗੁਲਦਾਉਦੀ (2), ਗਲੈਡੀਓਲਜ਼ (2), ਰੁੱਖ (2) ਝਾੜੀਆਂ (2) ਅਤੇ ਵੇਲਾਂ (3) ਵੀ ਸ਼ਾਮਲ ਹਨ।

## ਬਾਇਓਤਕਨਾਲੋਜੀ

### ਖੇਤ ਫ਼ਸਲਾਂ

ਐਗਰੀਕਲਚਰਲ ਬਾਇਓਤਕਨਾਲੋਜੀ ਸਕੂਲ ਫ਼ਸਲ ਉਤਪਾਦਨ ਗਰੁੱਪਾਂ ਨਾਲ ਨੇੜਲੇ ਸੰਬੰਧ ਕਾਇਮ ਰੱਖਦਾ ਹੋਇਆ ਆਪਣਾ ਕਾਰਜ ਕਰਦਾ ਹੈ । ਇਸ ਵੱਲੋਂ ਕੀਤੇ ਜਾ ਰਹੇ ਖੋਜ ਕਾਰਜਾਂ ਵਿੱਚੋਂ ਸਭ ਤੋਂ ਸਰਵੋਤਮ ਸੀ, ਕੁੰਗੀ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੇ ਜੀਨਾਂ ਦੀ ਚੋਣ ਕਰਨਾ ਅਤੇ ਉਨ੍ਹਾਂ ਨੂੰ ਜੋੜਣਾ । ਪੀਏਯੂ ਵਿਖੇ ਪੱਤੇ ਅਤੇ ਧਾਰੀਦਾਰ ਕੁੰਗੀ ਪ੍ਰਤੀਰੋਧਿਕਤਾ ਰੱਖਣ ਵਾਲੇ ਜੀਨਜ਼ Lr 76-Yr70 ਜਿਨ੍ਹਾਂ ਨੂੰ ਏਜੀਲੋਪਸ ਅੰਬਿਲੂਲਾਟਾ ਤੋਂ ਇੰਟ੍ਰੋਗ੍ਰੈਸ ਕਰਕੇ ਮਾਰਕਰ ਅਸਿਸਟਿਡ ਸਿਲੈਕਸ਼ਨ (ਐਮ ਏ ਐਸ) ਰਾਹੀਂ ਸੰਬੰਧਤ ਜੀਨਜ਼ ਦੇ ਦੂਸਰੇ ਜੋੜੇ Lr 37-Yr17 ਨਾਲ ਪਿਰਾਮਿਡ ਕੀਤਾ ਗਿਆ, ਦੀ ਵਰਤੋਂ ਕਰਦਿਆਂ ਐਮ ਏ ਬੀ ਬੀ ਰਾਹੀਂ ਪੀ ਬੀ ਡਬਲਯੂ 723 (ਉੱਨਤ ਪੀ ਬੀ ਡਬਲਯੂ 343) ਵਿਕਸਿਤ ਕੀਤੀ ਗਈ । ਇਨ੍ਹਾਂ ਜੀਨਜ਼ ਨੂੰ ਬਰੈੱਡ ਕਣਕ ਦੀਆਂ ਕਈ ਲਾਈਨਾਂ ਵਿੱਚ ਪਾਇਆ ਗਿਆ ।

- ਸਟਾਰਚ ਸਿੰਥੇਸ ਜੀਨ ਲਈ ਐਲਿਲ ਮਾਈਨਿੰਗ 20 ਜੰਗਲੀ ਅਤੇ ਕਾਸ਼ਤ ਕੀਤੀਆਂ ਕਣਕਾਂ ਤੇ ਕੀਤੀ ਗਈ । ਚਾਰ ਜੰਗਲੀ ਪੂਰਵਜ਼ ਕਿਸਮਾਂ (ਏਜੀਲੋਪਸ ਤਾਓਸਚੀ ਐਕ.ਪੀਏਯੂ 14102, ਏਜੀਲੋਪਸ ਤਾਓਸਚੀ ਐਕ.ਪੀਏਯੂ 3747, ਏਜੀਲੋਪਸ ਸਪਿਲਟੋਆਇਡਜ਼ ਐਕ.ਪੀਏਯੂ 15081 ਅਤੇ ਟ੍ਰੀਟੀਕਮ ਡਾਈਕੋਕੁਆਇਡਜ਼ ਐਕ.ਪੀਏਯੂ 7107) ਅਤੇ ਦੋ ਕਾਸ਼ਤਕਾਰੀ ਜੀਨੋਟਾਈਪਜ਼ (ਇੰਪਾਲਾ ਅਤੇ ਸੀ 591) ਤੋਂ ਐਸ ਐਨ ਪੀ ਅਧਾਰਿਤ ਐਲਿਲਜ਼ ਨੂੰ ਤਪਸ਼ ਦੇ ਦਬਾਅ ਪ੍ਰਤੀ ਪਰਖਣ ਲਈ ਐਸ ਐਨ ਪੀ'ਜ਼ ਵਜੋਂ ਚੁਣਿਆ ਗਿਆ।
- ਫਾਸਫੋਲੀਪੇਸ ਡੀ ਜੀਨ ਜੋ ਕਿ ਚੌਲਾਂ ਦੇ ਬੂਰੇ ਦੇ ਤੇਲ ਨੂੰ ਬਾਸੀ ਕਰਦਾ ਹੈ, ਲਈ ਐਲਿਲ ਮਾਇਨਿੰਗ ਝੋਨੇ ਦੀਆਂ ਜੰਗਲੀ ਕਿਸਮਾਂ ਵਿੱਚ ਕੀਤੀ ਗਈ ਅਤੇ ਘੱਟ ਪੀ ਐਲ ਡੀ ਲਾਈਨਾਂ ਚੁਣੀਆਂ ਗਈਆਂ ਜਿਨ੍ਹਾਂ ਦੀ ਵਰਤੋਂ ਝੋਨੇ ਦੇ ਬਰੀਡਿੰਗ ਪ੍ਰੋਗਰਾਮਾਂ ਵਿੱਚ ਕੀਤੀ ਜਾਵੇਗੀ । ਓ.ਲੋਂਗੀਸਟੇਮੀਨਾਟਾ ਤੋਂ ਕਿਊ ਟੀ ਐੱਲ ਨੂੰ ਬਾਸਮਤੀ ਜਿਵੇਂ ਕਿ ਪੰਜਾਬ ਬਾਸਮਤੀ 3 ਵਿੱਚ ਇੰਟ੍ਰੋਗ੍ਰੈਸ ਕੀਤਾ ਗਿਆ ।
- ਮੱਕੀ ਵਿੱਚ ਤਣੇ ਦੀ ਮੱਖੀ ਪ੍ਰਤੀ ਰੋਧਿਕਤਾ ਰੱਖਣ ਵਾਲੇ ਕਿਊ ਟੀ ਐੱਲ ਨੂੰ ਕ੍ਰੋਮੋਜ਼ੋਮ 3.9 ਅਤੇ 10 ਅਤੇ ਮੇਅਡਿਸ ਪੱਤਾ ਝੁਲਸ ਰੋਗ ਲਈ ਕ੍ਰੋਮੋਜ਼ੋਮ 3.8 ਅਤੇ 9 ਤੇ ਪਛਾਣਿਆ ਗਿਆ। ਬੀਟਾ-ਕੈਰੋਟੀਨ ਐਲਿਲਜ਼ ਨੂੰ ਐਮ ਏ ਐਸ ਤਕਨੀਕ ਰਾਹੀਂ ਚਾਰ ਕਿਊ ਪੀ ਐਮ ਲਾਈਨਾਂ ਜਿਵੇਂ ਕਿ ਐਲ ਐਮ 11, ਐਲ ਐਮ 12, ਐਲ ਐਮ 13 ਅਤੇ ਐਲ ਐਮ 14 ਵਿੱਚ ਇੰਟ੍ਰੋਗ੍ਰੈਸ ਕੀਤਾ ਗਿਆ । ਮੱਕੀ ਵਿੱਚ ਸੇਮ ਪ੍ਰਤੀਰੋਧਿਕਤਾ ਲਈ ਕਿਊ ਟੀ ਐਲ ਨੂੰ ਕ੍ਰੋਮੋਜ਼ੋਮ 8 ਤੇ ਪਛਾਣਿਆ ਗਿਆ । ਸੋਕੇ ਪ੍ਰਤੀਰੋਧਿਕਤਾ ਰੱਖਣ ਵਾਲੇ ਕਿਊ ਟੀ ਐਲ ਨੂੰ ਬਹਾਰ ਰੁੱਤ ਦੀ ਮੱਕੀ ਵਿੱਚ ਐਮ ਏ ਐਸ ਦੀ ਵਰਤੋਂ ਨਾਲ ਤਬਦੀਲ ਕਰਨ ਲਈ ਕਰਾਸ ਸ਼ੁਰੂ ਕੀਤੇ ਗਏ ।

### ਬਾਗਬਾਨੀ ਦੀਆਂ ਫ਼ਸਲਾਂ

- ਟ੍ਰਾਈਕੋਦਰਮਾ ਵਿਰਡੇ ਤੋਂ ਬੀਟਾ-1,3 ਗਲੂਕੇਨੇਜ਼ ਜ਼ੀਨ ਤਬਦੀਲ ਕਰਕੇ ਫਾਈਟੋਪੈਥੋਰਾ ਪੈਰਾਸਿਟੀਕਾ ਪ੍ਰਤੀ ਸਹਿਣਸ਼ੀਲ ਰਫ਼ ਨਿੰਬੂ ਟ੍ਰਾਂਸਜੈਨਿਕਸ ਵਿਕਸਿਤ ਕੀਤੇ ਗਏ।
- ਮੋਲੀਕਿਊਲਰ ਮਾਰਕਰਾਂ ਦੀ ਵਰਤੋਂ ਰਾਹੀਂ ਅਲਾਹਾਬਾਦ ਸਫੈਦਾ x ਅਰਕਾ ਕਿਰਨ ਅਤੇ ਅਲਾਹਾਬਾਦ ਸਫੈਦਾ x ਪਰਪਲ ਗੁਆਵਾ ਦੀ ਅਮਰੂਦ ਐਫ$_1$ ਗਿਣਤੀ ਵਿੱਚ ਲਿੰਕੇਜ ਮੈਪ ਬਣਾਇਆ ਗਿਆ । ਲਿੰਕੇਜ ਮੈਪਿੰਗ ਅਧਿਐਨ ਲਈ ਅਮਰੂਦਾਂ ਦੀਆਂ 6 ਜੀਨੋ ਕਿਸਮਾਂ ਵਿੱਚ ਮੁਕਾਬਲਤਨ ਟ੍ਰਾਂਸਕ੍ਰਿਪਟੋਮ ਰਾਹੀਂ ਨਵੇਂ ਜੀਨ ਅਧਾਰਿਤ ਐਸ ਐਸ ਆਰ ਮਾਰਕਰ ਵਿਕਸਿਤ ਕੀਤੇ ਜਾ ਰਹੇ ਹਨ। ਫ਼ਲ ਵਿੱਚ ਰੰਗਦਾਰ ਗੁੱਦੇ ਨਾਲ ਨੇੜਲਾ ਲਿੰਕੇਜ ਬਣਾਉਣ ਲਈ ਮਾਰਕਰਾਂ ਨੂੰ ਐਮ ਏ ਐਸ ਲਈ ਵਰਤਿਆ ਜਾਵੇਗਾ ।
- ਕੈਰੀਜ਼ੋ ਰੂਟ ਸਟਾਕ ਉੱਤੇ ਡੇਜ਼ੀ ਟੈਂਜੀਰਾਈਨ ਦੇ ਤਣੇ ਦੇ ਸਿਖਰ ਤੇ ਪਿਉਂਦ ਦਾ ਕਾਰਜ ਸੰਪੂਰਨ ਕੀਤਾ ਗਿਆ ।

## ਬੀਜ ਤਕਨਾਲੋਜੀ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਖੇਤ ਫ਼ਸਲਾਂ (ਬਰੀਡਰ ਫਾਊਂਡੇਸ਼ਨ, ਸਰਟੀਫਾਈਡ ਅਤੇ ਸਹੀ ਤੌਰ ਤੇ ਲੇਬਲ ਕੀਤੇ) ਦੇ 59,629 ਕੁਇੰਟਲ ਗਰੇਡਿਡ ਬੀਜ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਦੇ 7,409.4 ਕੁਇੰਟਲ ਬੀਜ ਪੈਦਾ ਕੀਤੇ ਗਏ । ਇਨ੍ਹਾਂ ਵਿੱਚੋਂ 1550 ਕੁਇੰਟਲ ਬੀਜ ਨਿੱਜੀ-ਸਰਕਾਰੀ ਭਾਈਵਾਲੀ ਨਾਲ ਪੈਦਾ ਕੀਤਾ ਗਿਆ । ਇਸ ਦਾ ਸਮੁੱਚਾ ਵੇਰਵਾ ਸਾਰਨੀ-1 ਅਤੇ ਸਾਰਨੀ-2 ਵਿੱਚ ਦਿੱਤਾ ਗਿਆ ਹੈ ।

- ਕਾਬਲੀ ਛੋਲਿਆਂ ਵਿੱਚ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ ਕਰਨ ਨਾਲ ਬੀਜ ਦੀ ਗੁਣਵਤਾ, ਸਿਹਤ, ਝਾੜ ਅਤੇ ਸਾਂਭ-ਸੰਭਾਲ ਤੇ ਪੈਣ ਵਾਲੇ ਪ੍ਰਭਾਵਾਂ ਦੇ ਤਜ਼ਰਬੇ ਕੀਤੇ ਗਏ । ਇਸ ਤੋਂ ਸਪਸ਼ਟ ਹੋਇਆ ਕਿ ਬਿਜਾਈ ਤੋਂ ਪਹਿਲਾਂ ਬੀਜ ਦੀ ਵੀਟਾਵੈਕਸ ਅਤੇ ਬਾਵਿਸਟਨ ਉਪਰੰਤ ਟ੍ਰਾਈਕੋਦਰਮਾ ਹੈਰਜ਼ੀਏਨਮ ਨਾਲ ਸੋਧ ਕਰਨ ਤੇ ਉਸ ਦੀ ਪੁੰਗਰਣ ਸਮਰਥਾ ਅਤੇ ਇੰਡੈਕਸ ਵਿੱਚ ਵਾਧਾ ਹੁੰਦਾ ਹੈ ।

**ਸਾਰਨੀ 1 : ਸਾਲ 2016-17 ਦੌਰਾਨ ਪੈਦਾ ਕੀਤੇ ਖੇਤ ਫ਼ਸਲਾਂ ਦੇ ਬੀਜ**

| ਸੀਜ਼ਨ | ਬੀਜ ਦੀ ਕਿਸਮ (ਕੁਇੰਟਲ) | | | | |
|---|---|---|---|---|---|
| | ਬਰੀਡਰ ਬੀਜ | ਫਾਊਂਡੇਸ਼ਨ ਬੀਜ | ਪ੍ਰਮਾਣਿਤ ਬੀਜ | ਸਹੀ ਤੌਰ ਤੇ ਲੇਬਲ ਕੀਤਾ ਬੀਜ | ਕੁੱਲ (ਕੁਇੰਟਲ) |
| ਕੁੱਲ | 7,355 | 13,478 | 23,669 | 15,127 | 59,629 |

**ਸਾਰਨੀ 2 : ਸਾਲ 2016-17 ਦੌਰਾਨ ਪੈਦਾ ਕੀਤੇ ਸਬਜ਼ੀਆਂ ਦੇ ਬੀਜ**

| ਸੀਜ਼ਨ | ਬੀਜ ਦੀ ਕਿਸਮ (ਕੁਇੰਟਲ) | | | | |
|---|---|---|---|---|---|
| | ਬਰੀਡਰ ਬੀਜ | ਫਾਊਂਡੇਸ਼ਨ ਬੀਜ | ਪ੍ਰਮਾਣਿਤ ਬੀਜ | ਸਹੀ ਤੌਰ ਤੇ ਲੇਬਲ ਕੀਤਾ ਬੀਜ | ਕੁੱਲ (ਕੁਇੰਟਲ) |
| ਆਲੂ | 19.30 | 2,336.70 | 4,184.20 | 576.71 | 7116.91 |
| ਹਲਦੀ | 26.85 | 0.69 | 75.75 | 189.21 | 292.50 |
| ਕੁੱਲ | 46.15 | 2,337.39 | 4,259.95 | 765.92 | 7,409.41 |

- ਵਿਭਾਗਾਂ ਵਿੱਚ ਖੇਤ ਫ਼ਸਲਾਂ, ਬਾਗਬਾਨੀ ਦੀਆਂ ਫ਼ਸਲਾਂ ਅਤੇ ਵਣ ਖੇਤੀ ਦੀ ਪ੍ਰੋਸੈਸਿੰਗ ਅਤੇ ਫ਼ਸਲ ਉਤਪਾਦਨ - ਸੁਰੱਖਿਆ ਦੀਆਂ ਨਵੀਆਂ ਤਕਨੀਕਾਂ ਵਿਕਸਿਤ ਜਾਂ ਸਿਫ਼ਾਰਸ਼ ਕਰਨ ਦਾ ਕਾਰਜ ਲਗਾਤਾਰ ਚੱਲ ਰਿਹਾ ਹੈ । ਇਸੇ ਤਰ੍ਹਾਂ ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਸਹਾਇਕ ਧੰਦਿਆਂ, ਖੇਤੀ ਮਸ਼ੀਨੀਕਰਨ, ਜਲ ਦੀ ਸਾਂਭ-ਸੰਭਾਲ, ਬਾਇਓਗੈਸ ਉਤਪਾਦਨ, ਭੋਜਨ ਅਤੇ ਪੋਸ਼ਣ ਅਤੇ ਐਪਰਿਲ ਅਤੇ ਟੈਕਸਟਾਈਲ ਵਿੱਚ ਸਿਫ਼ਾਰਸ਼ਾਂ ਕੀਤੀਆਂ ਗਈਆਂ । ਇਨ੍ਹਾਂ ਦਾ ਸੰਖਿਪਤ ਵੇਰਵਾ ਇਸ ਪ੍ਰਕਾਰ ਹੈ :

## ਫ਼ਸਲ ਉਤਪਾਦਨ ਤਕਨੀਕਾਂ

### ਖੇਤ ਫ਼ਸਲਾਂ

- ਕਣਕ ਅਤੇ ਝੋਨੇ ਵਿੱਚ ਝੋਨੇ ਦੀ ਪਰਾਲੀ ਦਾ ਬਾਇਓਚਾਰ @5 ਟਨ/ਹੈਕਟੇਅਰ ਵਿਛਾਉਣ ਨਾਲ ਦੋਹਾਂ ਫ਼ਸਲਾਂ ਵਿੱਚ ਜਿੱਥੇ ਝਾੜ ਵਧਦਾ ਹੈ ਉਥੇ 40 ਕਿਲੋ ਐੱਨ ਦੀ ਵੀ ਬੱਚਤ ਹੁੰਦੀ ਹੈ ।
- ਕਣਕ ਵਿੱਚ ਬੇਗੈਸ ਰਾਖ ਅਤੇ ਝੋਨੇ ਦੀ ਫੱਕ ਦੀ ਰਾਖ @10 ਟਨ/ਹੈਕਟੇਅਰ ਵਿਛਾਉਣ ਨਾਲ ਕਣਕ-ਝੋਨੇ ਦੇ ਫ਼ਸਲੀ ਚੱਕਰ ਦੀ ਉਤਪਾਕਿਤਾ ਨੂੰ ਪ੍ਰਭਾਵਿਤ ਕੀਤੇ ਬਿਨਾਂ 30 ਕਿਲੋ $P_2O_5$/ਹੈਕਟੇਅਰ ਦੀ ਬੱਚਤ ਹੁੰਦੀ ਹੈ ।
- ਨੇਪੀਅਰ ਬਾਜਰੇ ਵਿੱਚ ਸਿੰਚਾਈ ਵਾਲੇ ਪਾਣੀ ਦੀ ਬੱਚਤ ਕਰਨ ਲਈ ਇੱਕ ਏਕੜ ਵਿੱਚ 4 ਟਨ ਝੋਨੇ ਦੀ ਪਰਾਲੀ ਵਿਛਾਉਣ ਦੀ ਸਿਫ਼ਾਰਿਸ਼ ਕੀਤੀ ਗਈ । ਗਰਮ ਅਤੇ ਖੁਸ਼ਕ ਮਹੀਨਿਆਂ ਦੌਰਾਨ ਨੇਪੀਅਰ ਬਾਜਰੇ ਦੀ 8-10 ਦਿਨਾਂ ਦੇ ਵਕਫ਼ੇ ਨਾਲ ਸਿੰਚਾਈ ਕਰਨ ਦੀ ਵੀ ਸਿਫ਼ਾਰਿਸ਼ ਕੀਤੀ ਗਈ ।
- ਸਲਫ਼ਰ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 12 ਕਿਲੋ ਐੱਸ/ਏਕੜ (ਜਿਪਸਮ:80 ਕਿਲੋ/ਏਕੜ ਜਾਂ ਬੈਂਟੋਨਾਈਟ ਸਲਫ਼ਰ 13 ਕਿਲੋ/ਏਕੜ) ਛਿੜਕਾਣ ਨਾਲ ਗੋਭੀ ਸਰ੍ਹੋਂ ਦੇ ਝਾੜ ਵਿੱਚ ਵਾਧਾ ਹੋਇਆ ।
- ਝੋਨੇ ਵਿੱਚ ਝਾੜ ਵਧਾਉਣ ਲਈ ਐਜ਼ੋਰਹੀਜ਼ੋਬੀਅਮ ਜੈਵਿਕ ਖਾਦ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ।
- ਬਾਸਮਤੀ ਝੋਨੇ ਲਈ ਪੱਤਾ ਰੰਗ ਚਾਰਟ ਦੀ ਵਰਤੋਂ ਕਰਦਿਆਂ ਲੋੜ ਅਧਾਰਿਤ ਐਨ ਸ਼ਡਿਊਲਿੰਗ ਦੀ ਸਿਫ਼ਾਰਸ਼ ਕੀਤੀ ਗਈ।
- ਹਲਦੀ ਵਿੱਚ ਤੁਪਕਾ ਸਿੰਚਾਈ ਕਰਨ ਨਾਲ ਅਤੇ ਫਰਟੀਗੇਸ਼ਨ ਨਾਲ 40 ਪ੍ਰਤੀਸ਼ਤ ਸਿੰਚਾਈ ਵਾਲੇ ਪਾਣੀ ਅਤੇ 20 ਪ੍ਰਤੀਸ਼ਤ ਪੌਸ਼ਟਿਕ ਤੱਤਾਂ ਦੀ ਬੱਚਤ ਹੁੰਦੀ ਹੈ ਅਤੇ ਫ਼ਸਲ ਦੇ ਝਾੜ ਵਿੱਚ 25 ਪ੍ਰਤੀਸ਼ਤ ਵਾਧਾ ਹੁੰਦਾ ਹੈ ।
- ਸਾਈਕਲਿਕ ਵਿਧੀ ਮੁਤਾਬਕ ਸੋਡਿਕ ਪਾਣੀ ਦੀਆਂ ਸਿੰਚਾਈਆਂ ਭਾਵ ਨਹਿਰੀ ਪਾਣੀ (ਸੀ ਡਬਲਯੂ) ਨਾਲ ਸ਼ੁਰੂ ਕਰਕੇ ਸੋਡਿਕ ਪਾਣੀ (ਐਸ ਡਬਲਯੂ) (2 ਸੀ ਡਬਲਯੂ : ਐਸ ਡਬਲਯੂ, ਸੀ ਡਬਲਯੂ: ਐਸ ਡਬਲਯੂ) ਲਾਉਣ ਨਾਲ ਨਰਮੇ ਅਤੇ ਕਣਕ ਦਾ ਝਾੜ ਲੰਬੇ ਸਮੇਂ ਤੱਕ ਮਿਲਦਾ ਹੈ ।
- ਹਲਦੀ ਨੂੰ 67.5 ਸੈ.ਮੀ. ਚੌੜੇ ਕਿਆਰਿਆਂ ਤੇ ਦੋ ਕਤਾਰਾਂ (37.5 ਸੈ.ਮੀ. ਕਿਆਰੇ ਅਤੇ 30 ਸੈ.ਮੀ. ਖਾਲ) ਵਿੱਚ ਪੌਦੇ ਤੋਂ ਪੌਦੇ ਦੀ 18 ਸੈ.ਮੀ. ਤੇ ਬੀਜਣ ਦੀ ਸਿਫ਼ਾਰਸ਼ ਕੀਤੀ ਗਈ ।
- ਭੂਮੀ ਪਰਖ ਰਿਪੋਰਟ ਨੂੰ ਆਨ ਲਾਈਨ ਕੀਤਾ ਗਿਆ ਤਾਂ ਜੋ ਕਿਸਾਨ ਅਸਾਨੀ ਨਾਲ ਇਸ ਨੂੰ ਦੇਖ ਸਕਣ ।

## ਬਾਗਬਾਨੀ ਦੀਆਂ ਫ਼ਸਲਾਂ

- ਅਮਰੂਦ ਦੇ ਬਾਗਾਂ ਵਿੱਚ ਝੋਨੇ ਦੀ ਪਰਾਲੀ ਦੀ ਮਲਚਿੰਗ ਕਰਨ ਦੀ ਸਿਫ਼ਾਰਸ਼ ਕੀਤੀ ਗਈ ਤਾਂ ਜੋ ਨਦੀਨਾਂ ਦੀ ਰੋਕਥਾਮ ਹੋ ਸਕੇ ਅਤੇ ਫ਼ਲ ਦਾ ਵਧੇਰੇ ਝਾੜ ਅਤੇ ਗੁਣਵਤਾ ਹਾਸਲ ਹੋ

ਸਕੇ। ਝੋਨੇ ਦੀ ਪਰਾਲੀ 4.0 ਟਨ ਪ੍ਰਤੀ ਏਕੜ ਮਈ ਦੇ ਮਹੀਨੇ ਵਿੱਚ, ਜੈਵਿਕ ਰੂੜੀ ਅਤੇ ਅਜੈਵਿਕ ਖਾਦਾਂ ਨੂੰ ਸਿਫ਼ਾਰਿਸ਼ ਮੁਤਾਬਕ ਪਾਉਣ ਉਪਰੰਤ, ਮਲਚ ਦੀ ਤਰ੍ਹਾਂ ਵਿਛਾਉਣ ਨਾਲ ਕੰਟਰੋਲ ਦੇ ਮੁਕਾਬਲਤਨ 83 ਪ੍ਰਤੀਸ਼ਤ ਨਦੀਨ ਦਾ ਬਾਇਓਮਾਸ ਘਟਾਉਂਦਾ ਹੈ । ਝੋਨੇ ਦੀ ਪਰਾਲੀ ਦੀ ਮਲਚ ਵਿਛਾਉਣ ਨਾਲ ਫ਼ਲ ਦਾ ਝਾੜ ਪੋਲੀਥੀਨ ਮਲਚ, ਮਕੈਨੀਕਲ ਅਤੇ ਰਸਾਇਣਕ ਨਦੀਨ ਕੰਟਰੋਲ ਦੇ ਮੁਕਾਬਲਤਨ ਜ਼ਿਆਦਾ ਵਧੇਰੇ ਰਿਹਾ ।

- ਆਲੂ ਬੁਖਾਰੇ ਦੀ ਕਿਸਮ ਸਤਲੁਜ ਪਰਪਲ ਦੇ ਫ਼ਲ ਦਾ ਝਾੜ ਅਤੇ ਗੁਣਵਤਾ ਵਧਾਉਣ ਲਈ ਪੋਟਾਸ਼ੀਅਮ ਨਾਈਟ੍ਰੇਟ @1% ਦੇ ਦੋ ਛਿੜਕਾਅ ਪੱਤਿਆਂ ਉੱਪਰ, ਪਹਿਲਾਂ ਪੂਰੇ ਖਿੜਣ ਤੋਂ ਦੋ ਹਫ਼ਤਿਆਂ ਬਾਅਦ ਅਤੇ ਦੂਜਾ ਇਸ ਤੋਂ 10 ਦਿਨਾਂ ਬਾਅਦ ਕਰਨ ਦੀ ਸਿਫ਼ਾਰਸ਼ ਕੀਤੀ ਗਈ । ਇਸ ਨਾਲ ਫ਼ਲ ਦੇ ਅਕਾਰ ਵਿੱਚ 18 ਪ੍ਰਤੀਸ਼ਤ ਅਤੇ ਝਾੜ ਵਿੱਚ 20 ਪ੍ਰਤੀਸ਼ਤ ਦਾ ਵਾਧਾ ਹੋਇਆ ।
- ਘਰੇਲੂ ਲੋੜਾਂ ਦੀ ਪੂਰਤੀ ਲਈ 1.25 ਕਨਾਲ ਜਾਂ 625 ਮੀ$^2$ (25 ਮੀ:x25 ਮੀ:) ਦੇ ਰਕਬੇ ਵਿੱਚ ਪੌਸ਼ਟਿਕ ਬਗੀਚੀ ਜਿਸ ਵਿੱਚ ਵੱਖੋ-ਵੱਖ ਤਰ੍ਹਾਂ ਦੇ 21 ਫ਼ਲ ਲਗਾਏ ਜਾ ਸਕਣ, ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ । ਇਸ ਨਾਲ ਸਾਲ ਭਰ ਪਰਿਵਾਰ ਦੀ ਪੌਸ਼ਟਿਕ ਸੁਰੱਖਿਆ ਲਈ ਫ਼ਲ ਮਿਲਦੇ ਰਹਿਣਗੇ ।
- ਰਾਜ ਦੇ ਦੱਖਣੀ-ਪੱਛਮੀ ਖੇਤਰਾਂ ਦੀਆਂ ਹਲਕੀਆਂ ਜ਼ਮੀਨਾਂ ਵਿੱਚ ਗਰਮੀਆਂ ਦੀ ਭਿੰਡੀ ਦਾ ਵੱਧ ਝਾੜ ਲੈਣ ਅਤੇ ਜ਼ਮੀਨ ਦੀ ਸਿਹਤ ਬਰਕਰਾਰ ਰੱਖਣ ਲਈ ਖਾਰ੍ਹੇ-ਸੋਡਿਕ ਧਰਤੀ ਹੇਠਲੇ ਪਾਣੀ ਅਤੇ ਚੰਗੀ ਗੁਣਵਤਾ ਵਾਲੇ ਨਹਿਰੀ ਪਾਣੀ ਦੀ ਬਦਲਵੀਂ ਵਰਤੋਂ (1:1) ਅਤੇ ਬਿਜਾਈ ਵੇਲੇ ਝੋਨੇ ਦੀ ਪਰਾਲੀ ਦੀ ਮਲਚ @6 ਟਨ/ਹੈਕਟੇਅਰ ਵਿਛਾਉਣ ਦੀ ਸਿਫ਼ਾਰਸ਼ ਕੀਤੀ ਗਈ ।
- ਬੋਸਟਨ ਫ਼ਰਨ ਦੇ ਬੂਟੇ ਨੂੰ 45x30 ਸੈ.ਮੀ. ਦੀ ਵਿੱਥ ਤੇ 75 ਪ੍ਰਤੀਸ਼ਤ ਛਾਂ ਵਿੱਚ ਲਾਉਣ ਨਾਲ ਇਸ ਦੇ ਪੱਤਿਆਂ ਦਾ ਘੇਰਾ ਵਿਸ਼ਾਲ ਹੁੰਦਾ ਹੈ । ਇਸ ਨੂੰ ਲਗਾਉਣ ਵੇਲੇ, ਰੂੜੀ ਦੀ ਖਾਦ @10 ਟਨ/ਏਕੜ ਅਤੇ ਇਸ ਉਪਰੰਤ ਤਿੰਨ ਮਹੀਨਿਆਂ ਦੇ ਵਕਫ਼ੇ ਤੇ ਚਾਰ ਬਰਾਬਰ ਹਿੱਸਿਆਂ ਵਿੱਚ 50 ਕਿਲੋ/ਏਕੜ ਐੱਨ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ।

## ਫ਼ਸਲ ਸੁਰੱਖਿਆ ਤਕਨੀਕਾਂ

### ਖੇਤ ਫ਼ਸਲਾਂ

- ਸਾਉਣੀ ਵਿੱਚ ਬੀਜੀ ਮੱਕੀ ਦੇ ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਟ੍ਰਾਈਕੋਦਰਮਾ ਚਿਲੋਨਿਸ @1,00,000/ਹੈਕਟੇਅਰ ਦੇ ਦੋ ਛਿੜਕਾਅ, ਪਹਿਲਾ ਛਿੜਕਾਅ 10 ਦਿਨਾਂ ਦੀ ਫ਼ਸਲ ਉੱਤੇ ਅਤੇ ਦੂਜਾ ਛਿੜਕਾਅ ਪਹਿਲੇ ਤੋਂ ਇੱਕ ਹਫ਼ਤੇ ਬਾਅਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਨਰਮੇ ਦੀ ਚਿੱਟੀ ਮੱਖੀ ਦੀ ਰੋਕਥਾਮ ਲਈ ਮੁੱਢਲੀ ਅਵਸਥਾ ਦੌਰਾਨ ਨਿੰਮ ਅਧਾਰਿਤ ਜੈਵਿਕ ਕੀਟਨਾਸ਼ਕ ਜਿਵੇਂ ਕਿ ਨਿੰਬੀਸੀਡਾਈਨ ਅਤੇ ਅਚੂਕ @1.0 ਲਿਟਰ ਪ੍ਰਤੀ ਏਕੜ ਛਿੜਕਾਉਣ ਦੀ ਸਿਫ਼ਾਰਸ਼ ਕੀਤੀ ਗਈ ।
- ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਉਲਾਲਾ 50 ਡਬਲਯੂ ਜੀ (ਫਲੋਨੀਕੇਮਿਡ) @80 ਗ੍ਰਾਮ/ਏਕੜ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਗਰੀਨ ਕਮਿਸਟਰੀ ਕੀਟਨਾਸ਼ਕ, ਲਾਨੋ 10 ਈ ਸੀ (ਪਾਇਰੀਪ੍ਰੋਕਸੀਫਿਨ) ਦੀ ਸਿਫ਼ਾਰਸ਼ ਕੀਤੀ ਗਈ ।
- ਸੂਰਜਮੁਖੀ ਦੀ ਨਰਮ ਫੰਫੂਦੀ ਦੀ ਰੋਕਥਾਮ ਲਈ ਇਸ ਦੇ ਬੀਜਾਂ ਨੂੰ ਮੈਟਾਲੈਕਸਿਲ 35% ਡਬਲਯੂ ਐਸ @6 ਗ੍ਰਾਮ/ਕਿਲੋ ਬੀਜ ਨਾਲ ਸੋਧਣ ਦੀ ਸਿਫ਼ਾਰਸ਼ ਕੀਤੀ ਗਈ ।
- ਚਿੱਟੀ ਮੱਖੀ ਦੀ ਰੋਕਥਾਮ ਲਈ ਨਵੇਂ ਬਰਾਂਡ ਜਿਵੇਂ ਕਿ ਵੋਲਟੇਜ 22.9 ਐਸ ਸੀ (ਸਪਾਇਰੋਮੈਸੀਫਿਨ) @200 ਮਿ.ਲੀ./ਏਕੜ; ਰੂਬੀ, ਲੂਡੋ ਅਤੇ ਸ਼ੋਕੂ (ਡਾਇਆਫਿਨਥਿਊਰੋਨ 50 ਡਬਲਯੂ ਪੀ) @200 ਗ੍ਰਾਮ/ਏਕੜ ਅਤੇ ਗੋਲਡਮਿਟ 50 ਈ ਸੀ (ਈਥੀਆਨ) @800 ਮਿ.ਲਿ./ਏਕੜ ਦੀ ਸਿਫ਼ਾਰਸ਼ ਕੀਤੀ ਗਈ। ਨਰਮੇ ਵਿੱਚ ਜੈਸਿਡ (ਹਰੇ ਤੇਲੇ) ਦੀ ਰੋਕਥਾਮ ਲਈ ਨਵੇਂ ਕੀਟਨਾਸ਼ਕ ਜਿਵੇਂ ਕਿ ਓਸ਼ੀਨ 20 ਐਸ ਜੀ (ਡਾਈਨੋਟੀਫਿਊਰਾਨ) @60 ਗ੍ਰਾਮ/ਏਕੜ (ਐਡਹਾਕ) ਅਤੇ ਆਈਸੋਗਾਸ਼ੀ 17.8 ਐੱਸ ਐੱਲ (ਇਮੀਡਾਕਲੋਪਰਿਡ) ਦੀ ਸਿਫ਼ਾਰਸ਼ ਕੀਤੀ ਗਈ ।
- ਮੱਕਚਰੀ ਵਿੱਚ ਮੱਕੀ ਦੇ ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਕੋਰਾਜਿਨ 18.5 ਐੱਸ ਸੀ (ਕਲੋਰੈਂਟਰਾਨੀਲੀਪਰੋਲ) ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਝੋਨੇ ਦੇ ਤਣੇ ਦੇ ਗੜੂੰਏਂ ਅਤੇ ਬਾਸਮਤੀ ਚੌਲ ਦੇ ਪੱਤਾ ਲਪੇਟ ਦੀ ਰੋਕਥਾਮ ਲਈ ਕਟਸ੍ਰ 4% ਜੀ ਆਰ (ਕਾਰਟਾਪ ਹਾਈਡ੍ਰੋਕਲੋਰਾਈਡ) ਜਾਂ ਸ਼ਾਈਨਜ਼ਿਨ 0.3% ਜੀ ਆਰ (ਫਿਪਰੋਨਿਲ) ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਝੋਨੇ ਦੀ ਪੱਤਾ ਲਪੇਟ ਦੀ ਰੋਕਥਾਮ ਲਈ ਨਾਰੀਅਲ ਦੇ ਰੇਸ਼ੇ ਤੋਂ ਬਣੀ ਰੱਸੀ ਦੀ ਵਰਤੋਂ ਨਾਲ ਪੌਦੇ ਦੀ ਛਤਰੀ ਨੂੰ ਹਿਲਾਉਣ ਦੀ ਸਿਫ਼ਾਰਸ਼ ਕੀਤੀ ਗਈ ।
- ਗੋਭੀ ਦੀਆਂ ਫ਼ਸਲਾਂ ਵਿੱਚ ਡਾਇਆਮੰਡ ਬਲੈਕ ਭੰਬਟ ਦੀ ਰੋਕਥਾਮ ਲਈ ਡਿਲਫਿਨ ਡਬਲਯੂ ਜੀ (ਬੈਕਟੀਰੀਅਲ ਜੈਵਿਕ ਕੀਟਨਾਸ਼ਕ) @300 ਗ੍ਰਾਮ/ਏਕੜ ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਮੱਕੀ ਵਿੱਚ ਨਦੀਨਾਂ ਦੇ ਰੋਕਥਾਮ ਲਈ ਅਟਾਰੀ 50 ਡਬਲਯੂ ਪੀ ਅਤੇ ਟ੍ਰੈਕਸ 50 ਡਬਲਯੂ ਪੀ (ਐਟਰਾਜ਼ਾਈਨ ਦੀਆਂ ਨਵੀਆਂ ਬਰਾਂਡ ਫਾਰਮੂਲੇਸ਼ਨ) @2 ਕਿਲੋ/ਹੈਕਟੇਅਰ ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਸਿੱਧੇ ਬੀਜੇ ਝੋਨੇ ਵਿੱਚ ਚੌੜੇ ਪੱਤਿਆਂ ਵਾਲੇ ਨਦੀਨਾਂ ਅਤੇ ਘਾਹ ਆਦਿ ਦੀ ਰੋਕਥਾਮ ਲਈ ਐਲਮਿਕਸ 20 ਡਬਲਯੂ ਪੀ (ਮੈੱਟਸੁਲਫਰਾਨ ਮਿਥਾਇਲ+ਕਲੋਰੀਮਿਊਰਾਨ ਇਥਾਇਲ) @20 ਗ੍ਰਾਮ/ਹੈਕਟੇਅਰ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।

- ਪਨੀਰੀ ਲੱਗੇ ਝੋਨੇ ਵਿੱਚੋਂ ਨਦੀਨਾਂ ਦੀ ਰੋਕਥਾਮ ਲਈ ਸੋਫ਼ੁਸਾਇ 50 ਈ ਸੀ (ਪ੍ਰੀਟਿਲਾਚਲੋਰ ਦੀ ਨਵੀਂ ਬਰਾਂਡ ਫਾਰਮੂਲੇਸ਼ਨ) @1500 ਮਿ.ਲਿ./ਹੈਕਟੇਅਰ ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਅਣ-ਕਾਸ਼ਿਤ (ਬੰਜਰ) ਰਕਬੇ ਵਿੱਚ ਨਦੀਨਾਂ ਦੀ ਰੋਕਥਾਮ ਲਈ ਜਿਨਕੀ 41 ਐੱਸ ਐੱਲ (ਗਲਾਈਫੋਸੇਟ ਦੀ ਨਵੀਂ ਬਰਾਂਡ ਫਾਰਮੂਲੇਸ਼ਨ) @0.7% (100 ਲਿਟਰ ਪਾਣੀ ਵਿੱਚ 700 ਮਿ.ਲਿ.) ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।

### ਬਾਗਬਾਨੀ ਫ਼ਸਲਾਂ

- ਟਮਾਟਰ ਦੀ ਨਰਸਰੀ ਦੇ ਸਿੰਚਾਈ ਕੀਤੇ ਕਿਆਰਿਆਂ ਵਿੱਚ ਬਾਸਾਮਿਡ @40 ਗ੍ਰਾਮ/ਵਰਗਮੀਟਰ ਦੀ ਵਰਤੋਂ ਕਰਕੇ ਅਤੇ ਫਿਰ ਇਸ ਨੂੰ 8 ਦਿਨਾਂ ਲਈ ਪਲਾਸਟਿਕ ਦੀ ਸ਼ੀਟ ਨਾਲ ਢੱਕਣ ਦੀ ਸਿਫ਼ਾਰਸ਼ ਕੀਤੀ ਗਈ । ਟਮਾਟਰ ਦੀ ਨਰਸਰੀ ਦੀ ਬਿਜਾਈ ਤੋਂ ਪਹਿਲਾਂ ਸ਼ੀਟ ਲਾਹ ਕੇ 10 ਦਿਨਾਂ ਵਿੱਚ ਤਿੰਨ ਵਾਰ ਮਿੱਟੀ ਖੰਘਾਲਣ ਦੀ ਸਿਫ਼ਾਰਸ਼ ਵੀ ਕੀਤੀ ਗਈ ।
- ਲਸਣ ਦੀ ਫ਼ਸਲ ਤੇ ਲੰਬੇ ਸਮੇਂ ਤੱਕ ਨਦੀਨਾਂ ਤੇ ਕਾਬੂ ਰੱਖਣ ਲਈ ਇਨ੍ਹਾਂ ਦੇ ਉੱਗਣ ਤੋਂ ਪਹਿਲਾਂ ਨਦੀਨਨਾਸ਼ਕ ਸਟੌਂਪ 30 ਈ ਸੀ (ਪੈਂਡੀਮੈਥਾਲਿਨ) @1 ਲਿਟਰ ਜਾਂ ਗੋਲ 23.5 ਈ ਸੀ (ਆਕਸੀਫਲੋਰਫਿਨ) @425 ਮਿ.ਲਿ. ਪ੍ਰਤੀ ਏਕੜ ਦਾ ਛਿੜਕਾਅ ਕਰਨ ਉਪਰੰਤ ਝੋਨੇ ਦੀ ਪਰਾਲੀ ਦੀ ਮਲਚ @25 ਕੁਇੰਟਲ/ਏਕੜ ਵਿਛਾਉਣ ਦੀ ਸਿਫ਼ਾਰਸ਼ ਕੀਤੀ ਗਈ ।

## ਭੋਜਨ ਵਿਗਿਆਨ ਅਤੇ ਤਕਨਾਲੋਜੀ

- ਉਦਯੋਗਿਕ ਗੌਣ-ਉਤਪਾਦਾਂ ਤੋਂ ਕੁਦਰਤਨ ਖਮੀਰ ਕੀਤਾ ਬੇਬੀ ਕਾਰਨ ਅਚਾਰ ਬਣਾਉਣ ਦੀ ਤਕਨੀਕ ਵਿਕਸਿਤ ਕੀਤੀ ਗਈ ।
- ਫਿੰਗਰ ਬਾਜਰੇ ਅਤੇ ਜਵੀ ਤੋਂ ਪ੍ਰੀਬਾਇਓਟਿਕ ਪੇਅ ਪਦਾਰਥ, ਸਪਰੇਟਾ ਦੁੱਧ ਅਤੇ ਗੁਲਾਬ ਅਧਾਰਿਤ ਫੰਕਸ਼ਨਲ ਪੇਅ ਪਦਾਰਥ ਤਿਆਰ ਕੀਤੇ ਗਏ ।
- ਕਿੰਨੋ, ਐਨੋਲਾ, ਨਿੰਬੂ ਅਤੇ ਅਦਰਕ ਦੇ ਰਸ ਨੂੰ ਨਿਰਧਾਰਿਤ ਮਾਤਰਾ ਵਿਚ ਪਾ ਕੇ ਕਾਰਬੋਨੇਟਿਡ ਅਤੇ ਕਾਰਬੋਨੇਟਿਡ ਰਹਿਤ ਗੰਨੇ ਦੇ ਰਸ ਦੇ ਤਿਆਰ ਕੀਤੇ ਪੇਅ ਪਦਾਰਥ ਸਰਵੋਤਮ ਮੰਨੇ ਗਏ । ਫ਼ਲਾਂ ਦੇ ਜੂਸ ਵਿੱਚ ਐਸਕੋਰਬਿਕ ਐਸਿਡ, ਨਿੰਬੂ ਦੇ ਰਸ ਵਿੱਚ ਐਸਿਡ ਅਤੇ ਅਦਰਕ ਦੇ ਰਸ ਵਿੱਚ ਬੈਕਟੀਰੀਅਲ ਵਿਰੋਧੀ ਤੱਤਾਂ ਦੀ ਮੌਜੂਦਗੀ ਕਰਕੇ ਇਨ੍ਹਾਂ ਨੂੰ ਸੁਰੱਖਿਅਤ ਰੱਖਣ ਵਾਲੇ ਰਸਾਇਣਾਂ ਦੀ ਮਾਤਰਾ ਬਹੁਤ ਘਟਾਈ ਗਈ । ਸੁਰੱਖਿਅਤ ਰੱਖਣ ਵਾਲੇ ਰਸਾਇਣਾਂ ਦੀ ਘੱਟੋ-ਘੱਟ ਵਰਤੋਂ ਕਰਨ ਦੇ ਬਾਵਜੂਦ ਕਾਰਬੋਨੇਟਿਡ ਰਹਿਤ ਜੂਸਾਂ ਨੂੰ ਸਧਾਰਨ ਅਤੇ ਰੈਫਰੀਜੀਰੇਟਿਡ ਸਥਿਤੀਆਂ ਵਿੱਚ ਤਿੰਨ ਮਹੀਨਿਆਂ ਲਈ ਸੁਰੱਖਿਅਤ ਰੱਖਿਆ ਗਿਆ । ਗੰਨੇ ਦੇ ਰਸ ਦੀਆਂ ਵਰਤੋਂ ਯੋਗ (ਸਾਂਭ-ਸੰਭਾਲ ਦੇ 6 ਮਹੀਨੇ) ਬੋਤਲਾਂ ਦੀ ਥਰਮਲ ਪ੍ਰੋਸੈਸਿੰਗ ਦੀ ਤਕਨੀਕ ਸਿਫ਼ਾਰਸ਼ ਕੀਤੀ ਗਈ ।
- ਜੂਸ ਦੇ ਦੋ ਮਿਸ਼ਰਣਾਂ ਜਿਵੇਂ ਕਿ ਕਿਨੂੰ, ਕਾਲੀ ਗਾਜਰ ਅਤੇ ਨਾਸ਼ਪਾਤੀ ਅਤੇ ਦੂਸਰਾ ਟਮਾਟਰ ਕਾਲੀ ਗਾਜਰ, ਚਕੰਦਰ, ਖਰਬੂਜ਼ਾ ਅਤੇ ਪੁਦੀਨਾ ਨੂੰ ਸਵਾਦ ਦੇ ਮੁਲਾਂਕਣ ਪੱਖੋਂ ਸਰਵੋਤਮ ਮੰਨਿਆ ਗਿਆ । ਇਨ੍ਹਾਂ ਮਿਸ਼ਰਣਾਂ ਨੂੰ ਪੰਜਾਬ ਐਗਰੋ ਜੂਸਿਸ (ਹੁਸ਼ਿਆਰਪੁਰ) ਲਈ ਵਿਕਸਿਤ ਅਤੇ ਮਿਆਰੀਕਰਨ ਕੀਤਾ ਗਿਆ ।
- ਅੰਗੂਰਾਂ ਦਾ ਰਸ ਜੋ ਕਿ ਭਰਪੂਰ ਐਂਟੀਆਕਸੀਡੈਂਟ ਗੁਣਾਂ ਕਰਕੇ ਜਾਣਿਆ ਜਾਂਦਾ ਹੈ, ਨੂੰ ਅੰਬ ਦੇ ਜੂਸ ਵਿੱਚ 50:50 ਅਨੁਪਾਤ ਨਾਲ ਰਲਾ ਕੇ ਪੇਅ ਪਦਾਰਥ ਤਿਆਰ ਕੀਤਾ ਗਿਆ। ਅੰਗੂਰਾਂ ਦੇ ਰਸ ਤੋਂ 36 ਪ੍ਰਤੀਸ਼ਤ (ਟੀ ਐੱਸ ਐੱਸ 8.2 ਡਿਗਰੀ ਬਰਿਕਸ ਅਤੇ ਐਸਿਡਟੀ 1.28%) ਹਾਸਲ ਹੋਈ । ਮਿਸ਼ਰਣ ਦੀ ਸਮੁੱਚੀ ਪ੍ਰਵਾਨਿਕਤਾ ਦਾ ਸੈਂਸਰੀ ਸਕੋਰ 9-ਪੁਆਇੰਟ ਹੀਡੋਨਿਕ ਸਕੇਲ ਤੇ 8.0 ਰਿਹਾ ।
- ਕਿੰਨੋ, ਅਮਰੂਦ ਅਤੇ ਅੰਗੂਰ ਦੇ ਵੱਖੋ-ਵੱਖ ਮਿਸ਼ਰਣਾਂ ਦੇ ਰਸ ਦੀ ਰਹਿੰਦ-ਖੂੰਹਦ ਵਿਚ 20 ਪ੍ਰਤੀਸ਼ਤ ਖੰਡ ਅਤੇ 0.2 ਪ੍ਰਤੀਸ਼ਤ ਸਿਟਰਿਕ ਐਸਿਡ ਰਲਾ ਕੇ ਫਰੂਟ ਬਾਰ ਤਿਆਰ ਕੀਤੇ ਗਏ । ਕਿੰਨੋ, ਅਮਰੂਦ ਅਤੇ ਅੰਗੂਰ ਦੇ ਮਿਸ਼ਰਣ (1:1:1) ਵਿੱਚ 20 ਪ੍ਰਤੀਸ਼ਤ ਖੰਡ ਅਤੇ 0.2 ਪ੍ਰਤੀਸ਼ਤ ਸਿਟਰਿਕ ਐਸਿਡ ਤੋਂ ਤਿਆਰ ਕੀਤੇ ਫਰੂਟ ਬਾਰ ਨੂੰ ਵਧੇਰੇ ਪ੍ਰਵਾਨਿਕਤਾ ਸਕੋਰ ਹਾਸਲ ਹੋਏ । ਇਹ ਬਾਰ ਪੌਸ਼ਟਿਕ ਪੱਖੋਂ ਵੀ ਬਹੁਤ ਵਧੀਆ ਪਾਈ ਗਈ ।

## ਕਟਾਈ ਉਪਰੰਤ ਤਕਨੀਕਾਂ

- ਨਿੰਬੂ ਜਾਤੀ ਦੇ ਜੂਸਾਂ ਨੂੰ ਖਮੀਰ ਰਾਹੀਂ ਕੁੜੱਤਣ ਰਹਿਤ ਕਰਨ ਦੀ ਤਕਨੀਕ ਦਾ ਮਿਆਰੀਕਰਨ ਕੀਤਾ ਗਿਆ । ਕਲੈਵੀਸਪੋਰਾ ਲੁਸੀਟੇਨੀਆ ਜੋ ਕਿ ਲਿਮੋਨਿਨ ਨੂੰ 18.4 ਪ੍ਰਤੀਸ਼ਤ ਅਤੇ ਨਾਰਿੰਜਿਨ ਨੂੰ 38.96 ਪ੍ਰਤੀਸ਼ਤ ਘਟਾ ਕੇ ਕੁੜੱਤਣ ਰਹਿਤ ਐਨਜ਼ਾਈਮ, ਨਾਰਿੰਗਨੇਸ ਅਤੇ ਲਿਮੋਨਿਨ ਡੀਹਾਈਡ੍ਰੋਜੀਨੇਸ ਪੈਦਾ ਕਰ ਸਕਦਾ ਹੈ । ਇਸ ਤਕਨੀਕ ਦੀ ਸਿਫ਼ਾਰਸ਼ ਕੀਤੀ ਗਈ ।
- ਚਕੋਤਰੇ ਦੀ ਕਿਸਮ ਸਟਾਰ ਰੂਬੀ ਦੇ ਫ਼ਲ ਨੂੰ ਸਿਟਰਾਸ਼ਾਈਨ ਮੋਮ ਲਗਾ ਕੇ ਉਸ ਦੀ ਵਰਤੋਂ ਯੋਗ ਮਿਆਦ ਵਿੱਚ 14 ਦਿਨਾਂ ਦਾ ਵਾਧਾ ਕੀਤਾ ਜਾ ਸਕਦਾ ਹੈ ।
- ਅਸਪੈਰੇਗਸ (ਅਸਪੈਰੇਗਸ ਸੀਟਾਸੀਅਸ), ਫਰਨ (ਨੈਫਰੋਲੀਪਿਸ ਐਗਜ਼ਾਲਟਾਟਾ) ਅਤੇ ਸਿਲਵਰ ਓਕ (ਗਰੀਵਿਲਾ ਰੋਬਸਟਾ) ਦੇ ਪੱਤਿਆਂ ਨੂੰ 20% ਗਲਿਸਰੀਨ ਦੇ ਘੋਲ ਵਿੱਚ ਭਿਉਂ ਕੇ ਹਵਾਦਾਰ ਹਨੇਰੇ ਕਮਰੇ ਵਿੱਚ 7-8 ਦਿਨ ਰੱਖ ਕੇ ਸੁਕਾਇਆ ਜਾ ਸਕਦਾ ਹੈ । ਸੁੱਕੇ ਪੱਤਿਆਂ ਦੀ ਵਰਤੋਂ ਯੋਗ ਮਿਆਦ ਛੇ ਮਹੀਨਿਆਂ ਤੋਂ ਵੱਧ ਹੋ ਸਕਦੀ ਹੈ ।

## ਵਣ ਖੇਤੀ

- ਪਾਪਲਰ ਦੇ ਪੌਦਿਆਂ ਵਿੱਚ ਕਣਕ ਦੀਆਂ ਕਿਸਮਾਂ ਪੀ ਬੀ ਡਬਲਯੂ 725, ਪੀ ਬੀ ਡਬਲਯੂ 677 ਅਤੇ ਡਬਲਯੂ ਐਚ 1105 ਨੂੰ ਬੀਜਣ ਦੀ ਤਰਜ਼ੀਹ ਦੇਣੀ ਚਾਹੀਦੀ ਹੈ । ਵੱਧ ਝਾੜ ਲੈਣ ਲਈ ਇਨ੍ਹਾਂ ਕਿਸਮਾਂ ਨੂੰ ਨਵੰਬਰ ਦੇ ਪਹਿਲੇ ਪੰਦਰਵਾੜੇ ਵਿੱਚ ਬੀਜਣਾ ਚਾਹੀਦਾ ਹੈ ।

- ਸਫ਼ੈਦੇ ਦੇ ਬੂਟਿਆਂ ਤੋਂ ਵੱਧ ਉਤਪਾਦਨ ਲੈਣ ਲਈ ਵਿਕਾਸ ਦੇ ਵੱਖੋ-ਵੱਖ ਸਾਲਾਂ ਮੁਤਾਬਕ ਇਸ ਦੇ ਬੂਟਿਆਂ ਨੂੰ ਖਾਦਾਂ ਦੀ ਮਾਤਰਾ, ਸਮਾਂ ਅਤੇ ਪਾਉਣ ਦਾ ਢੰਗ ਤਰੀਕਾ ਨਿਰਧਾਰਿਤ ਕੀਤਾ ਗਿਆ ।
- ਯੂਨੀਵਰਸਿਟੀ ਨੇ ਸਾਲ 2016-17 ਦੌਰਾਨ ਕਿਸਾਨਾਂ ਨੂੰ ਵੰਡਣ ਲਈ ਰੁੱਖਾਂ ਦੀਆਂ ਵੱਖੋ-ਵੱਖ ਕਿਸਮਾਂ ਜਿਵੇਂ ਕਿ ਪਾਪਲਰ, ਸਫ਼ੈਦਾ, ਟਾਹਲੀ ਅਤੇ ਡੇਕ ਦੇ ਲਗਭਗ 1.30 ਲੱਖ ਬੂਟੇ ਤਿਆਰ ਕੀਤੇ ।

## ਮਧੂ ਮੱਖੀ ਪਾਲਣ

- ਐਪਿਸ ਮੇਲੀਫਿਰਾ ਦੇ ਭੰਡਾਰ ਨੂੰ ਭਰਪੂਰ ਕਰਨ ਲਈ ਕਾਮਾ ਮੱਖੀਆਂ ਨੂੰ 10 ਚੋਣਵੀਆਂ ਕਲੋਨੀਆਂ (ਸੱਤ ਸਾਫ਼-ਸੁਥਰੀਆਂ ਅਤੇ ਤਿੰਨ ਸਫ਼ਾਈ ਰਹਿਤ) ਵਿਚੋਂ ਐੱਸ ਐੱਸ ਆਰ ਮਾਰਕਰਾਂ ਰਾਹੀਂ ਜੀਨੋਟਾਇਪਿੰਗ ਲਈ ਚੁਣਿਆ ਗਿਆ ਤਾਂ ਜੋ ਸਾਫ਼ ਸੁਥਰੀਆਂ ਅਤੇ ਸਫ਼ਾਈ ਰਹਿਤ ਕਲੋਨੀਆਂ ਵਿਚਲੀ ਜੈਨੇਟਿਕ ਵਿਭਿੰਨਤਾ ਨੂੰ ਜਾਣਿਆ ਜਾ ਸਕੇ । ਇਸ ਤੋਂ ਕਲੋਨੀਆਂ ਵਿਚਲੀ 0.47 ਜੈਨੇਟਿਕ ਸਮਾਨਤਾ ਦਾ ਪਤਾ ਚੱਲਿਆ ।
- ਬਰਾਸਿਕਾ ਕਾਰੀਨੇਟਾ ਦੀ ਪਰ-ਪ੍ਰਾਗਣ ਉੱਤੇ ਖੋਜ ਤੋਂ ਸਪਸ਼ਟ ਹੋਇਆ ਕਿ ਐਪਿਸ ਮੈਲੀਫਿਰਾ ਵੱਲੋਂ ਪਰ-ਪਰਾਗਣ ਨਾਲ ਬੀਜ ਦਾ ਝਾੜ ਬਿਨਾਂ ਪਰ-ਪਰਾਗਣ (5.87 ਕੁਇੰਟਲ/ਹੈਕਟੇਅਰ) ਦੇ ਮੁਕਾਬਲਤਨ (6.80 ਕੁਇੰਟਲ/ਹੈਕਟੇਅਰ) ਰਿਹਾ ਜਦੋਂ ਕਿ ਖੁੱਲ੍ਹੇ ਪਰ-ਪਰਾਗਣ ਨਾਲ ਇਹ ਝਾੜ 7.88 ਕੁਇੰਟਲ/ਹੈਕਟੇਅਰ ਰਿਹਾ । ਬੀ ਕਾਰੀਨੇਟਾ ਦਾ ਸ਼ਹਿਦ ਉਤਪਾਦਨ 7.8 ਕਿਲੋ/ਹੈਕਟੇਅਰ ਰਿਹਾ ।
- ਪਿੰਡ ਸੁਖਲਾਧੀ, ਜ਼ਿਲ੍ਹਾ ਬਠਿੰਡਾ ਵਿੱਚ ਨਰਮੇ ਦੀ ਕਿਸਮ ਆਰ ਸੀ ਐਚ 650 ਬੀ ਜੀ 11 ਉੱਤੇ ਪਰ-ਪਰਾਗਣ ਦੀ ਖੋਜ ਤੋਂ ਪਤਾ ਚੱਲਿਆ ਕਿ ਮਧੂ ਮੱਖੀ ਨਾਲ ਪਰ-ਪਰਾਗਣ ਹੋਣ ਤੇ ਨਰਮੇ ਦੇ ਪ੍ਰਤੀ ਬਾਲ ਦੇ ਸਿਹਤਮੰਦ ਬੀਜਾਂ ਦੀ ਗਿਣਤੀ, ਸਿਹਤਮੰਦ ਬੀਜ ਦਾ ਭਾਰ, ਲਿੰਟ ਦਾ ਵਜ਼ਨ ਅਤੇ ਬੀਜ ਦਾ ਵਜਨ ਕ੍ਰਮਵਾਰ 31.0, 25.6, 8.1 ਅਤੇ 16.7 ਰਿਹਾ । ਇਸ ਤਰ੍ਹਾਂ ਮਧੂ ਮੱਖੀ ਦੇ ਪਰ-ਪਰਾਗਣ ਨਾਲ ਖੁੱਲ੍ਹੇ ਪਰ-ਪਰਾਗਣ ਦੇ ਮੁਕਾਬਲਤਨ ਨਰਮੇ ਦੇ ਪ੍ਰਤੀ ਬਾਲ ਸਿਹਤਮੰਦ ਬੀਜਾਂ ਦੀ ਗਿਣਤੀ, ਸਿਹਤਮੰਦ ਬੀਜਾਂ ਦਾ ਵਜਨ, ਲਿੰਟ ਦਾ ਵਜਨ ਅਤੇ ਬੀਜ ਦਾ ਵਜਨ ਵੱਧ ਰਿਹਾ ।

## ਖੁੰਭਾਂ ਦੀ ਕਾਸ਼ਤ

- ਪਲਿਊਰੋਟਸ ਐਰਿਨਜੀ ਦੇ ਫਿਜ਼ਿਆਲੋਜੀਕਲ, ਪੌਸ਼ਟਿਕ ਅਤੇ ਬਾਇਓਕੈਮੀਕਲ ਵਿਸ਼ੇਸ਼ਤਾਵਾਂ ਅਤੇ ਇਸ ਦੀ ਸਫ਼ਲਤਾਪੂਰਵਕ ਕਾਸ਼ਤ ਦਾ ਅਧਿਐਨ ਸਥਾਨਕ ਤੌਰ ਤੇ ਉਪਲਬਧ ਖੇਤੀ ਰਹਿੰਦ-ਖੂੰਹਦ ਦੀ ਵਰਤੋਂ ਕਰਦਿਆਂ ਕੀਤਾ ਗਿਆ ਜਿਸ ਤੋਂ ਸਪਸ਼ਟ ਹੋਇਆ ਕਿ ਇਸ ਕਿਸਮ ਨੂੰ ਪੰਜਾਬ ਵਿੱਚ ਖੁੰਭਾਂ ਦੀ ਵਿਭਿੰਨਤਾ ਵਜੋਂ ਵਪਾਰਕ ਪੱਧਰ ਤੇ ਕਾਸ਼ਤ ਕੀਤਾ ਜਾ ਸਕਦਾ ਹੈ । ਇਹ ਖੁਸ਼ਬੂਦਾਰ ਗੁੱਦੇ ਵਾਲੀ ਖੁੰਭਾਂ ਦੀ ਕਿਸਮ ਹੈ ।
- ਅਗੈਰੀਕਸ ਬਾਇਸਪੋਰਸ ਦੀ ਕਾਸ਼ਤ ਲਈ ਕਣਕ ਦੀ ਨਾੜ ਅਤੇ ਪੋਲਟਰੀ ਦੀ ਖਾਦ ਦੀ ਫਾਰਮੂਲੇਸ਼ਨ ਤੋਂ ਕੰਪੋਸਟ ਤਿਆਰ ਕਰਨ ਦਾ ਸੌਖਾ ਢੰਗ ਤਿਆਰ ਕੀਤਾ ਗਿਆ ।
- ਪਲਿਓਰੋਟਸ ਫਲੋਰੀਡਾ ਖੁੰਭ ਦਾ ਸੂਪ ਪਾਊਡਰ ਤਿਆਰ ਕੀਤਾ ਗਿਆ ਜਿਸ ਨੂੰ ਬਿਨਾਂ ਪੌਸ਼ਟਿਕਤਾ ਘਟੇ ਛੇ ਮਹੀਨਿਆਂ ਤੱਕ ਸੁਰੱਖਿਅਤ ਰੱਖਿਆ ਜਾ ਸਕਦਾ ਹੈ ।
- ਕੈਲੋਸਾਈਬ ਇੰਡੀਕਾ ਖੁੰਭ ਦੀਆਂ ਕੱਟੀਆਂ ਹੋਈਆਂ ਟੁਕੜੀਆਂ ਨੂੰ 55 ਡਿਗਰੀ ਸੈਲਸੀਅਸ ਤੇ ਸੁਕਾ ਕੇ ਅਤੇ ਪੌਲੀਥੀਨ ਦੇ ਲਿਫ਼ਾਫ਼ਿਆਂ ਵਿੱਚ ਪਾ ਕੇ ਬਿਨਾਂ ਇਨ੍ਹਾਂ ਦੇ ਰੰਗ, ਟੈਕਸਚਰ, ਪੌਸ਼ਟਿਕਤਾ ਅਤੇ ਬੈਕਟੀਰੀਅਲ ਗਿਣਤੀ ਨੂੰ ਫ਼ਰਕ ਪਏ ਬਿਨਾਂ ਤਿੰਨ ਮਹੀਨਿਆਂ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ ।

## ਖੇਤੀ ਮਸ਼ੀਨੀਕਰਨ

ਖੇਤਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਯੂਨੀਵਰਸਿਟੀ ਦੇ ਖੇਤ ਇੰਜੀਨੀਅਰਾਂ ਨੇ ਵੱਖੋ-ਵੱਖ ਤਕਨੀਕਾਂ ਦਾ ਨਵੀਨੀਕਰਨ ਕੀਤਾ ਅਤੇ ਵਿਕਸਿਤ ਕੀਤੀਆਂ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

- ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ 'ਪੀਏਯੂ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ' ਵਿਕਸਿਤ ਅਤੇ ਸਿਫ਼ਾਰਸ਼ ਕੀਤਾ ਗਿਆ । ਝੋਨੇ ਦੀ ਪਰਾਲੀ ਦਾ ਕੁਤਰਾ ਕਰਨ ਅਤੇ ਇਸ ਨੂੰ ਖੇਤਾਂ ਵਿੱਚ ਇਕਸਾਰ ਵਿਛਾਉਣ ਲਈ ਕੰਬਾਈਨ ਹਾਰਵੈਸਟਰ ਨਾਲ ਜੋੜਿਆ ਗਿਆ ਤਾਂ ਜੋ ਕਣਕ ਦੀ ਬਿਜਾਈ ਲਈ ਹੈਪੀਸੀਡਰ ਦੀ ਕਾਰਜ ਸਮਰਥਾ ਵਿੱਚ ਵਾਧਾ ਹੋ ਸਕੇ।
- ਝੋਨੇ ਦੀ ਕਟਾਈ ਉਪਰੰਤ ਪਰਾਲੀ ਦੇ ਖੁੱਲ੍ਹੇ ਅਤੇ ਖੜ੍ਹੇ ਫਾਨਿਆਂ ਦਾ ਕੁਤਰਾ ਕਰਕੇ ਖੇਤਾਂ ਵਿੱਚ ਇਕਸਾਰ ਵਿਛਾਉਣ ਲਈ ਪੀਏਯੂ ਸਟਰਾਅ ਕਟਰ-ਕਮ-ਸਪਰੈਡਰ ਦੀ ਸਿਫ਼ਾਰਸ਼ ਕੀਤੀ ਗਈ ਜਿਸ ਨੂੰ ਕੰਬਾਈਨ ਹਾਰਵੈਸਟਰ ਨਾਲ ਜੋੜਿਆ ਜਾਂਦਾ ਹੈ ਅਤੇ ਇਸ ਨਾਲ ਕਣਕ ਦੀ ਬਿਜਾਈ ਵਿੱਚ 'ਪੀਏਯੂ ਹੈਪੀ ਸੀਡਰ' ਦੀ ਕਾਰਜ ਸਮਰਥਾ ਵਿੱਚ ਵਾਧਾ ਹੁੰਦਾ ਹੈ ।
- ਨਰਮੇ ਦੀ ਫ਼ਸਲ ਉੱਤੇ ਅਸਰਦਾਇਕ ਛਿੜਕਾਅ ਕਰਨ ਲਈ ਟਰੈਕਟਰ ਨਾਲ ਚੱਲਣ ਵਾਲੇ ਸਵੈ-ਘੁੰਮਣ ਵਾਲਾ ਬੰਦੂਕਨੁਮਾ ਸਪਰੇਅਰ, ਜਿਸ ਉੱਤੇ ਆਪੇ-ਘੁੰਮਣ ਵਾਲੀਆਂ ਬੰਦੂਕਾਂ ਲੱਗੀਆਂ ਹਨ, ਸਿਫ਼ਾਰਸ਼ ਕੀਤਾ ਗਿਆ । ਇਸ ਸਪਰੇਅਰ ਦੀ ਖੇਤ ਵਿੱਚ ਕਾਰਜ ਸਮਰਥਾ 3.0-4.0 ਏਕੜ ਪ੍ਰਤੀ ਘੰਟਾ ਹੈ ।
- ਨਰਮੇ ਦੀ ਫ਼ਸਲ ਦੀਆਂ ਸਾਰੀਆਂ ਅਵਸਥਾਵਾਂ ਉੱਤੇ ਅਸਰਦਾਇਕ ਛਿੜਕਾਅ ਕਰਨ ਲਈ ਪੀਏਯੂ ਮਲਟੀਪਰਪਜ਼ ਹਾਈ ਕਲੀਅਰੈਂਸ ਸਪਰੇਅਰ ਜਿਸ ਉੱਤੇ ਸਵੈ ਘੁੰਮਣ ਵਾਲੀਆਂ ਬੰਦੂਕਨੁਮਾ ਨੋਜ਼ਲਾਂ ਲੱਗੀਆਂ ਹਨ, ਸਿਫ਼ਾਰਸ਼ ਕੀਤਾ ਗਿਆ । ਇਸ ਸਪਰੇਅਰ ਦੀ ਖੇਤ ਵਿੱਚ ਕਾਰਜ ਸਮਰਥਾ 5.0 ਏਕੜ ਪ੍ਰਤੀ ਘੰਟਾ ਹੈ ।
- ਲਸਣ ਦੀਆਂ ਤੁਰੀਆਂ ਨੂੰ ਕਿਆਰਿਆਂ ਅਤੇ ਧਰਾਤਲ ਤੇ ਲਾਉਣ ਲਈ ਟਰੈਕਟਰ ਨਾਲ ਚੱਲਣ ਵਾਲਾ ਛੇ ਕਤਾਰੀ ਪਲਾਂਟਰ ਵਿਕਸਿਤ ਕੀਤਾ ਗਿਆ ।

- ਘਰੇਲੂ ਵਰਤੋਂ ਲਈ ਖਾਣਾ ਪਕਾਉਣ ਅਤੇ ਸਬਜ਼ੀਆਂ ਜਾਂ ਹੋਰ ਫ਼ਸਲਾਂ ਸੁਕਾਉਣ ਲਈ ਸੋਲਰ ਕੁੱਕਰ-ਕਮ-ਸੁਕਾਵਾ, ਜਿਸ ਵਿੱਚ ਸਮਾਂਨਤਰ ਪਾਈਪ ਵਰਗੀ ਸੋਧੀ ਹੋਈ ਕੁਕਿੰਗ ਵੈਸਲ ਲੱਗੀ ਹੋਈ ਹੈ, ਨੂੰ ਡਿਜ਼ਾਈਨ ਕੀਤਾ ਗਿਆ ।
- ਛੱਤ ਉੱਤੇ ਲਗਾਈ ਘਰੇਲੂ ਬਗੀਚੀ ਵਿੱਚ ਪੱਤਾਦਾਰ ਸਬਜ਼ੀਆਂ ਉਗਾਉਣ ਲਈ 56 ਪੌਦਿਆਂ ਦੀ ਸਮਰਥਾ ਵਾਲੀ ਸੋਧੀ ਹੋਈ ਨਿਊਟ੍ਰੀਐਂਟ ਫਿਲਮ ਤਕਨੀਕ (ਐਨ ਐਫ ਟੀ) ਡਿਜ਼ਾਈਨ ਕੀਤੀ ਗਈ । ਨਵੰਬਰ 2016 ਵਿੱਚ ਲੈਟਸ ਦੀ ਸਫ਼ਲ ਕਾਸ਼ਤ ਕੀਤੀ ਗਈ ਅਤੇ ਬਿਜਾਈ ਤੋਂ 40 ਦਿਨਾਂ ਦੇ ਅੰਦਰ 10 ਕਿਲੋ ਲੈਟਸ ਹਾਸਲ ਕੀਤੀ ਗਈ ।
- ਝੋਨੇ ਦੀ ਪਰਾਲੀ ਦੇ ਬੇਲ (ਗੱਠ) ਕੰਬਸਟਰ ਦਾ ਪ੍ਰੋਟੋਟਾਈਪ ਡਿਜ਼ਾਈਨ ਤਿਆਰ ਕੀਤਾ ਗਿਆ ਜਿਸ ਵਿੱਚ ਪਾਇਲਟ ਫਿਊਲ ਇੰਜੈਕਸ਼ਨ ਸਿਸਟਮ ਅਤੇ ਗਰੇਟ ਸ਼ੇਕਰ ਲੱਗਾ ਹੋਇਆ ਹੈ । ਇਹ ਸਿਸਟਮ ਅੱਗ ਦੀ ਲਾਟ ਨੂੰ ਬਲਦਾ ਰੱਖਣ ਲਈ ਫਿਊਲ ਇੰਜੈਕਸ਼ਨ ਰਾਹੀਂ ਝੋਨੇ ਦੀ ਪਰਾਲੀ ਨੂੰ ਸਹੀ ਤਰ੍ਹਾਂ ਬਲਣ ਵਿੱਚ ਮਦਦ ਕਰਦਾ ਹੈ । ਪਾਣੀ ਗਰਮ ਕਰਨ ਜਾਂ ਕਮਰਾ ਨਿੱਘਾ ਕਰਨ ਲਈ ਕਮਰਸ਼ੀਅਲ ਸਕੇਲ ਤੇ 340$^0$C ਫਿਊਲ ਗੈਸ ਹਾਸਲ ਹੋਈ । ਬੇਲ (ਗੱਠ) ਕੰਬਸਟਰ (ਜਲਾਉਣ ਵਾਲੇ) ਵਿੱਚ ਸਰਦੀਆਂ ਦੀ ਇੱਕ ਰਾਤ ਵਿੱਚ ਲਗਭਗ 200 ਕਿਲੋ ਝੋਨੇ ਦੀ ਪਰਾਲੀ ਖਪਾਈ ਜਾ ਸਕਦੀ ਹੈ ।

## ਖੇਤੀ-ਪ੍ਰੋਸੈਸਿੰਗ

- ਪਿਆਜਾਂ ਦੀ ਸਾਂਭ-ਸੰਭਾਲ ਲਈ ਕੁਦਰਤਨ ਹਵਾਦਾਰ ਢਾਂਚਾ, ਜਿਸ ਦੀ ਸਮਰਥਾ 1.25 ਟਨ ਅਤੇ ਅਕਾਰ 1.8 ਮੀ:x1.2ਮੀ:x1ਮੀ: ਅਤੇ ਜਿਸ ਵਿੱਚ ਮਕੈਨੀਕਲ ਹਵਾ ਦੀ ਸਹੂਲਤ ਹੈ, ਨੂੰ ਡਿਜ਼ਾਈਨ ਕੀਤਾ ਗਿਆ, ਬਣਾਇਆ ਗਿਆ ਅਤੇ ਪਰਖਿਆ ਗਿਆ । ਇਸ ਵਿੱਚ ਚਾਰ ਮਹੀਨਿਆਂ ਦੀ ਸਾਂਭ-ਸੰਭਾਲ ਉਪਰੰਤ ਸਿਰਫ਼ 26 ਪ੍ਰਤੀਸ਼ਤ ਪਿਆਜ਼ਾਂ ਦਾ ਨੁਕਸਾਨ ਹੀ ਪਾਇਆ ਗਿਆ ।
- ਆਂਵਲਾ, ਕਰੇਲਾ ਅਤੇ ਹਰੜ ਆਦਿ ਸੁਕਾਉਣ ਲਈ ਉਨਤੀ ਪ੍ਰੋਸੈਸਿੰਗ-ਕਮ-ਮਾਰਕੀਟਿੰਗ ਕੋਆਪਰੇਟਿਵ ਸੋਸਾਇਟੀ ਵਿਖੇ ਫੋਰਸਡ ਸਰਕੂਲੇਸ਼ਨ ਸੂਰਜੀ ਸੁਕਾਵਾ ਲਗਾਇਆ ਗਿਆ ।
- ਸੂਰਜੀ ਊਰਜਾ ਦੀ ਵਰਤੋਂ ਕਰਦਿਆਂ ਸਾਉਣੀ ਦੇ ਪਿਆਜਾਂ ਨੂੰ ਸੋਧਣ ਦਾ ਸਿਸਟਮ ਤਿਆਰ ਕੀਤਾ ਗਿਆ । ਇੱਕ ਵਾਰੀ ਵਿੱਚ ਇਸ ਸਿਸਟਮ ਰਾਹੀਂ 200 ਕਿਲੋ ਪਿਆਜ ਸੋਧੇ ਜਾਣ ਦੀ ਸਮਰਥਾ ਹੈ ।

## ਜਲ ਦੀ ਸਾਂਭ-ਸੰਭਾਲ ਅਤੇ ਗੁਣਵਤਾ

- ਸਬਮਰਸੀਬਲ ਪੰਪ ਸੈੱਟ ਅਤੇ ਉਨ੍ਹਾਂ ਦਾ ਸਾਜੋ ਸਮਾਨ ਜਿਵੇਂ ਕਿ ਪੰਪ ਹਾਰਸ ਪਾਵਰ, ਪੀਵੀਸੀ ਪਾਈਪ ਡਾਇਆਮੀਟਰ, ਵਾਇਰ ਤਾਰ ਦਾ ਡਾਇਆਮੀਟਰ ਅਤੇ ਤਾਰ ਦੀ ਲੰਬਾਈ ਆਦਿ ਦੀ ਢੁਕਵੀਂ ਚੋਣ ਕਰਨ ਲਈ ਅਪਗ੍ਰੇਡਿਡ ਡਸੀਜ਼ਨ ਸਪੋਰਟ ਸਿਸਟਮ ਵਿਕਸਿਤ ਕੀਤਾ ਗਿਆ ।
- ਵਿਰਾਨ ਖੂਹਾਂ ਨੂੰ ਨਹਿਰ ਦੇ ਵਾਧੂ ਪਾਣੀ/ਖੇਤੀ ਦੇ ਜਲ ਵਹਿਣ ਨਾਲ ਬਿਨਾਂ ਧਰਤੀ ਹੇਠਲੇ ਪਾਣੀ ਦੀ ਗੁਣਵਤਾ ਨੂੰ ਕੋਈ ਨੁਕਸਾਨ ਪਹੁੰਚਾਏ, ਰੀਚਾਰਜ ਕਰਨ ਲਈ ਵਰਤਿਆ ਜਾ ਸਕਦਾ ਹੈ । ਬਰਸਾਤੀ ਮੌਸਮ ਦੌਰਾਨ ਧਰਤੀ ਹੇਠਲੇ ਪਾਣੀ ਦੀ ਗੁਣਵਤਾ ਵਿੱਚ ਵਾਧਾ ਹੋਇਆ ।
- ਮੱਧ ਪੰਜਾਬ ਦੇ ਚਾਰ ਜ਼ਿਲ੍ਹਿਆਂ ਜਿਵੇਂ ਕਿ ਫ਼ਤਹਿਗੜ੍ਹ ਸਾਹਿਬ, ਪਟਿਆਲਾ, ਮੋਗਾ ਅਤੇ ਲੁਧਿਆਣਾ ਦੇ ਧਰਤੀ ਹੇਠਲੇ ਪਾਣੀ ਵਿੱਚ ਐੱਨ, ਪੀ ਅਤੇ ਕੇ ਤੱਤਾਂ ਦਾ ਸੰਘਣਾਪਣ ਨਿਸ਼ਚਿਤ ਹੱਦ ਤੱਕ ਹੀ ਪਾਇਆ ਗਿਆ । ਲੇਕਿਨ ਇਨ੍ਹਾਂ ਜ਼ਿਲ੍ਹਿਆਂ ਦੇ ਧਰਤੀ ਹੇਠਲੇ ਪਾਣੀ ਦੇ ਕੁਝ ਨਮੂਨੇ ਬੈਕਟੀਰੀਆ ਪੱਖੋਂ ਗੰਧਲੇ ਪਾਏ ਗਏ ।

## ਖੇਤੀ ਅਰਥਚਾਰਾ

- ਪੰਜਾਬ ਵਿੱਚ ਖੇਤੀ ਦੀ ਆਰਥਿਕਤਾ, ਆਮਦਨ ਅਤੇ ਖਰਚ ਦੇ ਰੁਝਾਨ ਦਾ ਅਧਿਐਨ ਕਰਨ ਤੇ ਪਤਾ ਲੱਗਾ ਕਿ ਸਾਲ 2015-16 ਦੌਰਾਨ ਪੰਜਾਬ ਵਿੱਚ ਕਾਸ਼ਤ ਦਾ ਔਸਤ ਰਕਬਾ ਸਾਲ 2004-05 ਦੇ 3.06 ਹੈਕਟੇਅਰ ਦੇ ਮੁਕਾਬਲਤਨ 4.0 ਹੈਕਟੇਅਰ ਸੀ । ਕਿਸਾਨਾਂ ਦੀ ਆਪਣੀ ਮਲਕੀਅਤ ਵਾਲੀ ਜ਼ਮੀਨ ਸਾਲ 2004-05 ਵਿੱਚ 69 ਪ੍ਰਤੀਸ਼ਤ ਸੀ, ਜੋ ਕਿ ਸਾਲ 2015-16 ਵਿੱਚ ਵੱਧ ਕੇ 77.50 ਪ੍ਰਤੀਸ਼ਤ ਹੋ ਗਈ। ਇਸ ਤਰ੍ਹਾਂ ਆਪਣੀ ਅਤੇ ਠੇਕੇ ਤੇ ਲਈ ਜ਼ਮੀਨ ਸਾਲ 2004-05 ਵਿਚਲੇ 30 ਪ੍ਰਤੀਸ਼ਤ ਦੇ ਮੁਕਾਬਲਤਨ ਸਾਲ 2015-16 ਵਿੱਚ 25.54 ਪ੍ਰਤੀਸ਼ਤ ਸੀ । ਪੰਜਾਬ ਵਿੱਚ ਸਿਰਫ਼ ਠੇਕੇ ਤੇ ਜ਼ਮੀਨ ਲੈਣ ਦਾ ਰੁਝਾਨ ਬਿਲਕੁਲ ਨਹੀਂ ਰਿਹਾ। ਅਧਿਐਨ ਤੋਂ ਇਹ ਵੀ ਪਤਾ ਲੱਗਾ ਕਿ 38 ਪ੍ਰਤੀਸ਼ਤ ਨਿਮਨ ਅਤੇ ਸੀਮਾਂਤ ਕਿਸਾਨ 12 ਪ੍ਰਤੀਸ਼ਤ ਰਕਬੇ ਤੇ ਖੇਤੀ ਕਰਦੇ ਹਨ ਜਦੋਂ ਕਿ ਸਿਰਫ਼ 18 ਪ੍ਰਤੀਸ਼ਤ ਵੱਡੇ ਕਿਸਾਨ ਪੰਜਾਬ ਦੇ 46 ਪ੍ਰਤੀਸ਼ਤ ਰਕਬੇ ਤੇ ਖੇਤੀ ਕਰਦੇ ਹਨ। ਸਾਲ 2004-05 ਦੌਰਾਨ 38 ਪ੍ਰਤੀਸ਼ਤ ਦੇ ਮੁਕਾਬਲਤਨ ਸਾਲ 2015-16 ਦੌਰਾਨ ਲਗਭਗ 65 ਪ੍ਰਤੀਸ਼ਤ ਕਿਸਾਨਾਂ ਕੋਲ ਆਪਣੇ ਟਰੈਕਟਰ ਸਨ । ਪੰਜਾਬ ਦੇ ਖੇਤੀ ਖੇਤਰ ਵਿੱਚ ਟਰੈਕਟਰਾਂ ਅਤੇ ਡੀਜ਼ਲ ਇੰਜਣਾਂ ਦੀ ਬਹੁਤ ਘੱਟ ਵਰਤੋਂ ਕੀਤੀ ਗਈ ਜਦੋਂ ਕਿ ਬਿਜਲਈ ਮੋਟਰਾਂ ਦੀ ਵਰਤੋਂ ਸਮਰਥਾ ਵਧੇਰੇ ਰਹੀ । ਸੀਮਾਂਤ ਕਿਸਾਨਾਂ ਵਿੱਚ ਡੇਅਰੀ ਦਾ ਧੰਦਾ ਵਧੇਰੇ ਪਸੰਦੀਦਾ ਰਿਹਾ ਕਿਉਂ ਜੋ ਇਹ ਧੰਦਾ ਪਰਿਵਾਰ ਦੀ ਆਮਦਨ ਵਿੱਚ 32 ਪ੍ਰਤੀਸ਼ਤ ਯੋਗਦਾਨ ਪਾਉਂਦਾ ਸੀ, ਜਦੋਂ ਕਿ ਵੱਡੇ ਕਿਸਾਨਾਂ ਦੀ ਆਮਦਨ ਵਿੱਚ ਇਸ ਧੰਦੇ ਦਾ ਯੋਗਦਾਨ 10 ਪ੍ਰਤੀਸ਼ਤ ਹੀ ਸੀ । ਖੇਤੀ ਦੇ ਧੰਦੇ ਵਿੱਚ ਸਿਰਫ਼ 58 ਪ੍ਰਤੀਸ਼ਤ ਪਰਿਵਾਰਕ ਮੈਂਬਰਾਂ ਦੀ ਮਿਹਨਤ ਹੀ ਮਿਲ ਸਕੀ। ਖੋਜ ਤੋਂ ਇਹ ਵੀ ਸਪਸ਼ਟ ਹੋਇਆ ਕਿ ਗਰੀਬੀ ਰੇਖਾ ਤੋਂ ਥੱਲੇ ਵਾਲੇ ਖੇਤੀ ਪਰਿਵਾਰਾਂ ਦੀ ਅਨੁਪਾਤ ਜੋ ਕਿ ਸਾਲ 2004-05 ਵਿੱਚ 10 ਪ੍ਰਤੀਸ਼ਤ ਸੀ, ਸਾਲ 2015-16 ਵਿੱਚ ਘਟ ਕੇ 9 ਪ੍ਰਤੀਸ਼ਤ ਰਹਿ ਗਈ ।
- ਪੰਜਾਬ ਦੇ ਲੁਧਿਆਣਾ, ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਸੈਲਫ ਹੈਲਪ ਗਰੁੱਪ ਮੈਂਬਰਾਂ ਵੱਲੋਂ ਕੀਤੇ ਜਾ ਰਹੇ ਉੱਦਮਾਂ ਦੇ ਸਮਾਜਿਕ-ਆਰਥਿਕ ਪ੍ਰਭਾਵਾਂ ਦਾ ਅਧਿਐਨ ਕੀਤਾ ਗਿਆ । ਇਸ ਮੰਤਵ ਲਈ 30 ਸੈਲਫ ਹੈਲਪ ਗਰੁੱਪ

ਅਤੇ ਫਿਰ ਉਨ੍ਹਾਂ ਵਿਚੋਂ ਹਰੇਕ ਗਰੁੱਪ ਦੇ ਦੋ ਕੋਈ ਮੈਂਬਰ ਚੁਣੇ ਗਏ । ਇਹ ਅਧਿਐਨ ਸਾਲ 2014 ਦੌਰਾਨ ਕੀਤਾ ਗਿਆ । ਅਧਿਐਨ ਤੋਂ ਸਪਸ਼ਟ ਹੋਇਆ ਕਿ ਸੈਲਫ ਹੈਲਪ ਗਰੁੱਪਾਂ ਦਾ ਆਪਣੇ ਮੈਂਬਰਾਂ ਦੀ ਆਮਦਨ ਦੀ ਬੱਚਤ ਕਰਨ, ਜਾਇਦਾਦ ਬਣਾਉਣ, ਰੁਜ਼ਗਾਰ ਹਾਸਲ ਕਰਨ ਅਤੇ ਹੋਰ ਸਮਾਜਿਕ ਪੱਖਾਂ ਤੇ ਚੰਗਾ ਅਸਰ ਪੈਂਦਾ ਹੈ । ਲੇਕਿਨ ਸੈਲਫ ਹੈਲਪ ਗਰੁੱਪਾਂ ਦੇ ਮੈਂਬਰਾਂ ਨੂੰ ਬੈਂਕਾਂ ਵਿੱਚ ਖਾਤੇ ਖੁਲਾਉਣ, ਉਧਾਰ ਤੇ ਸਮਾਨ ਘੱਟ ਮਿਲਣ, ਉਧਾਰ ਲਈ ਹੋਈ ਰਾਸ਼ੀ ਤੇ ਵੱਧ ਵਿਆਜ, ਮੰਡੀਕਰਨ ਅਤੇ ਐਮਐਨਸੀ'ਜ਼ ਦਾ ਮੁਕਾਬਲਾ ਕਰਨ ਵਰਗੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਸਿਖਲਾਈ ਦੀ ਘਾਟ ਵੀ ਸੈਲਫ ਹੈਲਪ ਗਰੁੱਪਾਂ ਦੀ ਸਫ਼ਲਤਾ ਵਿੱਚ ਰੋੜ੍ਹੇ ਅਟਕਾਉਂਦੀ ਹੈ ।

- ਪੰਜਾਬ ਵਿੱਚ ਵੱਖੋ-ਵੱਖ ਫ਼ਸਲਾਂ ਅਤੇ ਫ਼ਸਲੀ ਚੱਕਰਾਂ ਦੇ ਮੁਨਾਫਿਆਂ ਦਾ, ਮੰਡੀ ਦੇ ਮੁੱਲ, ਆਰਥਿਕ ਕੀਮਤਾਂ (ਬਿਨਾਂ ਸਬਸਿਡੀ) ਅਤੇ ਬਾਇਓਲੋਜੀਕਲ ਨਾਈਟ੍ਰੋਜਨ ਫਿਕਸੇਸ਼ਨ ਅਤੇ ਗਰੀਨ ਹਾਊਸ ਗੈਸ ਲਾਗਤਾਂ ਨੂੰ ਧਿਆਨ ਵਿੱਚ ਰੱਖਦਿਆਂ ਕੁਦਰਤੀ ਸੋਮਿਆਂ ਦੀ ਕੀਮਤ ਵਰਗੇ ਬਦਲਵੇ ਰੁਝਾਨਾਂ ਰਾਹੀਂ ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ। ਇਸ ਤੋਂ ਸਪਸ਼ਟ ਹੋਇਆ ਕਿ ਮੰਡੀਕਰਨ ਦੇ ਮੌਜੂਦਾ ਬੁਨਿਆਦੀ ਢਾਂਚੇ ਅਤੇ ਖੇਤੀ ਤਕਨਾਲੋਜੀ ਦੀ ਜਾਣਕਾਰੀ ਦੇ ਸੰਦਰਭ ਵਿੱਚ ਕਣਕ-ਝੋਨੇ ਦਾ ਫ਼ਸਲੀ ਚੱਕਰ ਹੀ ਅਜਿਹਾ ਹੈ ਜਿਸ ਤੋਂ ਵੱਧ ਝਾੜ ਅਤੇ ਵਧੇਰੇ ਭਰੋਸੇਯੋਗ ਆਮਦਨ ਹਾਸਲ ਹੋ ਸਕਦੀ ਹੈ । ਕੁਦਰਤੀ ਸੋਮਿਆਂ ਦੀ ਲਗਾਤਾਰਤਾ ਤਾਂ ਹੀ ਸੰਭਵ ਹੋ ਸਕਦੀ ਹੈ ਜੇਕਰ ਬਦਲਵੀਆਂ ਫ਼ਸਲਾਂ ਨੂੰ ਵੀ ਉਸੇ ਤਰ੍ਹਾਂ ਤਕਨਾਲੋਜੀ-ਮੰਡੀ ਅਤੇ ਸਰਕਾਰ ਦਾ ਭਰੋਸਾ ਮਿਲਦਾ ਰਹੇ ਜਿਵੇਂ ਕਿ ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਤੋਂ ਮਿਲ ਰਿਹਾ ਹੈ, ਜਿਸ ਤੋਂ ਭਰੋਸੇਯੋਗ ਵੱਧ ਆਮਦਨ ਹਾਸਲ ਹੁੰਦੀ ਹੈ । ਹੋਰਨਾਂ ਫ਼ਸਲਾਂ ਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਨੂੰ ਵੀ ਜਾਣਨ ਦੀ ਲੋੜ ਹੈ ਤਾਂ ਜੋ ਕਿਸਾਨ ਝੋਨੇ ਵਰਗੀਆਂ ਵੱਧ ਪਾਣੀ ਲੈਣ ਵਾਲੀਆਂ ਫ਼ਸਲਾਂ ਤੋਂ ਕਿਨਾਰਾ ਕਰ ਸਕਣ ।

## ਬਾਇਓਕਮਿਸਟਰੀ

- ਦਸ ਸਾਲ ਦੀ ਉਮਰ ਦੇ ਅਤੇ ਪੰਜ ਸਾਲ ਦੀ ਉਮਰ ਦੇ ਮੁਕਾਬਲਤਨ ਪੰਦਰਾਂ ਸਾਲ ਪੁਰਾਣੇ ਕਿੰਨੋ ਦੇ ਰੁੱਖਾਂ ਤੋਂ ਤੋੜੇ ਫ਼ਲਾਂ ਵਿੱਚ ਸਭ ਤੋਂ ਵੱਧ ਕੁੱਲ ਘੁਲਣਸ਼ੀਲ ਖੰਡ, ਕੁੱਲ ਘੁਲਣਸ਼ੀਲ ਪ੍ਰੋਟੀਨ, ਫਲੈਵੋਨੂਆਇਡਜ਼, ਵਿਟਾਮਿਨ ਸੀ, ਕੁੱਲ ਘੁਲਣਸ਼ੀਲ ਠੋਸ ਅਤੇ ਟੀ ਐਸ ਐਸ ਐਸਿਡ ਦੀ ਅਨੁਪਾਤ ਪਾਈ ਗਈ । ਪੰਦਰਾਂ ਸਾਲ ਪੁਰਾਣੇ ਕਿੰਨੋ ਮੈਂਡਰਿਨ ਦੇ ਰੁੱਖਾਂ ਤੋਂ ਪੰਜ ਸਾਲ ਪੁਰਾਣੇ ਰੁੱਖਾਂ ਦੇ ਮੁਕਾਬਲਤਨ ਵਧੇਰੇ ਝਾੜ ਹਾਸਲ ਹੋਇਆ ਕਿਉਂਕਿ ਇਨ੍ਹਾਂ ਵਿੱਚ ਫ਼ਲ ਦਾ ਕੇਰਾ ਘੱਟ ਅਤੇ ਅਕਾਰ ਵੱਧ ਸੀ ।
- ਰੂਟ ਸਟਾਕ ਸਿਟਰਸ ਜੈਂਮਭਿਰੀ ਲਸ਼ ਤੇ ਪਿਉਂਦ ਕੀਤੇ ਡੇਜ਼ੀ ਮੈਂਡਰਿਨ ਦੇ ਫ਼ਲ ਵਿੱਚ ਕੈਰੀਜ਼ੋ ਸਿਟਰੇਂਜ ਅਤੇ ਵੋਲਕਾਮੈਰੀਆਨਾ ਉਪਰੰਤ ਕਣਾਤਮਕ/ਦਾਣੇਦਾਰ ਡਿਗਰੀ ਵਧੇਰੇ ਰਹੀ । ਇਨ੍ਹਾਂ ਤਿੰਨਾਂ ਰੂਟਸਟਾਕਾਂ ਵਿੱਚੋਂ ਜੂਸ ਦੀ ਵਧੇਰੇ ਪੀਐਚ, ਫਲੈਵੋਨੂਆਇਡਜ਼, ਕੈਰੋਟਿਨੂਆਇਡਜ਼, $\alpha$-ਐਮੀਲੇਜ਼ ਗਤੀਵਿਧੀ ਅਤੇ ਘੱਟ ਪੀਰਾਕਸੀਡੇਸ ਗਤੀਵਿਧੀ ਸਿਟਰਸ ਜੈਂਮਭਿਰੀ ਲਸ਼ ਵਿੱਚ ਰਿਕਾਰਡ ਕੀਤੀ ਗਈ ।
- ਲਚਕੀਲੀਆਂ ਟਾਹਣੀਆਂ ਅਤੇ ਤੁਪਕਾ ਸਿੰਚਾਈ ਵਾਲੇ ਸਬਸਟ੍ਰੇਟ ਹਾਈਡ੍ਰੋਪੋਨਿਕ ਸਿਸਟਮ ਤੇ ਲਗਾਈ ਟਮਾਟਰਾਂ ਦੀ ਫ਼ਸਲ ਦੇ ਫ਼ਲ ਦੀ ਗੁਣਵਤਾ ਉੱਤੇ ਪੌਸ਼ਟਿਕ ਘੋਲਾਂ ਵਿੱਚ ਐਨ ਅਤੇ ਕੇ ਤੱਤਾਂ ਦੇ ਵੱਖੋ-ਵੱਖ ਅਨੁਪਾਤਾਂ ਦੇ ਪ੍ਰਭਾਵ ਦਾ ਮੁਲਾਂਕਣ ਕੀਤਾ ਗਿਆ । ਲਚਕੀਲੀ ਟਾਹਣੀਆਂ ਤੇ ਸਰਦ ਰੁੱਤ ਦੀ ਲਗਾਈ ਫ਼ਸਲ ਵਿੱਚ ਫ਼ਲ ਦੀ ਸਖਤਾਈ, ਐਸਕਾਰਬਿਕ ਐਸਿਡ ਅਤੇ ਕੁੱਲ ਘੁਲਣਸ਼ੀਲ ਖੰਡ ਦੀ ਵਧੇਰੇ ਉੱਤਮ ਗੁਣਵਤਾ ਪਾਈ ਗਈ । ਸਰਦ ਰੁੱਤ ਦੀ ਇਸ ਫ਼ਸਲ ਦੇ ਹਰੇ ਭਰੇ ਹੋਣ ਤੇ ਐੱਨ ਤੇ ਕੇ ਤੱਤਾਂ ਨੂੰ 1.4:3 ਅਤੇ ਫ਼ਲ ਪੈਣ ਦੀ ਅਵਸਥਾ ਤੇ 1.7:3.5 ਪਾਉਣ ਨਾਲ ਵਧੇਰੇ ਝਾੜ (20.61 ਕਿਲੋ ਪੌਦਾ$^{-1}$) ਹਾਸਲ ਹੁੰਦਾ ਹੈ ।
- ਛੋਲਿਆਂ ਦੀ ਡੂੰਘੀਆਂ ਜੜ੍ਹਾ ਵਾਲੀ ਜੀਨੋ ਕਿਸਮ ਆਈ ਸੀ ਸੀ 4958 ਪਾਣੀ ਦੀ ਘਾਟ ਅਤੇ ਆਕਸੀਡੇਟਿਵ ਦਬਾਅ ਦਾ ਮੁਕਾਬਲਾ ਜੀਨੋ ਕਿਸਮ ਆਈ ਐੱਲ ਸੀ 3279 (ਘੱਟ ਡੂੰਘੀਆਂ ਜੜ੍ਹਾਂ ਵਾਲੀ) ਨਾਲੋਂ ਵਧੇਰੇ ਚੰਗੀ ਤਰ੍ਹਾਂ ਕਰ ਸਕਦੀ ਹੈ, ਜਿਸਦਾ ਪਤਾ ਕੁਲ ਫਿਨੋਲਜ਼ ਦੇ ਵਾਧੇ, ਫੈਰਿਕ ਘਟਾਉਣ ਦੀ ਸਮਰਥਾ ਅਤੇ 2-ਡਾਈਫਿਨਾਇਲ 1-1-ਪਾਈਕਰਿਲ। ਹਾਇਡਰੇਜ਼ਿਲ (ਡੀਪੀਪੀਐਚ) ਅਤੇ ਓ ਐੱਚ ਮੁਕਤ ਰੈਡੀਕਲ ਨੂੰ ਬਾਹਰ ਕੱਢਣ ਦੀ ਸਮਰਥਾ ਤੋਂ ਲੱਗਦਾ ਹੈ । ਜੀਨੋਕਿਸਮ ਆਈ ਸੀ ਸੀ 4958 ਦੀਆਂ ਜੜ੍ਹਾਂ ਵਿੱਚ ਐਂਟੀ-ਆਕਸੀਡੇਟਿਵ ਸਮਰਥਾ ਵਧੇਰੇ ਸੀ ।

## ਭੋਜਨ ਅਤੇ ਪੋਸ਼ਣ

- ਪੰਜਾਬ ਦੇ ਤਿੰਨ ਖੇਤਰਾਂ ਜਿਵੇਂ ਕਿ ਮਾਲਵਾ, ਮਾਝਾ ਅਤੇ ਦੁਆਬੇ ਦੇ ਸ਼ਹਿਰੀ ਅਤੇ ਪੇਂਡੂ ਸਕੂਲਾਂ ਵਿੱਚੋਂ ਲਗਭਗ 1050 ਸਕੂਲੀ ਬੱਚੇ (11-17 ਸਾਲ) ਤੀਹ ਸਮੂਹ ਮਲਟੀਸਟੇਜ ਨਮੂਨਾ ਤਕਨੀਕ ਨਾਲ ਚੁਣੇ ਗਏ । ਇਹ ਵੇਖਣ ਵਿੱਚ ਆਇਆ ਹੈ ਕਿ ਸਕੂਲ ਜਾਂਦੇ ਬੱਚਿਆਂ ਵਿੱਚ ਖੂਨ ਦੀ ਕਮੀ ਸਭ ਤੋਂ ਵੱਧ (97%) ਸੀ । ਲੇਕਿਨ ਸਮੁੱਚੇ ਸਰੀਰਕ ਵਿਕਾਸ ਵਿੱਚ ਪੋਸ਼ਣ ਦੀ ਘਾਟ ਦਾ ਮੁਲਾਂਕਣ ਪਤਲੇ ਅਤੇ ਰੁਕੇ ਹੋਏ ਵਿਕਾਸ ਵਜੋਂ ਕੀਤਾ ਗਿਆ ਅਤੇ ਇਹ ਅਨੁਪਾਤ ਕ੍ਰਮਵਾਰ 24 ਅਤੇ 18 ਪ੍ਰਤੀਸ਼ਤ ਪਾਈ ਗਈ । ਪੰਜਾਬੀ ਸਕੂਲੀ ਬੱਚਿਆਂ ਵਿੱਚ ਵਾਧੂ ਪੋਸ਼ਣ ਦੀ ਘਾਟ ਪਾਈ ਗਈ, ਇਸਦੀ ਅਨੁਪਾਤ ਮਾਝਾ, ਦੁਆਬਾ ਅਤੇ ਮਾਲਵਾ ਖੇਤਰਾਂ ਵਿੱਚ ਕ੍ਰਮਵਾਰ 11,7 ਅਤੇ 5 ਪ੍ਰਤੀਸ਼ਤ ਹੀ ਪਾਈ ਗਈ । ਬੱਚਿਆਂ ਵਿੱਚ ਖੂਨ ਦੀ ਕਮੀ ਵਿਚਲੀ ਵੱਖਰਤਾ ਨੂੰ ਉਨ੍ਹਾਂ ਦੀ ਜਾਤ ਨਾਲ ਜੋੜਕੇ ਵੀ ਵੇਖਿਆ ਗਿਆ ਜਦੋਂ ਕਿ ਵੱਖੋ-ਵੱਖ ਸਮਾਜਿਕ-ਆਰਥਿਕ ਕਾਰਨਾਂ ਕਰਕੇ ਪਤਲੇਪਣ ਦਾ ਧਰਮ ਨਾਲ ਗੂੜਾ ਸੰਬੰਧ ਵੇਖਣ ਨੂੰ ਮਿਲਿਆ । ਪਰਿਵਾਰਿਕ ਆਮਦਨ ਅਤੇ ਮਾਪਿਆਂ ਦੀ ਵਿਦਿਅਕ ਸਥਿਤੀ ਵੀ ਬੱਚਿਆਂ ਦੇ ਰੁਕੇ ਹੋਏ ਵਿਕਾਸ ਤੇ ਸਿੱਧਾ ਅਸਰ ਪਾਉਂਦੀ ਹੈ ।
- ਸ਼ਹਿਰਾਂ ਵਿੱਚ ਵਸਦੇ ਵੱਧ ਲਹੂ ਦਬਾਅ ਵਾਲੇ ਮਰੀਜ਼ਾਂ (45-60 ਸਾਲ) ਦੇ ਜ਼ਿੰਦਗੀ ਜਿਉਣ ਦੇ ਢੰਗ ਵਿੱਚ ਸੁਧਾਰ ਲਿਆਉਣ ਲਈ ਪੌਸ਼ਟਿਕ ਸਿੱਖਿਆ ਦੇ ਵਿਕਸਿਤ ਕੀਤੇ

ਪੈਕੇਜ ਦੇ ਪ੍ਰਭਾਵ ਦਾ ਅਧਿਐਨ ਕੀਤਾ ਗਿਆ । ਗਤੀਵਿਧੀ ਰਹਿਤ ਜ਼ਿੰਦਗੀ ਜਿਉਣ ਦਾ ਢੰਗ ਅਤੇ ਘਰਾਂ ਵਿਚਲੀ ਖਿੱਚੋਤਾਣ ਲਹੂ ਦਬਾਅ ਨੂੰ ਵਧਾਉਣ ਦਾ ਕਾਰਨ ਬਣਦੀ ਨਜ਼ਰ ਆਈ। ਇਹ ਵੀ ਵੇਖਿਆ ਗਿਆ ਕਿ 95 ਪ੍ਰਤੀਸ਼ਤ ਪੁਰਖ ਅਤੇ 96.7 ਪ੍ਰਤੀਸ਼ਤ ਔਰਤਾਂ ਨੇ ਪਹਿਲਾਂ ਕਦੇ ਵੀ ਡਾਈਟੀਸ਼ਅਨ ਦੀ ਸਲਾਹ ਨਹੀਂ ਲਈ । ਪੌਸ਼ਟਿਕ ਸਿੱਖਿਆ ਦੇ ਪੈਕੇਜ ਨੇ ਨਿਸ਼ਚੈ ਹੀ ਇਨ੍ਹਾਂ ਦੀ ਜਾਣਕਾਰੀ, ਜਾਗਰੂਕਤਾ ਅਤੇ ਹੋਰ ਕੰਮਾਂ-ਕਾਜਾਂ ਨੂੰ ਵਧਾਉਣ ਵਿਚ ਕਾਫ਼ੀ ਹਾਂ-ਪੱਖੀ ਪ੍ਰਭਾਵ ਪਾਇਆ ।

- ਕੁਇਨੋਆ (ਚਿਨੋਪੋਡੀਅਮ ਕੁਇਨੋਆ) ਤੋਂ ਚਿਪਚਿਪਾਹਟ ਰਹਿਤ ਬੇਕਰੀ ਉਤਪਾਦ ਤਿਆਰ ਕੀਤੇ ਗਏ, ਜਿਨ੍ਹਾਂ ਵਿੱਚ ਕੁਇਨੋਆ ਦੇ ਆਟੇ ਨੂੰ ਚੌਲ ਅਤੇ ਜਵਾਰ ਦੇ ਆਟੇ ਵਿੱਚ 5, 10 ਅਤੇ 15 ਪ੍ਰਤੀਸ਼ਤ ਦੀ ਮਾਤਰਾ ਵਿੱਚ ਰਲਾਇਆ ਗਿਆ । ਕੁਇਨੋਆ ਤੋਂ ਤਿਆਰ ਕੀਤੇ ਬੇਕਰੀ ਉਤਪਾਦ ਜਿਵੇਂ ਕਿ ਬਿਸਕੁਟ, ਕੇਕ, ਮਫਿਨਜ਼, ਪਾਈਜ਼ ਅਤੇ ਜੈਮ ਵਾਲੀ ਪੇਸਟਰੀ ਨੂੰ ਜਦੋਂ ਪ੍ਰਵਾਨਿਕਤਾ ਦੇ 10 ਪ੍ਰਤੀਸ਼ਤ ਪੱਧਰ ਤੇ ਪਰਖਿਆ ਗਿਆ ਤਾਂ ਚੌਲਾਂ ਅਤੇ ਜਵਾਰ ਦੇ ਆਟੇ ਰਲੇ ਇਨ੍ਹਾਂ ਉਤਪਾਦਾਂ ਦੀ ਪ੍ਰਵਾਨਿਕਤਾ 9 ਪੁਆਇੰਟ ਹੀਡੋਨਿਕ ਸਕੇਲ ਤੇ ਕ੍ਰਮਵਾਰ 7.46, 7.54, 7.32, 7.78 ਅਤੇ 7.56 ਰਹੀ । ਇਹ ਉਤਪਾਦ ਪ੍ਰੋਟੀਨ ਅਤੇ ਰੇਸ਼ੇ ਪੱਖੋਂ ਭਰਪੂਰ ਹੋਣ ਕਰਕੇ ਵਧੇਰੇ ਪੌਸ਼ਟਿਕ ਸਨ । ਇਨ੍ਹਾਂ ਉਤਪਾਦਾਂ ਵਿੱਚ ਕੈਲਸ਼ੀਅਮ, ਲੋਹਾ ਤੱਤ, ਮੈਗਨੀਸ਼ੀਅਮ ਅਤੇ ਜ਼ਿੰਕ ਦੀ ਮਾਤਰਾ ਕ੍ਰਮਵਾਰ 13.5-34.84 ਮਿ.ਗ੍ਰਾਮ, 1.34-1.73 ਮਿ.ਗ੍ਰਾਮ, 12.22-33.41 ਮਿ.ਗ੍ਰਾਮ ਅਤੇ 0.13-0.54 ਮਿ. ਗ੍ਰਾਮ/100 ਗ੍ਰਾਮ ਰਹੀ । ਇਨ੍ਹਾਂ ਉਤਪਾਦਾਂ ਵਿੱਚ ਐਮੀਨੋ ਐਸਿਡ ਤੱਤ ਜਿਵੇਂ ਕਿ ਟ੍ਰਿਪਟੋਫੈਨ, ਮੀਥੀਓਨਾਈਨ ਅਤੇ ਲਾਇਸਿਨ ਦੀ ਰੇਂਜ ਕ੍ਰਮਵਾਰ 52.75-100.23 ਮਿ.ਗ੍ਰਾਮ, 79.13-209.33 ਮਿ.ਗ੍ਰਾਮ ਅਤੇ 96.71-435.88 ਮਿ. ਗ੍ਰਾਮ/100 ਗ੍ਰਾਮ ਪ੍ਰੋਟੀਨ ਰਹੀ ।

## ਐਪੇਰਿਲ ਅਤੇ ਟੈਕਸਟਾਇਲਜ਼

- ਲੋੜੀਂਦੇ ਤੇਲ ਜਿਵੇਂ ਕਿ ਸਿਟਰੋਨੀਲਾ, ਸਫ਼ੈਦਾ ਅਤੇ ਰੋਜ਼ਮੈਰੀ ਜਿਨ੍ਹਾਂ ਵਿੱਚ ਮੱਛਰ ਭਜਾਉਣ ਦੀਆਂ ਵਿਸ਼ੇਸ਼ਤਾਵਾਂ ਹਨ, ਨੂੰ ਮਾਈਕ੍ਰੋ ਕੈਪਸੂਲਾਂ ਨਾਲ ਸੂਤੀ ਕੱਪੜੇ ਨੂੰ ਫਿਨਿਸ਼ ਕਰਨ ਲਈ ਵਰਤਿਆ ਗਿਆ । ਵੱਖੋ-ਵੱਖ ਸੰਘਣਤਾ ਵਿੱਚ ਇਨ੍ਹਾਂ ਤੇਲਾਂ ਦੇ ਅਸਰ ਨੂੰ ਟੈਕਸਟਾਈਲ ਦੀਆਂ ਚੁਣਵੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਮਜ਼ਬੂਤੀ, ਤਹਿ ਦੀ ਲੰਬਾਈ ਅਤੇ ਚਿੱਟੇਪਣ ਦੇ ਇੰਡੈਕਸ ਤੇ ਪਰਖਿਆ ਗਿਆ । ਇਸ ਤੋਂ ਸਪੱਸ਼ਟ ਹੋਇਆ ਕਿ 10 ਪ੍ਰਤੀਸ਼ਤ ਦੇ ਮਾਈਕ੍ਰੋ ਕੈਪਸੂਲ ਜਿਨ੍ਹਾਂ ਵਿੱਚ ਕਿੱਕਰ ਦੀ ਗੂੰਦ ਰਾਹੀਂ ਲੋੜੀਂਦੇ ਤੇਲ ਨੂੰ ਖੋਲ ਵਜੋਂ ਵਰਤ ਕੇ ਅਤੇ ਲੋੜੀਂਦੇ ਤੇਲ ਨੂੰ ਇਸਦੇ ਅੰਦਰ ਪਾ ਕੇ ਟੈਕਸਟਾਈਲ ਉਤਪਾਦਾਂ ਤੇ ਵਰਤਿਆ ਜਾ ਸਕਦਾ ਹੈ । ਸੋਧੇ ਹੋਏ ਕੱਪੜੇ ਤੋਂ ਤਿਆਰ ਕੀਤੀਆਂ ਹੋਈਆਂ ਪੂਰੀਆਂ ਬਾਹਾਂ ਵਾਲੀਆਂ ਕਮੀਜ਼ਾਂ, ਜ਼ੁਰਾਬਾਂ, ਗੁੱਟ ਦੇ ਬੈਂਡਜ਼, ਸਿਰਹਾਣਿਆਂ ਦੇ ਗਿਲਾਫ਼ ਅਤੇ ਰੁਮਾਲ ਆਦਿ ਉੱਤਰਦਾਤਾਵਾਂ ਨੂੰ ਤਜ਼ਰਬੇ ਵਜੋਂ ਦਿੱਤੇ ਗਏ। ਇਨ੍ਹਾਂ ਵਿੱਚੋਂ 90 ਪ੍ਰਤੀਸ਼ਤ ਤੋਂ ਵੱਧ ਉੱਤਰਦਾਤਾਵਾਂ ਨੇ ਰਿਪੋਰਟ ਕੀਤਾ ਕਿ ਸੋਧੇ ਹੋਏ ਇਨ੍ਹਾਂ ਕੱਪੜਿਆਂ ਨੂੰ ਪਹਿਨ ਕੇ ਮੱਛਰ ਦੇ ਡੰਗ ਮਾਰਨ ਦੀਆਂ ਘਟਨਾਵਾਂ ਵਿੱਚ ਕਮੀ ਆਈ । ਮਾਈਕ੍ਰੋ ਕੈਪਸੂਲ ਕੀਤੇ ਕੱਪੜਿਆਂ ਵਿੱਚ 30 ਧੁਆਈਆਂ ਤੋਂ ਬਾਅਦ ਵੀ ਮੱਛਰ ਭਜਾਉਣ ਦਾ ਅਸਰ ਉਵੇਂ ਹੀ ਰਿਹਾ ਜਦੋਂ ਕਿ ਸਿੱਧੇ ਲਗਾਏ ਤੇਲਾਂ ਨਾਲ ਇਸਦਾ ਅਸਰ 10 ਧੁਆਈਆਂ ਤੋਂ ਬਾਅਦ ਘਟਦਾ ਨਜ਼ਰ ਆਇਆ ।
- ਸੂਤ ਦੀ ਰਹਿੰਦ-ਖੂੰਹਦ ਅਤੇ ਸਣ ਦੇ ਰੇਸ਼ੇ ਨੂੰ ਤਿੰਨ ਅਨੁਪਾਤਾਂ (65:35,50:50 ਅਤੇ 35:65) ਵਿੱਚ ਰਲਾ ਕੇ ਧਾਗਾ ਤਿਆਰ ਕੀਤਾ ਗਿਆ । ਵੱਖੋ-ਵੱਖ ਅਨੁਪਾਤਾਂ ਵਿੱਚ ਤਿਆਰ ਕੀਤੇ ਧਾਗੇ ਦੀਆਂ ਮਕੈਨੀਕਲ ਅਤੇ ਫਿਜ਼ੀਕਲ ਵਿਸ਼ੇਸ਼ਤਾਵਾਂ ਦੀ ਪਰਖ ਕੀਤੀ ਗਈ । ਸੂਤ ਦੀ ਰਹਿੰਦ-ਖੂੰਹਦ ਅਤੇ ਸਣ ਦੇ ਰੇਸ਼ੇ ਦੀ 65:35 ਦੀ ਅਨੁਪਾਤ ਤੋਂ ਤਿਆਰ ਕੀਤਾ ਧਾਗਾ ਵਧੀਆ ਪਾਇਆ ਗਿਆ ਕਿਉਂ ਜੋ ਇਸ ਵਿੱਚ ਵਧੇਰੇ ਪਕਿਆਈ (18.75 ਆਈ ਬੀ ਐਫ) ਅਤੇ ਨਮੀ ਹਾਸਲ ਕਰਨ ਦੀ ਮਾਤਰਾ (4.21%) ਸੀ । ਇਸ ਧਾਗੇ ਨੂੰ ਪ੍ਰਤਿਕ੍ਰਿਆਸ਼ੀਲ ਰੰਗਾਈ ਨਾਲ ਰੰਗਿਆ ਗਿਆ ਅਤੇ ਹੱਥੀਂ ਤਿਆਰ ਕੀਤੇ ਜਾਣ ਵਾਲੇ ਗਲੀਚਿਆਂ ਲਈ ਵਰਤਿਆ ਗਿਆ । ਇਸ ਮਿਸ਼ਰਣ ਨਾਲ ਤਿਆਰ ਕੀਤੇ ਧਾਗੇ ਤੋਂ ਗਲੀਚੇ ਤਿਆਰ ਕਰਨ ਨੂੰ ਉੱਦਮ ਵਜੋਂ ਹੁਲਾਰਾ ਦਿੱਤਾ ਜਾ ਸਕਦਾ ਹੈ ਅਤੇ ਇਸ ਤੋਂ ਹਰ ਉੱਦਮੀ ਵਿਅਕਤੀ ਨੂੰ 11-23 ਪ੍ਰਤੀਸ਼ਤ ਦਾ ਮੁਨਾਫ਼ਾ ਹਾਸਲ ਹੋ ਸਕਦਾ ਹੈ ।

## ਤਕਨੀਕਾਂ ਦਾ ਵਪਾਰੀਕਰਨ

ਪੀਏਯੂ ਵੱਲੋਂ ਵਿਕਸਿਤ ਕੀਤੀਆਂ ਸਬਜ਼ੀਆਂ ਦੀਆਂ ਹਾਈਬ੍ਰਿਡਜ਼ ਅਤੇ ਖੇਤੀ ਤਕਨੀਕਾਂ ਦਾ ਵਪਾਰੀਕਰਨ ਕਰਨ ਲਈ ਲਾਇੰਸਸ ਸ਼ੁਦਾ ਕੰਪਨੀਆਂ ਨੂੰ ਅਣ-ਰਾਖਵੇਂ ਅਧਿਕਾਰ ਦਿੱਤੇ। ਇਸ ਸਮੇਂ ਦੌਰਾਨ ਹੇਠ ਲਿਖਿਆਂ ਨਾਲ ਸਮਝੌਤੇ ਦੇ ਪੱਤਰ ਸਹੀਬੱਧ ਕੀਤੇ ਗਏ :

- ਬੈਂਗਣਾਂ ਦੀ ਹਾਈਬ੍ਰਿਡ ਕਿਸਮ ਪੀ ਬੀ ਐੱਚ ਆਰ-42 ਅਤੇ ਪੇਠੇ ਦੀ ਹਾਈਬ੍ਰਿਡ ਕਿਸਮ ਪੀ ਪੀ ਐੱਚ-1 ਅਤੇ ਪੀ ਪੀ ਐੱਚ-2 ਦੇ ਬੀਜ ਉਤਪਾਦਨ ਲਈ ਵੀ ਐਨ ਆਰ ਸੀਡਜ਼ ਪ੍ਰਾਈਵੇਟ ਲਿਮਟਿਡ ਰਾਇਪੁਰ, ਛੱਤੀਸਗੜ੍ਹ
- ਮਿਰਚਾਂ ਦੀ ਹਾਈਬ੍ਰਿਡ ਕਿਸਮ ਸੀ ਐੱਚ-27 ਦੇ ਬੀਜ ਉਤਪਾਦਨ ਲਈ ਆਰ ਆਰ ਸੀਡਜ਼ ਐਗਰੀ-ਟੈੱਕ (ਪ੍ਰਾਈਵੇਟ) ਲਿਮਟਿਡ, ਹਸਨ, ਕਰਨਾਟਕਾ
- ਕੰਸਰੋਸ਼ੀਅਮ ਜੈਵਿਕ ਖਾਦ ਲਈ ਸੰਪੂਰਨ ਐਗਰੀ-ਵੈਨਚਰਜ਼ ਪ੍ਰਾਈਵੇਟ ਲਿਮਟਿਡ, ਚੰਡੀਗੜ੍ਹ
- ਗੰਨੇ ਦੇ ਰਸ ਨੂੰ ਬੋਤਲਬੰਦ ਕਰਨ ਲਈ ਸ੍ਰੀ ਓਮ ਸਾਈ ਸ਼ੂਗਰ ਐਂਡ ਐਲਾਇਡ ਪ੍ਰੋਡਕਟਜ਼ ਪ੍ਰਾਈਵੇਟ ਲਿਮਟਿਡ, ਖਾਨਪੁਰ, ਬੇਲਗਾਮ, ਕਰਨਾਟਕਾ
- ਲੱਕੀ ਸੀਡ ਡਰਿਲ ਬਨਾਉਣ ਲਈ ਪੀ ਆਈ ਫਾਊਂਡੇਸ਼ਨ ਟ੍ਰਸਟ, ਗੁਰੂਗਰਾਮ, ਹਰਿਆਣਾ
- ਖੁੰਬਾਂ ਦੀ ਪ੍ਰੋਸੈਸਿੰਗ ਲਈ ਮਿਜ਼ ਬੰਦਨਾ ਚੈਟਰੀ, ਬੁੱਧਾ ਠੇਹ, ਅੰਮ੍ਰਿਤਸਰ, ਪੰਜਾਬ
- ਕੱਦੂ ਦੀ ਚਟਨੀ ਬਨਾਉਣ ਲਈ ਸ੍ਰੀ ਇਕਬਾਲ ਸਿੰਘ, ਤਰਨਤਾਰਨ, ਪੰਜਾਬ

# ਸਿੱਖਿਆ

ਯੂਨੀਵਰਸਿਟੀ ਦੇ ਅਕਾਦਮਿਕ ਪ੍ਰੋਗਰਾਮ ਇਸਦੇ ਲੁਧਿਆਣਾ ਕੈਂਪਸ ਵਿਖੇ ਸਥਿਤ ਚਾਰ ਕਾਲਜਾਂ ਜਿਵੇਂ ਕਿ ਖੇਤੀਬਾੜੀ ਕਾਲਜ, ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ, ਹੋਮ ਸਾਇੰਸ ਕਾਲਜ ਤੋਂ ਇਲਾਵਾ ਪੀਏਯੂ ਖੇਤਰੀ ਖੋਜ ਸਟੇਸ਼ਨ ਗੁਰਦਾਸਪੁਰ ਅਤੇ ਬਠਿੰਡਾ ਵਿਖੇ ਸਥਿਤ ਇੰਸਟੀਚਿਊਟ ਆਫ਼ ਐਗਰੀਕਲਚਰ ਰਾਹੀਂ ਚਲਾਏ ਜਾ ਰਹੇ ਹਨ ।

## ਦਾਖਲੇ

ਸਾਲ 2016-17 ਦੌਰਾਨ ਯੂਨੀਵਰਸਿਟੀ ਵੱਲੋਂ 10 ਅੰਡਰਗ੍ਰੈਜੂਏਟ ਪ੍ਰੋਗਰਾਮਾਂ, 44 ਮਾਸਟਰਜ਼ ਪ੍ਰੋਗਰਾਮਾਂ, 29 ਡਾਕਟਰੇਟ ਪ੍ਰੋਗਰਾਮਾਂ ਅਤੇ 2 ਡਿਪਲੋਮਾ ਪ੍ਰੋਗਰਾਮਾਂ ਵਿੱਚ ਦਾਖਲੇ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| ਪ੍ਰੋਗਰਾਮ | ਸੀਟਾਂ ਦੀ ਗਿਣਤੀ | | ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ | ਪਾਸ ਹੋਏ ਵਿਦਿਆਰਥੀਆਂ ਦੀ ਗਿਣਤੀ |
|---|---|---|---|---|
| ਕਲਾਸ/ਪ੍ਰੋਗਰਾਮ | ਜਨਰਲ ਸ੍ਰੇਣੀ ਅਤੇ ਰਾਖਵੀਂ ਸ੍ਰੇਣੀ/ਵਾਧੂ | ਆਈ ਸੀ ਏ ਆਰ | | |
| **ਅੰਡਰਗਰੈਜੁਏਟ** | | | | |
| ਬੀ ਐਸ ਸੀ ਐਗਰੀਕਲਚਰ (ਆਨਰਜ਼)-4 ਸਾਲ | 85 | 15 | 100 | 124 |
| ਬੀ ਐਸ ਸੀ ਐਗਰੀਕਲਚਰ (ਆਨਰਜ਼)-6 ਸਾਲ* ਖੇਤਰੀ ਕੈਂਪਸ* (ਗੁਰਦਾਸਪੁਰ ਅਤੇ ਬਠਿੰਡਾ) | 126 | - | 126 | 62* |
| ਬੀ ਟੈੱਕ (ਐਗਰੀ. ਇੰਜ.)-4 ਸਾਲ | 72 | 11 | 83 | 94 |
| ਬੀ ਐਸ ਸੀ (ਆਨਰਜ਼) ਹੋਮ ਸਾਇੰਸ-4 ਸਾਲ | 52 | 8 | 30 | 39 |
| ਬੀ ਐਸ ਸੀ (ਆਨਰਜ਼) ਨਿਊਟ੍ਰੀਸ਼ਨ ਐਂਡ ਡਾਇਟਿਟਿਕਸ-4 ਸਾਲ | 61 | - | 61 | 51 |
| ਬੀ ਐਸ ਸੀ ਬਾਇਓਟੈੱਕ (ਆਨਰਜ਼)-4 ਸਾਲ | 53 | 9 | 62 | 50 |
| ਬੀ ਟੈੱਕ ਫੂਡ ਟੈੱਕ-4 ਸਾਲ | 57 | 9 | 62 | 61 |
| ਬੀ ਐੱਸ ਸੀ (ਆਨਰਜ਼) ਫੈਸ਼ਨ ਡਿਜ਼ਾਇਨਿੰਗ-4 ਸਾਲ | 60 | - | 27 | 29 |
| ਬੀ ਐਸ ਸੀ ਇੰਟਰੀਅਰ ਡਿਜ਼ਾਈਨ-4 ਸਾਲ | 60 | - | 24 | - |
| **ਪੋਸਟ ਗਰੈਜੁਏਟ** | | | | |
| ਐਮ ਐਸ ਸੀ ਐਗਰੀਕਲਚਰ | 141 | 33 | 174 | 285 ਐੱਮ ਐੱਸ ਸੀ/ਐੱਮ ਟੈੱਕ ਦੇ ਸਾਰੇ ਪ੍ਰੋਗਰਾਮਾਂ ਵਿੱਚ |
| ਐਮ ਐਸ ਸੀ ਹੋਮ ਸਾਇੰਸ | 48 | 10 | 34 | |
| ਐਮ ਐਸ ਸੀ ਬੇਸਿਕ ਸਾਇੰਸਜ਼ | 115 | 25 | 107 | |
| 5-ਸਾਲ ਇੰਟੈਗ੍ਰੇਟਿਡ ਐਮ ਐਸ ਸੀ (ਆਨਰਜ਼) | 80 | - | 80 | |
| ਐਮ. ਟੈੱਕ | 51 | 6 | 37 | |

| | | | | |
|---|---|---|---|---|
| ਐਮ ਬੀ ਏ | 50 | - | 39 | 36 |
| ਐਮ ਬੀ ਏ (ਐਗ੍ਰੀਬਿਜ਼ਨੈੱਸ) | 30 | 7 | 12 | 10 |
| ਪੀ ਐਚ ਡੀ | 137 | 12 | 124 | 109 |
| **ਡਿਪਲੋਮਾ** | | | | |
| ਹਾਈਬ੍ਰਿਡ ਬੀਜ ਉਤਪਾਦਨ ਤਕਨਾਲੋਜੀ ਵਿੱਚ ਡਿਪਲੋਮਾ ਕੋਰਸ | 40 | - | 14 | 3 |
| ਐਗਰੀਕਲਚਰ ਵਿੱਚ 2 ਸਾਲ ਦਾ ਡਿਪਲੋਮਾ | 30 | - | 30 | - |

* ਵਿਦਿਆਰਥੀ ਦੋ ਸਾਲ ਲਈ ਬਾਹਰਲੇ ਸਟੇਸ਼ਨਾਂ ਤੇ ਸਿੱਖਿਆ ਗ੍ਰਹਿਣ ਕਰਨਗੇ ਅਤੇ ਇਸ ਉਪਰੰਤ ਪੀਏਯੂ ਲੁਧਿਆਣਾ ਵਿਖੇ ਸਿੱਖਿਆ ਜਾਰੀ ਰੱਖ ਸਕਣਗੇ ।

## ਪ੍ਰੀਖਿਆ ਸੈੱਲ

ਕੰਟਰੋਲਰ ਪ੍ਰੀਖਿਆਵਾਂ ਦੀ ਨਿਗਰਾਨੀ ਹੇਠ ਚਲ ਰਹੇ ਪ੍ਰੀਖਿਆ ਸੈੱਲ ਵੱਲੋਂ ਪੀਏਯੂ ਦੇ ਵੱਖੋ-ਵੱਖ ਅਕਾਦਮਿਕ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ ਹੋਣਹਾਰ ਵਿਦਿਆਰਥੀਆਂ ਦੀਆਂ ਪ੍ਰਵੇਸ਼ ਪ੍ਰੀਖਿਆਵਾਂ ਲਈਆਂ ਗਈਆਂ । ਇਸ ਸੈੱਲ ਵੱਲੋਂ ਮੁਕਾਬਲਾ ਪ੍ਰੀਖਿਆਵਾਂ, ਭਰਤੀ ਟੈਸਟ ਅਤੇ ਹਾਇਰ ਸਟੈਂਡਰਡ ਵਿਭਾਗੀ ਪ੍ਰੀਖਿਆਵਾਂ ਲਈਆਂ ਗਈਆਂ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

## ਅਕਾਦਮਿਕਤਾ

- ਇਸ ਸੈੱਲ ਵੱਲੋਂ ਬੀ ਐਸ ਸੀ ਐਗਰੀਕਲਚਰ (ਆਨਰਜ਼) 4 ਸਾਲ, ਬੀ ਐਸ ਸੀ ਬਾਇਓਟੈੱਕ (ਆਨਰਜ਼) 4 ਸਾਲ, ਬੀ ਟੈੱਕ ਫੂਡ ਟੈੱਕ 4 ਸਾਲ, ਬੀ ਐਸ ਸੀ (ਆਨਰਜ਼) ਕਮਿਊਨਟੀ ਸਾਇੰਸ 4 ਸਾਲ, ਬੀ ਐਸ ਸੀ (ਆਨਰਜ਼) ਨਿਊਟ੍ਰੀਸ਼ਨ ਐਂਡ ਡਾਇਟਿਟਿਕਸ 4 ਸਾਲ ਅਤੇ ਐਮ ਐਸ ਸੀ (ਆਨਰਜ਼) ਇੰਟੈਗ੍ਰੇਟਿਡ 5 ਸਾਲ ਵਿੱਚ ਦਾਖਲਿਆਂ ਲਈ ਸੀ ਈ ਟੀ (ਸਾਂਝੀ ਪ੍ਰਵੇਸ਼ ਪ੍ਰੀਖਿਆ) ਪ੍ਰੀਖਿਆ ਜੂਨ 2017 ਦੌਰਾਨ ਲਈ ਗਈ, ਜਿਸ ਵਿੱਚ 4380 ਉਮੀਦਵਾਰਾਂ ਨੇ ਬਿਨੈਪੱਤਰ ਭੇਜੇ ।
- ਜੂਨ 2017 ਦੌਰਾਨ ਬੀ ਐਸ ਸੀ ਐਗਰੀ. (ਆਨਰਜ਼) 6 ਸਾਲ ਪ੍ਰੋਗਰਾਮ ਵਿੱਚ ਦਾਖਲੇ ਲਈ ਪ੍ਰਵੇਸ਼ ਪ੍ਰੀਖਿਆ ਲਈ ਗਈ ਜਿਸ ਵਿੱਚ 933 ਉਮੀਦਵਾਰਾਂ ਨੇ ਅਪਲਾਈ ਕੀਤਾ ।
- ਜੂਨ-ਜੁਲਾਈ 2017 ਦੌਰਾਨ ਐਮ ਐਸ ਸੀ/ਐਮ ਬੀ ਏ/ਐਮ ਬੀ ਏ (ਏ ਬੀ)/ਐਮ ਜੇ/ਐਮ ਟੈੱਕ ਪ੍ਰੋਗਰਾਮਾਂ ਵਿੱਚ ਦਾਖਲਿਆਂ ਲਈ 17 ਮਾਸਟਰ'ਜ਼ ਪ੍ਰਵੇਸ਼ ਪ੍ਰੀਖਿਆਵਾਂ (ਐਮ ਈ ਟੀ) ਲਈਆਂ ਜਿਨ੍ਹਾਂ ਲਈ 1301 ਉਮੀਦਵਾਰਾਂ ਨੇ ਅਪਲਾਈ ਕੀਤਾ ।
- ਨਵੰਬਰ-ਦਸੰਬਰ 2016 ਦੌਰਾਨ 29 ਪੀ ਐਚ ਡੀ ਪ੍ਰੋਗਰਾਮਾਂ ਵਿੱਚ ਦਾਖਲਿਆਂ ਲਈ ਪ੍ਰਵੇਸ਼ ਪ੍ਰੀਖਿਆਵਾਂ ਲਈਆਂ ਗਈਆਂ।

## ਪੀਏਯੂ ਵੱਲੋਂ/ਰਾਹੀਂ ਲਈਆਂ ਗਈਆਂ ਮੁਕਾਬਲਾ ਪ੍ਰੀਖਿਆਵਾਂ/ਭਰਤੀ ਟੈਸਟ

- 7 ਅਗਸਤ 2016 ਨੂੰ ਪੀਏਯੂ ਕੈਂਪਸ ਵਿਖੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਸਿਵਲ ਸਰਵਸਿਜ਼ (ਪ੍ਰੀਲਿਮਨਰੀ) ਪ੍ਰੀਖਿਆ ਲਈ ਇਕ ਪ੍ਰੀਖਿਆ ਕੇਂਦਰ ਬਣਾਇਆ ਗਿਆ ।
- ਅਗਸਤ 2016 ਵਿੱਚ ਨੈੱਟਵਰਕ-ਕਮ-ਪ੍ਰੋਗਰਾਮ ਅਸਿਸਟੈਂਟ, ਆਫਿਸ ਅਸਿਸਟੈਂਟ ਅਤੇ ਉਪਰੇਟਰ (ਆਡੀਓ ਵਿਜ਼ੂਅਲ ਏਡਜ਼) ਦੀਆਂ ਅਸਾਮੀਆਂ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਲਈ ਗਈ ।
- ਦਸੰਬਰ 2016 ਤੋਂ ਜਨਵਰੀ 2017 ਦੌਰਾਨ ਪੰਜਾਬ ਸਰਕਾਰ ਦੀ ਆਤਮਾ ਸਕੀਮ ਅਧੀਨ ਵੱਖੋ-ਵੱਖ ਅਸਾਮੀਆਂ ਦੀ ਭਰਤੀ ਲਈ ਲਿਖਤੀ ਪ੍ਰੀਖਿਆਵਾਂ ਲਈਆਂ । ਇਨ੍ਹਾਂ ਅਸਾਮੀਆਂ ਵਿੱਚ ਜੈਂਡਰ ਕੋਆਰਡੀਨੇਟਰ, ਪ੍ਰੋਜੈਕਟ ਡਾਇਰੈਕਟਰ, ਡਿਪਟੀ ਪ੍ਰੋਜੈਕਟ ਡਾਇਰੈਕਟਰ, ਬਲਾਕ ਤਕਨਾਲੋਜੀ ਮੈਨੇਜਰ, ਅਸਿਸਟੈਂਟ ਤਕਨਾਲੋਜੀ ਮੈਨੇਜਰ, ਅਕਾਊਟੈਂਟ-ਕਮ-ਕਲਰਕ, ਕੰਪਿਊਟਰ ਪ੍ਰੋਗਰਾਮਰ/ਕੰਪਿਊਟਰ ਉਪਰੇਟਰ, ਉਪ ਨਿਰਦੇਸ਼ਕ ਖੇਤੀ ਪਸਾਰ ਪ੍ਰਬੰਧਣ, ਉਪ ਨਿਰਦੇਸ਼ਕ ਮਾਨਵ ਸਰੋਤ ਵਿਕਾਸ, ਉਪ ਨਿਰਦੇਸ਼ਕ ਸੂਚਨਾ ਤਕਨਾਲੋਜੀ, ਉਪ ਨਿਰਦੇਸ਼ਕ ਮੰਡੀਕਰਨ ਅਤੇ ਉਪ ਨਿਰਦੇਸ਼ਕ ਕਟਾਈ ਉਪਰੰਤ ਸਾਂਭ-ਸੰਭਾਲ/ਤਕਨਾਲੋਜੀ ਵੀ ਸ਼ਾਮਲ ਸਨ ।
- ਅਪ੍ਰੈਲ 2017 ਵਿੱਚ 97 ਉਮੀਦਵਾਰਾਂ ਲਈ ਸਟੈਨੋਗ੍ਰਾਫਰ (ਗਰੇਡ-III) ਦੀ ਅਸਾਮੀ ਦੀ ਭਰਤੀ ਲਈ ਅੰਗਰੇਜ਼ੀ ਭਾਸ਼ਾ ਦੀ ਸ਼ਾਰਟਹੈਂਡ ਡਿਕਟੇਸ਼ਨ ਪ੍ਰੀਖਿਆ ਲਈ ਗਈ ।
- ਅਪ੍ਰੈਲ 2017 ਵਿੱਚ 379 ਉਮੀਦਵਾਰਾਂ ਦਾ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚ ਅਸਿਸਟੈਂਟ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚ ਅਸਿਸਟੈਂਟ (ਐਸ ਸੀ ਅਤੇ ਬੀ ਸੀ ਸ਼੍ਰੇਣੀ) ਦੀਆਂ ਅਸਾਮੀਆਂ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਲਈ ਗਈ । ਇਸੇ ਤਰ੍ਹਾਂ ਮਈ 2017 ਵਿੱਚ ਲਿਖਤੀ ਪ੍ਰੀਖਿਆ ਵਿੱਚੋਂ ਪਾਸ ਹੋਏ ਉਮੀਦਵਾਰਾਂ ਦਾ ਕੰਪਿਊਟਰ ਟੈਸਟ ਲਿਆ ਗਿਆ ।

- ਅਪ੍ਰੈਲ 2017 ਵਿੱਚ ਤਰਸ ਦੇ ਅਧਾਰ ਤੇ ਕਲਰਕ ਦੀ ਅਸਾਮੀ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਲਈ ਗਈ ।
- ਅਪ੍ਰੈਲ 2017 ਵਿੱਚ ਟਰੈਕਟਰ ਡਰਾਈਵਰ, ਬੁਆਇਲਰ ਉਪਰੇਟਰ ਅਤੇ ਲੈਬਾਰਟਰੀ ਅਸਿਸਟੈਂਟ (ਰੈਫਰੀਜੀਰੇਸ਼ਨ) ਦੀਆਂ ਅਸਾਮੀਆਂ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਲਈ ਗਈ ।

## ਹਾਇਰ ਸਟੈਂਡਰਡ ਵਿਭਾਗੀ ਪ੍ਰੀਖਿਆਵਾਂ

- ਨਵੰਬਰ 2016 ਅਤੇ ਅਪ੍ਰੈਲ 2017 ਦੌਰਾਨ ਪੀਏਯੂ ਕਰਮਚਾਰੀਆਂ ਲਈ ਹਾਇਰ ਸਟੈਂਡਰਡ ਵਿਭਾਗੀ ਪ੍ਰੀਖਿਆਵਾਂ ਦੇ ਛੇ ਪੇਪਰ ਲਏ ਗਏ ।

## ਨਵੇਂ ਕੋਰਸ

- ਅੰਡਰ ਗ੍ਰੈਜੁਏਟ ਪ੍ਰੋਗਰਾਮ ਜਿਵੇਂ ਕਿ ਬੀ ਐਸ ਸੀ ਐਗਰੀ (ਆਨਰਜ਼) 4 ਸਾਲ, ਬੀ ਐਸ ਸੀ ਬਾਇਓਟੈੱਕ (ਆਨਰਜ਼) 4 ਸਾਲ, ਬੀ ਟੈੱਕ ਫੂਡ ਟੈੱਕ 4 ਸਾਲ, ਬੀ ਟੈੱਕ ਐਗਰੀ ਇੰਜ. 4 ਸਾਲ, ਬੀ ਐਸ ਸੀ (ਆਨਰਜ਼) ਕਮਿਉਨਟੀ ਸਾਇੰਸ 4 ਸਾਲ, ਬੀ ਐਸ ਸੀ (ਆਨਰਜ਼) ਨਿਊਟ੍ਰੀਸ਼ਨ ਅਤੇ ਡਾਇਟਿਟਿਕਸ 4 ਸਾਲ ਅਤੇ ਬੀ ਐਸ ਸੀ (ਆਨਰਜ਼) ਫੈਸ਼ਨ ਡਿਜ਼ਾਇਨਿੰਗ 4 ਸਾਲ ਦੇ ਕੋਰਸ ਕੁਰੀਕੁਲਾ ਨੂੰ ਆਈ ਸੀ ਏ ਆਰ ਦੀ 5ਵੀਂ ਡੀਨ'ਜ਼ ਕਮੇਟੀ ਦੀਆਂ ਸਿਫ਼ਾਰਸ਼ਾਂ ਮੁਤਾਬਕ ਸੋਧਿਆ ਗਿਆ।

## ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ

### ਖੇਤੀਬਾੜੀ ਕਾਲਜ

- ਮਹਿਕ ਗੁਪਤਾ (ਐੱਲ 2012-ਏ-30-ਡੀ) ਨੂੰ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ "ਜਵਾਹਰ ਲਾਲ ਨਹਿਰੂ ਸਰਵੋਤਮ ਥੀਸਿਸ ਪੁਰਸਕਾਰ 2016" ਹਾਸਲ ਹੋਇਆ ।
- ਗਗਨਜੋਤ (ਐੱਲ-2010-ਏ-17-ਡੀ) ਨੂੰ ਕੀਟਨਾਸ਼ਕ ਵਿਗਿਆਨ ਸੰਸਥਾ, ਭਾਰਤ ਵੱਲੋਂ 15-17 ਨਵੰਬਰ 2016 ਦੌਰਾਨ ਭਾਰਤੀ ਖੇਤੀ ਖੋਜ ਪ੍ਰੀਸ਼ਦ ਨਵੀਂ ਦਿੱਲੀ ਵਿਖੇ ਆਯੋਜਿਤ "ਭਾਰਤ ਵਿੱਚ ਖੇਤੀ ਰਸਾਇਣਾਂ ਦੀ ਖੋਜ ਅਤੇ ਸਿੱਖਿਆ : ਭਵਿੱਖ ਲਈ ਨਕਸ਼ੇ ਕਦਮ" ਵਿਸ਼ੇ ਤੇ ਹੋਏ ਰਾਸ਼ਟਰੀ ਸਿੰਪੋਜ਼ੀਅਮ ਮੌਕੇ "ਸਰਵੋਤਮ ਪੀ ਐਚ ਡੀ ਥੀਸਿਸ ਪੁਰਸਕਾਰ" ਹਾਸਲ ਹੋਇਆ ।
- ਭੁਪਿੰਦਰ ਸਿੰਘ (ਐੱਲ-2014-ਏ-2-ਐਮ) ਨੇ ਐਮ ਐਸ ਸੀ ਐਗਰੋਨੋਮੀ ਵਿੱਚ ਓਵਰਆਲ ਕਰੈਡਿਟ ਪੁਆਇੰਟ ਸਭ ਤੋਂ ਵੱਧ ਹਾਸਲ ਕਰਕੇ ਪੀਏਯੂ ਤੋਂ ਗੁਰਬਖਸ਼ ਸਿੰਘ ਗਿੱਲ ਮੈਡਲ ਹਾਸਲ ਕੀਤਾ ।
- ਸਿਮਰਨਪ੍ਰੀਤ ਕੌਰ (ਐੱਲ-2016-ਏ-50-ਐਮ) ਅਤੇ ਸ਼ਿਵਾਲੀ ਪਠਾਨੀਆ (ਐੱਲ-2014-ਏ-11-ਡੀ) ਨੂੰ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼, ਨਵੀਂ ਦਿੱਲੀ ਵੱਲੋਂ ਚਿਤਕਾਰਾ ਯੂਨੀਵਰਸਿਟੀ, ਰਾਜਪੁਰਾ ਵਿਖੇ 20-21 ਜਨਵਰੀ 2017 ਨੂੰ ਕਰਵਾਏ "ਐਨਵੀਸ਼ਾਨ 2017" ਦੇ ਜ਼ੋਨਲ ਪੱਧਰੀ ਮੁਕਾਬਲਿਆਂ ਲਈ ਚੁਣਿਆ ਗਿਆ ।
- ਪ੍ਰਾਸੂਣ ਕਰਮਾਕਰ (ਐੱਲ-2014-ਏ-44-ਐਮ) ਨੇ ਪੌਦ ਸੁਰੱਖਿਆ ਵਿੱਚ ਨਵੀਆਂ ਖੋਜਾਂ ਦੀ ਸੰਸਥਾ ਵੱਲੋਂ 22-23 ਦਸੰਬਰ 2016 ਦੌਰਾਨ ਬਿਧਨ ਚੰਦਰਾ ਕ੍ਰਿਸ਼ੀ ਵਿਸ਼ਵ ਵਿਦਿਆਲਯ (ਬੀ ਸੀ ਕੇ ਵੀ) ਪੱਛਮੀ ਬੰਗਾਲ ਵਿਖੇ "ਫ਼ਸਲ ਉਤਪਾਦਕਤਾ ਲਈ ਵਾਤਾਵਰਨ ਪਰਿਵਰਤਨ, ਜੈਵਿਕ ਵਿਭਿੰਨਤਾ ਅਤੇ ਉੱਤਮ ਪੌਦ ਸੁਰੱਖਿਆ ਪ੍ਰੈਕਟਸਿਸ ਦੇ ਪ੍ਰਭਾਵ" ਵਿਸ਼ੇ ਤੇ ਹੋਏ ਰਾਸ਼ਟਰੀ ਸਿੰਪੋਜ਼ੀਅਮ ਦੌਰਾਨ "ਤੀਜਾ ਸਰਵੋਤਮ ਥੀਸਿਸ ਪੁਰਸਕਾਰ" ਹਾਸਲ ਕੀਤਾ । ਕਰਮਾਕਰ ਨੇ ਉੱਤਰ ਬੰਗਾ ਕ੍ਰਿਸ਼ੀ ਵਿਸ਼ਵਵਿਦਿਆਲਯ, ਪੱਛਮੀ ਬੰਗਾਲ ਵਿਖੇ 17-19 ਫਰਵਰੀ 2017 ਦੌਰਾਨ "ਜੈਵਿਕ ਦਬਾਅ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੀਆਂ ਨੀਤੀਆਂ : ਚੁਣੌਤੀਆਂ ਅਤੇ ਵਾਤਾਵਰਣਕ ਇਕਸੁਰਤਾ" ਵਿਸ਼ੇ ਤੇ ਹੋਏ 12ਵੇਂ ਰਾਸ਼ਟਰੀ ਸਿੰਪੋਜ਼ੀਅਮ ਮੌਕੇ "ਸਰਵੋਤਮ ਪੋਸਟਰ ਪ੍ਰਸਤੁਤੀਕਰਨ ਪੁਰਸਕਾਰ" ਵੀ ਹਾਸਲ ਕੀਤਾ ।
- ਹਰਅੰਮ੍ਰਿਤ ਕੌਰ (ਐੱਲ-2015-ਏ-157-ਐਮ) ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ 19-20 ਨਵੰਬਰ 2016 ਨੂੰ ਆਉਣ ਵਾਲੇ ਦਹਾਕਿਆਂ ਵਿੱਚ "ਭੋਜਨ ਸੁਰੱਖਿਆ ਮੁੱਦੇ ਅਤੇ ਭਾਰਤੀ ਖੇਤੀ ਨੂੰ ਦਰਪੇਸ਼ ਵਾਤਾਵਰਣਕ ਚੁਣੌਤੀਆਂ" ਵਿਸ਼ੇ ਤੇ ਵਾਤਾਵਰਣ ਵਿਗਿਆਨ ਅਕਾਦਮੀ ਦੀ 29ਵੀਂ ਸਲਾਨਾ ਰਾਸ਼ਟਰੀ ਕਾਨਫਰੰਸ ਮੌਕੇ "ਸਰਵੋਤਮ ਪੋਸਟਰ ਪੁਰਸਕਾਰ" ਹਾਸਲ ਕੀਤਾ ।

### ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ

- ਬਲਜੀਤ ਕੌਰ (ਐੱਲ-2012-ਏਈ-09-ਬੀ IV) ਨੂੰ ਅਕਾਦਮਿਕ ਖੇਤਰ ਵਿੱਚ ਸਰਵੋਤਮਾ ਹਾਸਲ ਕਰਨ ਵਜੋਂ ਪੀਏਯੂ ਵੱਲੋਂ ਸੋਨ ਤਗਮਾ ਪ੍ਰਦਾਨ ਕੀਤਾ ਗਿਆ ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- ਮਨਪ੍ਰੀਤ ਕੌਰ (ਐੱਲ-2016-ਬੀ ਐੱਸ-238-ਐਮ) ਨੂੰ ਇੰਡੀਅਨ ਅਕਾਦਮੀ ਆਫ਼ ਸਾਇੰਸਜ਼, ਬੈਂਗਲੋਰ ਵੱਲੋਂ ਸਮਰ ਫੈਲੋ ਚੁਣਿਆ ਗਿਆ ।
- ਰਵਨੀਤ ਕੌਰ (ਐੱਲ-2013-ਬੀ ਐੱਸ-57-ਡੀ) ਨੇ ਵੂਮੈਨ ਸਾਇੰਟਿਸਟ ਸਕੀਮ, ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਡੀ ਐੱਸ ਟੀ) ਨਵੀਂ ਦਿੱਲੀ ਅਧੀਨ ਵਜ਼ੀਫਾ ਹਾਸਲ ਕੀਤਾ।

### ਹੋਮ ਸਾਇੰਸ ਕਾਲਜ

- ਪੁਸ਼ਪਾ ਧਾਮੀ (ਐੱਲ-2013-ਐੱਚ ਐੱਸ ਸੀ-98-ਡੀ) ਨੇ ਵੇਜਿਨਿਨਜਿਨ ਸੈਂਟਰ ਫਾਰ ਡਿਵਲੈਪਮੈਂਟ ਇੰਨੋਵੇਸ਼ਨ, ਦਿ ਨੀਦਰਲੈਂਡ ਵਿਖੇ 28 ਨਵੰਬਰ ਤੋਂ 9 ਦਸੰਬਰ 2016 ਦੌਰਾਨ "ਭੋਜਨ ਅਤੇ ਪੋਸ਼ਣ ਸੁਰੱਖਿਆ ਨਾਲ ਸੰਕਟਕਾਲੀਨ ਮਦਦ ਨੂੰ ਜੋੜਨਾ" ਵਿਸ਼ੇ ਤੇ ਅੰਤਰਰਾਸ਼ਟਰੀ ਸੰਖੇਪ ਸਿਖਲਾਈ ਕੋਰਸ ਵਿੱਚ ਸ਼ਿਰਕਤ ਕੀਤੀ ।

- ਪੀ ਐੱਚ ਡੀ ਦੀਆਂ ਦੋ ਵਿਦਿਆਰਥਣਾਂ ਪ੍ਰਗਿਆ (ਐੱਲ-2013-ਐੱਚ ਐੱਸ ਸੀ-97-ਡੀ) ਅਤੇ ਕਰਮਜੀਤ ਕੌਰ (ਐੱਲ-2013-ਐੱਚ ਐੱਸ ਸੀ-95-ਡੀ) ਨੂੰ ਯੂਨੀਵਰਸਿਟੀ ਆਫ਼ ਹੋਹਿਨਹੀਮ, ਸਟੁਟਗਾਰਟ, ਜਰਮਨੀ ਵੱਲੋਂ 20-22 ਮਾਰਚ 2017 ਦੌਰਾਨ "ਪੌਸ਼ਟਿਕ ਗੁਣਵਤਾ ਨੂੰ ਵਧਾਉਣ ਅਤੇ ਅਦਿੱਖਵੀਂ ਭੁੱਖ ਨੂੰ ਮਿਟਾਉਣ ਦੀਆਂ ਨੀਤੀਆਂ" ਉੱਤੇ ਕਰਵਾਈ ਅੰਤਰਰਾਸ਼ਟਰੀ ਕਾਨਫਰੰਸ ਮੌਕੇ ਖੋਜ ਪੇਪਰ ਪ੍ਰਸਤੁਤ ਕਰਨ ਲਈ ਬੁਲਾਇਆ ਗਿਆ। ਪ੍ਰਗਿਆ ਨੂੰ ਇਸ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਵਿਗਿਆਨਿਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ ਵੱਲੋਂ ਫਾਰਨ ਟਰੈਵਲ ਗਰਾਂਟ ਪ੍ਰਦਾਨ ਕੀਤੀ ਗਈ।
- ਪੁਸ਼ਪਾ ਧਾਮੀ (ਐੱਲ-2013-ਐੱਚ ਐੱਸ ਸੀ-98-ਡੀ), ਨੇਹਾ ਪਾਠਕ (ਐੱਲ-2014-ਐੱਚ ਐੱਸ ਸੀ-98 ਡੀ) ਅਤੇ ਸ਼ਵੇਤਾ ਪ੍ਰਿਯਦਰਸ਼ਨੀ (ਐੱਲ-2014-ਐੱਚ ਐੱਸ ਸੀ-122-ਡੀ) ਨੇ ਟੈੱਲ ਅਵੀਵ ਯੂਨੀਵਰਸਿਟੀ, ਟੈੱਲ ਅਵੀਵ, ਇਜ਼ਰਾਇਲ ਵਿਖੇ 28 ਜੂਨ ਤੋਂ 28 ਜੁਲਾਈ 2017 ਦੌਰਾਨ "ਭੋਜਨ ਸੁਰੱਖਿਆ ਸਮਰ ਇੰਸਟੀਚਿਊਟ 2017 ਨੀਤੀ ਅਤੇ ਪੋਸ਼ਣ ਟਰੈਕ ਲਈ ਮੰਨਾ ਸੈਂਟਰ ਪ੍ਰੋਗਰਾਮ" ਵਿੱਚ ਸ਼ਿਰਕਤ ਕੀਤੀ। ਇਨ੍ਹਾਂ ਨੂੰ ਯੋਜਨਾਬੰਦੀ ਅਤੇ ਬਜਟਿੰਗ ਕਮੇਟੀ ਸਕਾਲਰਸ਼ਿਪ ਪ੍ਰਦਾਨ ਕੀਤਾ ਗਿਆ।

## ਵਜ਼ੀਫੇ ਅਤੇ ਵਿੱਤੀ ਸਹਾਇਤਾ

### ਖੇਤੀਬਾੜੀ ਕਾਲਜ

- ਚਾਰ ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ, ਪੰਜ ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ ਅਤੇ ਚਾਰ ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ ਹਾਸਲ ਕੀਤੀ। ਕਾਲਜ ਦੇ 13 ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈੱਟ ਪ੍ਰੀਖਿਆ ਪਾਸ ਕੀਤੀ।
- ਕਾਲਜ ਦੇ ਬਾਰਾਂ ਵਿਦਿਆਰਥੀਆਂ ਨੇ ਡਾ. ਗੁਰਦੇਵ ਸਿੰਘ ਖੁਸ਼ ਸਕਾਲਰਸ਼ਿਪ ਅਤੇ 24 ਨੇ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ ਹਾਸਲ ਕੀਤੀ।
- ਇੱਕ ਵਿਦਿਆਰਥੀ ਨੇ ਸ੍ਰੀ ਬਾਲ ਕ੍ਰਿਸ਼ਨ ਵੈਦ ਸਕਾਲਰਸ਼ਿਪ ਅਤੇ ਇੱਕ ਨੇ ਸ੍ਰੀਮਤੀ ਜਸਵੰਤ ਕੌਰ ਬਿੰਦਰਾ ਸਕਾਲਰਸ਼ਿਪ ਹਾਸਲ ਕੀਤਾ।

### ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ

- ਚਾਰ ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ, ਇੱਕ ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ ਅਤੇ ਦੋ ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ ਹਾਸਲ ਕੀਤੀ। ਕਾਲਜ ਦੇ ਗਿਆਰਾਂ ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈੱਟ ਪ੍ਰੀਖਿਆ ਪਾਸ ਕੀਤੀ।
- ਦੋ ਵਿਦਿਆਰਥੀਆਂ ਨੇ ਵਿਗਿਆਨਿਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ (ਸੀ ਐੱਸ ਆਈ ਆਰ) ਦੀ ਸੀਨੀਅਰ ਰਿਸਰਚ ਫੈਲੋਸ਼ਿਪ ਹਾਸਲ ਕੀਤੀ।
- 20 ਵਿਦਿਆਰਥੀਆਂ ਨੇ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ ਹਾਸਲ ਕੀਤੀ।
- ਇੱਕ ਵਿਦਿਆਰਥੀ ਨੇ ਇੰਸਪਾਇਰਡ ਰਿਸਰਚ ਫੈਲੋਸ਼ਿਪ (ਡੀ ਐਸ ਟੀ) ਅਤੇ ਇੱਕ ਨੇ ਘੱਟ ਗਿਣਤੀ ਵਿਦਿਆਰਥੀਆਂ ਲਈ ਮੌਲਾਨਾ ਅਜ਼ਾਦ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ) ਹਾਸਲ ਕੀਤੀ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- ਗਿਆਰਾਂ ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ ਤਿੰਨ ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, ਪੰਜ ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ ਅਤੇ ਸੱਤ ਨੇ ਯੂ ਜੀ ਸੀ-ਜੂਨੀਅਰ ਰਿਸਰਚ ਫੈਲੋਸ਼ਿਪ ਹਾਸਲ ਕੀਤੇ। ਇੱਕ ਵਿਦਿਆਰਥੀ ਨੇ ਆਈ ਸੀ ਏ ਆਰ-ਨੈੱਟ ਪ੍ਰੀਖਿਆ ਅਤੇ ਛੇ ਵਿਦਿਆਰਥੀਆਂ ਨੇ ਏ ਆਰ ਐੱਸ-ਨੈੱਟ ਪ੍ਰੀਖਿਆ ਪਾਸ ਕੀਤੀ।
- ਅੱਠ ਵਿਦਿਆਰਥੀਆਂ ਨੇ ਇੰਸਪਾਇਰਡ ਰਿਸਰਚ ਫੈਲੋਸ਼ਿਪ (ਡੀ ਐਸ ਟੀ), 9 ਵਿਦਿਆਰਥੀਆਂ ਨੇ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ), 11 ਵਿਦਿਆਰਥੀਆਂ ਨੇ ਘੱਟ ਗਿਣਤੀ ਵਿਦਿਆਰਥੀਆਂ ਲਈ ਮੌਲਾਨਾ ਅਜ਼ਾਦ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ) ਅਤੇ ਦੋ ਵਿਦਿਆਰਥੀਆਂ ਨੇ ਆਈ ਸੀ ਐੱਸ ਐੱਸ ਆਰ ਡਾਕਟਰਲ ਫੈਲੋਸ਼ਿਪ ਹਾਸਲ ਕੀਤੀ।
- ਛੇ ਵਿਦਿਆਰਥੀਆਂ ਨੇ ਡਾ. ਗੁਰਦੇਵ ਸਿੰਘ ਖੁਸ਼ ਸਕਾਲਰਸ਼ਿਪ ਅਤੇ 33 ਨੇ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ ਹਾਸਲ ਕੀਤੀ।
- ਇੱਕ ਵਿਦਿਆਰਥੀ ਨੇ ਸੀ ਐੱਸ ਆਈ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, ਇੱਕ ਨੇ ਐੱਸ ਟੀ ਵਿਦਿਆਰਥੀਆਂ ਲਈ ਉਚੇਰੀ ਵਿੱਦਿਆ ਲਈ ਨੈਸ਼ਨਲ ਫੈਲੋਸ਼ਿਪ ਅਤੇ ਇੱਕ ਨੇ ਪੀ ਐੱਸ ਈ ਬੀ ਸਕਾਲਰਸ਼ਿਪ ਹਾਸਲ ਕੀਤਾ।
- ਦੋ ਵਿਦਿਆਰਥੀਆਂ ਨੇ ਪਿਆਰਾ ਸਿੰਘ ਪਰਮਾਰ ਯਾਦਗਾਰੀ ਸੋਸਾਇਟੀ ਸਕਾਲਰਸ਼ਿਪ ਅਤੇ 2 ਵਿਦਿਆਰਥੀਆਂ ਨੇ ਸੀ ਬੀ ਐੱਸ ਈ ਸਕਾਲਰਸ਼ਿਪ ਹਾਸਲ ਕੀਤਾ।

### ਹੋਮ ਸਾਇੰਸ ਕਾਲਜ

- ਸੱਤ ਵਿਦਿਆਰਥਣਾਂ ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, 10 ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ ਅਤੇ 11 ਨੇ ਯੂ ਜੀ ਸੀ-ਜੂਨੀਅਰ ਰਿਸਰਚ ਫੈਲੋਸ਼ਿਪ ਹਾਸਲ ਕੀਤੇ। ਤਿੰਨ ਵਿਦਿਆਰਥਣਾਂ ਨੇ ਏ ਆਰ ਐੱਸ-ਨੈੱਟ ਪ੍ਰੀਖਿਆ ਪਾਸ ਕੀਤੀ।

- ਚਾਰ ਵਿਦਿਆਰਥਣਾਂ ਨੇ ਇੰਸਪਾਇਰਡ ਰਿਸਰਚ ਫੈਲੋਸ਼ਿਪ (ਡੀ ਐਸ ਟੀ) ਅਤੇ ਪੰਜ ਨੇ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ ਹਾਸਲ ਕੀਤੇ ।
- ਇੱਕ ਵਿਦਿਆਰਥਣ ਨੇ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ ਅਤੇ ਇੱਕ ਵਿਦਿਆਰਥਣ ਨੇ ਓ ਬੀ ਸੀ/ਐੱਸ ਆਰ ਐਫ ਲਈ ਨੈਸ਼ਨਲ ਫੈਲੋਸ਼ਿਪ ਹਾਸਲ ਕੀਤੀ ।

## ਵਿਦਿਆਰਥੀ ਭਲਾਈ ਗਤੀਵਿਧੀਆਂ

### ਸਪੋਰਟਸ ਦੀਆਂ ਪ੍ਰਮੁੱਖ ਗਤੀਵਿਧੀਆਂ

### ਅੰਤਰ-ਵਰਸਿਟੀ ਟੂਰਨਾਮੈਂਟ

ਪੀ ਏ ਯੂ ਦੀਆਂ ਟੀਮਾਂ ਨੇ ਉੱਤਰੀ ਜ਼ੋਨ/ਆਲ ਇੰਡੀਆ ਅੰਤਰ ਵਰਸਿਟੀ ਟੂਰਨਾਮੈਂਟਾਂ ਦੌਰਾਨ ਲਾਅਨ ਟੈਨਿਸ (ਲੜਕੇ), ਕ੍ਰਿਕਟ (ਲੜਕੇ), ਫੁੱਲਬਾਲ (ਲੜਕੇ), ਟੇਬਿਲ ਟੈਨਿਸ (ਲੜਕੇ ਅਤੇ ਲੜਕੀਆਂ), ਬਾਸਕਟਬਾਲ (ਲੜਕੇ ਅਤੇ ਲੜਕੀਆਂ), ਤੈਰਾਕੀ (ਲੜਕੇ ਅਤੇ ਲੜਕੀਆਂ), ਕਬੱਡੀ (ਲੜਕੇ), ਸਾਇਕਲਿੰਗ (ਲੜਕੇ ਅਤੇ ਲੜਕੀਆਂ), ਹੈਂਡਬਾਲ (ਲੜਕੇ ਅਤੇ ਲੜਕੀਆਂ) ਵਾਲੀਬਾਲ (ਲੜਕੇ), ਹਾਕੀ (ਲੜਕੇ), ਅਥਲੈਟਿਕਸ (ਲੜਕੇ), ਸ਼ੂਟਿੰਗ (ਲੜਕੇ ਅਤੇ ਲੜਕੀਆਂ) ਅਤੇ ਵੇਟ ਲਿਫਟਿੰਗ (ਲੜਕੇ) ਵਿੱਚ ਸ਼ਿਰਕਤ ਕੀਤੀ ।

### ਯੂਨੀਵਰਸਿਟੀ ਪੱਧਰ ਦੇ ਟੂਰਨਾਮੈਂਟ

ਪੀ ਏ ਯੂ ਦੇ ਸੰਬੰਧਤ ਕਾਲਜਾਂ ਦੀਆਂ ਟੀਮਾਂ ਨੇ ਅੰਤਰ ਕਾਲਜ ਟੂਰਨਾਮੈਂਟ ਦੌਰਾਨ ਵਾਲੀਵਾਲ (ਲੜਕੇ), ਬਾਸਕਟਬਾਲ (ਲੜਕੇ ਅਤੇ ਲੜਕੀਆਂ), ਫੁਟਬਾਲ (ਲੜਕੇ), ਸਵੀਮਿੰਗ (ਲੜਕੇ ਅਤੇ ਲੜਕੀਆਂ), ਲਾਅਨ ਟੈਨਿਸ (ਲੜਕੇ), ਹੈਂਡਬਾਲ (ਲੜਕੇ ਅਤੇ ਲੜਕੀਆਂ), ਹਾਕੀ (ਲੜਕੇ), ਬੈਡਮਿੰਟਨ (ਲੜਕੇ ਅਤੇ ਲੜਕੀਆਂ), ਵੇਟ ਲਿਫਟਿੰਗ (ਲੜਕੇ), ਕ੍ਰਿਕਟ (ਲੜਕੇ), ਕਬੱਡੀ (ਲੜਕੇ), ਟੇਬਲ ਟੈਨਿਸ (ਲੜਕੇ ਅਤੇ ਲੜਕੀਆਂ) ਅਤੇ ਸਾਇਕਲਿੰਗ (ਲੜਕੇ ਅਤੇ ਲੜਕੀਆਂ) ਵਿੱਚ ਸ਼ਿਰਕਤ ਕੀਤੀ। ਹਰਸੰਗੀਤ ਸਿੰਘ ਮਾਨ (ਹੋਮ ਸਾਇੰਸ ਕਾਲਜ) ਨੂੰ ਸਰਵੋਤਮ ਸਾਇਕਲਿਸਟ, ਅਭਿਜੀਤ ਸਿੰਘ ਗਰੇਵਾਲ (ਖੇਤੀਬਾੜੀ ਕਾਲਜ) ਨੂੰ ਸਰਵੋਤਮ ਹਾਕੀ ਖਿਡਾਰੀ, ਸ਼ਾਹਬਾਜ ਸਿੰਘ ਭੁੱਲਰ (ਖੇਤੀਬਾੜੀ ਕਾਲਜ) ਅਤੇ ਖੁਸ਼ਮਨਪ੍ਰੀਤ ਹਾਂਜਰਾ (ਖੇਤੀਬਾੜੀ ਕਾਲਜ) ਨੂੰ ਲੜਕੇ ਅਤੇ ਲੜਕੀਆਂ ਦੀ ਸ੍ਰੇਣੀ ਵਿੱਚ ਕ੍ਰਮਵਾਰ ਸਰਵੋਤਮ ਤੈਰਾਕ ਐਲਾਨਿਆ ਗਿਆ ।

### ਸਾਲਾਨਾ ਐਥਲੈਟਿਕ ਮੀਟ

ਸਾਲ 2016-17 ਲਈ ਪੀ ਏ ਯੂ ਦੀ 51ਵੀਂ ਸਾਲਾਨਾ ਅਥਲੈਟਿਕ ਮੀਟ 5-6 ਅਪ੍ਰੈਲ 2017 ਨੂੰ ਪੀ ਏ ਯੂ ਦੇ ਅਥਲੈਟਿਕ ਟ੍ਰੈਕ ਵਿਖੇ ਹੋਈ । ਹਰਦੀਪ ਸਿੰਘ (ਖੇਤੀਬਾੜੀ ਕਾਲਜ) ਅਤੇ ਹਰਮਨਦੀਪ ਸਿੰਘ (ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ ਕਾਲਜ) ਨੂੰ ਲੜਕਿਆਂ ਦੀ ਸ੍ਰੇਣੀ ਵਿੱਚ ਅਤੇ ਮਹਿਕਪ੍ਰੀਤ ਕੌਰ ਰੰਧਾਵਾ ਨੂੰ ਲੜਕੀਆਂ ਦੀ ਸ੍ਰੇਣੀ ਵਿੱਚ ਸਰਵੋਤਮ ਅਥਲੀਟ ਐਲਾਨਿਆ ਗਿਆ ।

### ਯੂਨੀਵਰਸਿਟੀ ਕਲਰ/ਮੈਰਿਟ ਸਰਟੀਫਿਕੇਟ

ਪੀ ਏ ਯੂ ਸਪੋਰਟਸ ਅਤੇ ਯੁਵਕ ਗਤੀਵਿਧੀਆਂ ਦੀ ਕੌਂਸਲ ਨੇ 31 ਅਗਸਤ 2016 ਨੂੰ ਹੋਈ 53ਵੀਂ ਮੀਟਿੰਗ ਦੌਰਾਨ ਸੈਸ਼ਨ 2015-16 ਦੌਰਾਨ ਸਪਰੋਟਸ, ਗੇਮਜ਼, ਸਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਸਰਵੋਤਮਤਾ ਦਿਖਾਉਣ ਵਾਲੇ ਪੀ ਏ ਯੂ ਦੇ ਖਿਡਾਰੀਆਂ/ਕਲਾਕਾਰਾਂ ਨੂੰ 37 ਮੈਰਿਟ ਸਰਟੀਫਿਕੇਟ, 13 ਯੂਨੀਵਰਸਿਟੀ ਕਲਰ ਅਤੇ 2 ਰੋਲ ਆਫ਼ ਆਨਰ ਪ੍ਰਦਾਨ ਕਰਨ ਦਾ ਫੈਸਲਾ ਕੀਤਾ । ਵਿਦਿਆਰਥੀਆਂ ਨੂੰ ਇਹ ਮਾਣ-ਸਨਮਾਨ ਯੂਨੀਵਰਸਿਟੀ ਦੀ 51ਵੀਂ ਸਾਲਾਨਾ ਅਥਲੈਟਿਕ ਮੀਟ ਦੌਰਾਨ ਪ੍ਰਦਾਨ ਕੀਤੇ ਗਏ ।

### ਸਪੋਰਟਸ ਕੋਚਿੰਗ ਕੈਂਪ

ਪੀ ਏ ਯੂ ਵਿਖੇ ਸਾਲ 2016-17 ਲਈ ਸਾਲਾਨਾ ਨੈਸ਼ਨਲ ਸਪੋਰਟਸ ਆਰਗੇਨਾਈਜ਼ੇਸ਼ਨ ਕੋਚਿੰਗ ਕੈਂਪ ਲਗਾਇਆ ਗਿਆ। ਪੀ ਏ ਯੂ ਦੀਆਂ ਟੀਮਾਂ ਵੱਲੋਂ ਉੱਤਰੀ ਜ਼ੋਨ/ਆਲ ਇੰਡੀਆ ਅੰਤਰ ਵਰਸਿਟੀ/ਅੰਤਰ ਖੇਤੀਬਾੜੀ ਯੂਨੀਵਰਸਿਟੀ ਟੂਰਨਾਮੈਂਟਾਂ ਵਿੱਚ ਸ਼ਿਰਕਤ ਕਰਨ ਤੋਂ ਪਹਿਲਾਂ ਆਪਣੀਆਂ ਸੰਬੰਧਤ ਖੇਡਾਂ ਵਿੱਚ 15-20 ਦਿਨਾਂ ਦੇ ਕੋਚਿੰਗ ਕੈਂਪ ਲਗਾਏ ਗਏ । ਐਨ ਐੱਸ ਓ ਦੇ ਪ੍ਰੋਗਰਾਮ ਤਹਿਤ ਕਰਮਚਾਰੀਆਂ ਸਮੇਤ 240 ਸਿਖਿਆਰਥੀਆਂ ਨੇ ਕੈਂਪਾਂ ਵਿੱਚ ਸ਼ਿਰਕਤ ਕੀਤੀ । ਲਖਵਿੰਦਰ ਸਿੰਘ (ਖੇਤੀਬਾੜੀ ਕਾਲਜ) ਅਤੇ ਸੰਦੀਪ ਕੌਰ (ਖੇਤੀਬਾੜੀ ਕਾਲਜ) ਨੂੰ ਕ੍ਰਮਵਾਰ ਲੜਕੇ ਅਤੇ ਲੜਕੀਆਂ ਵਿੱਚੋਂ ਸਰਵੋਤਮ ਕੈਂਪਰ ਐਲਾਨਿਆ ਗਿਆ ।

### ਸਪੋਰਟਸ ਸਕਾਲਰਸ਼ਿਪ

ਸਪੋਰਟਸ ਸਕਾਲਰਸ਼ਿਪ ਕਮੇਟੀ ਨੇ 3 ਮਾਰਚ 2017 ਨੂੰ ਇਕ ਮੀਟਿੰਗ ਦੌਰਾਨ ਅਕਾਦਮਿਕ ਸੈਸ਼ਨ 2016-17 ਲਈ ਸਰਵੋਤਮ ਖਿਡਾਰੀਆਂ ਵੱਲੋਂ ਵਧੀਆ ਕਾਰਗੁਜ਼ਾਰੀ ਦਿਖਾਣ ਵਜੋਂ 350/-ਰੁਪਏ ਪ੍ਰਤੀ ਮਹੀਨਾ ਦੇ 10 ਸਪੋਰਟਸ ਸਕਾਲਰਸ਼ਿਪ (ਚਾਰ ਵੱਡੀਆਂ ਖੇਡਾਂ ਲਈ ਅਤੇ ਛੇ ਛੋਟੀਆਂ ਖੇਡਾਂ ਲਈ) ਪ੍ਰਦਾਨ ਕਰਨ ਦੀ ਸਹਿਮਤੀ ਦਿੱਤੀ ।

### ਸਰਵਤੋਮ ਖਿਡਾਰੀ

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ 25-29 ਮਾਰਚ 2017 ਦੌਰਾਨ ਸੀ ਸੀ ਐੱਸ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ ਵਿਖੇ ਹੋਈ 17ਵੀਂ ਸਰਵ ਭਾਰਤੀ ਅੰਤਰ ਯੂਨੀਵਰਸਿਟੀਜ਼ ਸਪੋਰਟਸ ਅਤੇ ਗੇਮਜ਼ ਮੀਟ ਮੌਕੇ ਟੀਮ ਗੇਮਜ਼ (ਲੜਕੇ) ਵਿੱਚ ਓਵਰਆਲ ਚੈਂਪੀਅਨ ਐਲਾਨਿਆ ਗਿਆ । ਯੂਨੀਵਰਸਿਟੀ ਦੀ ਟੀਮ ਨੇ ਟੀਮ ਗੇਮਜ਼ (ਲੜਕੇ ਅਤੇ ਲੜਕੀਆਂ) ਵਿੱਚ ਦੋ ਸੋਨ ਤਗਮੇ ਅਤੇ ਤਿੰਨ ਚਾਂਦੀ ਦੇ ਤਗਮੇ ਹਾਸਲ ਕੀਤੇ ।
  - > ਬਾਸਕਟਬਾਲ (ਲੜਕੇ) ਟੀਮ ਨੇ ਸੋਨ ਤਗਮਾ ਜਿੱਤਿਆ। ਇਸ ਟੀਮ ਵਿੱਚ ਆਲਮਦੀਪ ਸਿੰਘ (ਖੇਤੀਬਾੜੀ ਕਾਲਜ), ਗੁਰਜੀਤ ਸਿੰਘ (ਖੇਤੀਬਾੜੀ ਕਾਲਜ), ਕਰਨ ਬਰਾੜ (ਖੇਤੀਬਾੜੀ ਕਾਲਜ), ਹਰਪ੍ਰੀਤ ਸਿੰਘ (ਖੇਤੀਬਾੜੀ

ਕਾਲਜ), ਪੁਖਰਾਜ ਸਿੰਘ ਬਰਾੜ (ਖੇਤੀਬਾੜੀ ਕਾਲਜ), ਕਰਨ ਬਾਵਾ (ਖੇਤੀਬਾੜੀ ਕਾਲਜ), ਜਗਦੀਪ ਸਿੰਘ ਰਿਆੜ (ਖੇਤੀਬਾੜੀ ਕਾਲਜ), ਅੰਗਦਜੀਤ ਸਿੰਘ (ਖੇਤੀਬਾੜੀ ਕਾਲਜ) ਅਤੇ ਹਰਦੀਪ ਸਿੰਘ (ਖੇਤੀਬਾੜੀ ਕਾਲਜ) ਸ਼ਾਮਲ ਸਨ ।

> ਬਾਸਕਟਬਾਲ (ਲੜਕੀਆਂ) ਦੀ ਟੀਮ ਨੇ ਵੀ ਸੋਨ ਤਗਮਾ ਜਿੱਤਿਆ । ਇਸ ਟੀਮ ਵਿੱਚ ਹਰਮੀਨ ਕੌਰ (ਹੋਮ ਸਾਇੰਸ ਕਾਲਜ), ਰਵਨੀਤ (ਹੋਮ ਸਾਇੰਸ ਕਾਲਜ), ਅਰਪਨਾ (ਹੋਮ ਸਾਇੰਸ ਕਾਲਜ), ਮਨਪ੍ਰੀਤ ਕੌਰ (ਹੋਮ ਸਾਇੰਸ ਕਾਲਜ), ਦਿਲਪ੍ਰੀਤ ਕੌਰ (ਖੇਤੀਬਾੜੀ ਕਾਲਜ), ਰਾਜਵੀਰ ਕੌਰ (ਖੇਤੀਬਾੜੀ ਕਾਲਜ) ਅਤੇ ਅਰਸ਼ਦੀਪ ਕੌਰ ਸਰਾਂ (ਬੇਸਿਕ ਸਾਇੰਸਜ਼ ਅਤੇ ਹਿਉਮੈਨਟੀਜ ਕਾਲਜ) ਸ਼ਾਮਲ ਸਨ ।

> ਬੈਡਮਿੰਟਨ (ਲੜਕੇ) ਦੀ ਟੀਮ ਨੇ ਚਾਂਦੀ ਦਾ ਤਗਮਾ ਜਿੱਤਿਆ। ਇਸ ਟੀਮ ਵਿੱਚ ਗੁਰਅੰਜਨ ਸਿੰਘ ਮਠਾੜੂ (ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ), ਚੰਨਪ੍ਰੀਤ ਸਿੰਘ (ਖੇਤੀਬਾੜਿ ਕਾਲਜ), ਅਲੋਕ ਗੁਪਤਾ (ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ) ਅਤੇ ਰਾਜੇਸ਼ ਸੀ ਆਰ (ਬੇਸਿਕ ਸਾਇੰਸਜ਼ ਅਤੇ ਹਿਉਮੈਨਟੀਜ ਕਾਲਜ) ਸ਼ਾਮਲ ਸਨ ।

> ਵਾਲੀਬਾਲ (ਲੜਕੇ) ਦੀ ਟੀਮ ਨੇ ਚਾਂਦੀ ਦਾ ਤਗਮਾ ਜਿੱਤਿਆ। ਇਸ ਟੀਮ ਵਿੱਚ ਮਿਲਾਪਦੀਪ ਸਿੰਘ (ਖੇਤੀਬਾੜੀ ਕਾਲਜ), ਅਮਨਪ੍ਰੀਤ ਸਿੰਘ (ਖੇਤੀਬਾੜੀ ਕਾਲਜ), ਸ਼ਹਿਬਾਜ਼ ਸਿੰਘ (ਖੇਤੀਬਾੜੀ ਕਾਲਜ), ਜਤਿੰਦਰ ਸਿੰਘ (ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ), ਬੀ ਸੁੰਧਰਾਲਿੰਗਮ (ਹੋਮ ਸਾਇੰਸ ਕਾਲਜ), ਰਾਜਵਿੰਦਰ ਸਿੰਘ (ਖੇਤੀਬਾੜੀ ਕਾਲਜ), ਸੁਖਜਿੰਦਰ ਸਿੰਘ (ਖੇਤੀਬਾੜੀ ਕਾਲਜ) ਅਤੇ ਜਗਮਨਜੋਤ ਸਿੰਘ (ਖੇਤੀਬਾੜੀ ਕਾਲਜ) ਸ਼ਾਮਲ ਸਨ ।

> ਤੇਜਿੰਦਰ ਪਾਲ ਸਿੰਘ (ਖੇਤੀਬਾੜੀ ਕਾਲਜ) ਨੇ ਸ਼ਾਟਪੁੱਟ ਅਤੇ ਡਿਸਕਸ ਥਰੋਅ ਵਿੱਚ ਪਹਿਲਾ ਸਥਾਨ ਹਾਸਲ ਕੀਤਾ ।

> ਹਰਮਨਦੀਪ ਸਿੰਘ (ਬੇਸਿਕ ਸਾਇੰਸਜ਼ ਅਤੇ ਹਿਉਮੈਨਟੀਜ਼ ਕਾਲਜ) ਨੇ ਹਾਈ ਜੰਪ ਅਤੇ 110 ਮੀ. ਅੜਿੱਕਾ ਦੌੜ ਵਿੱਚ ਪਹਿਲਾ ਸਥਾਨ ਹਾਸਲ ਕੀਤਾ ।

> ਮਹਿਕਪ੍ਰੀਤ ਕੌਰ ਰੰਧਾਵਾ (ਖੇਤੀਬਾੜੀ ਕਾਲਜ) ਨੇ 400 ਮੀ., 800 ਮੀ. ਅਤੇ 1500 ਮੀ. ਦੌੜਾਂ ਵਿੱਚ ਦੂਜਾ ਸਥਾਨ ਹਾਸਲ ਕੀਤਾ ।

- ਬੇਅੰਤ ਸਿੰਘ (ਖੇਤੀਬਾੜੀ ਕਾਲਜ) ਨੇ 1-5 ਮਈ 2017 ਦੌਰਾਨ ਇੰਡੋਨੇਸ਼ੀਆ ਵਿਖੇ ਹੋਈ ਏਸ਼ੀਅਨ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਭਾਰਤ ਦੀ ਪ੍ਰਤੀਨਿਧਤਾ ਕੀਤੀ । ਉਸਨੇ ਫੈਡਰੇਸ਼ਨ ਕੱਪ ਵਿੱਚ ਚੌਥਾ ਸਥਾਨ ਹਾਸਲ ਕੀਤਾ ਅਤੇ 20-27 ਮਾਰਚ, 2017 ਦੌਰਾਨ ਜੰਮੂ ਵਿਖੇ ਹੋਈ ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਵੀ ਸ਼ਿਰਕਤ ਕੀਤੀ ।
- ਨਿਮਰਤ ਕੌਰ ਸੇਖੋਂ (ਖੇਤੀਬਾੜੀ ਕਾਲਜ) ਨੇ 12-26 ਦਸੰਬਰ, 2016 ਦੌਰਾਨ ਪੂਨੇ ਵਿਖੇ ਹੋਈ 60ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਸ਼ਿਰਕਤ ਕੀਤੀ ।
- ਮਨਵੀਰ ਸਿੰਘ (ਖੇਤੀਬਾੜੀ ਕਾਲਜ) ਅਤੇ ਹਰਮਨਜੋਤ ਸਿੰਘ (ਖੇਤੀਬਾੜੀ ਕਾਲਜ) ਨੇ 14-23 ਨਵੰਬਰ 2016 ਨੂੰ ਨਵੀਂ ਦਿੱਲੀ ਵਿਖੇ ਹੋਏ ਸੀਨੀਅਰ ਨਹਿਰੂ ਹਾਕੀ ਕੱਪ ਵਿੱਚ ਸ਼ਿਰਕਤ ਕੀਤੀ ।
- ਦਵਿੰਦਰ ਸਿੰਘ (ਖੇਤੀਬਾੜੀ ਕਾਲਜ) ਨੇ 8-9 ਜੁਲਾਈ 2017 ਦੌਰਾਨ ਲੁਧਿਆਣਾ ਵਿਖੇ ਹੋਈ ਪੰਜਾਬ ਸਟੇਟ ਸੀਨੀਅਰ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਦੂਜਾ ਸਥਾਨ ਹਾਸਲ ਕੀਤਾ ।

## ਕੌਮੀ ਸੇਵਾ ਸਕੀਮ ਗਤੀਵਿਧੀਆਂ

- ਅਸ਼ੀਸ਼ ਕੁਮਾਰ ਪੱਧੇ, ਨੇ ਐਨ ਐੱਸ ਐੱਸ ਵਲੰਟੀਅਰ ਵਜੋਂ "ਡਾ. ਦਲੀਪ ਸਿੰਘ ਦੀਪ ਯਾਦਗਾਰੀ ਪੁਰਸਕਾਰ 2015-16" ਅਤੇ "ਸਵਾਮੀ ਵਿਵੇਕਾਨੰਦ ਯੁਵਕ ਪੁਰਸਕਾਰ 2016-17" ਹਾਸਲ ਕੀਤਾ ।
- ਪੀ ਏ ਯੂ ਦੇ ਐਨ ਐਸ ਐਸ ਵਲੰਟੀਅਰਾਂ ਨੇ ਪੁਰਾਣੇ ਕੱਪੜੇ, ਜੁੱਤੇ, ਸਟੇਸ਼ਨਰੀ, ਸਕੂਲ ਬੈਗ, ਪੁਰਾਣੀਆਂ ਕਿਤਾਬਾਂ, ਕੰਬਲ, ਖਿਡੌਣੇ ਆਦਿ ਇਕੱਠੇ ਕਰਨ ਦੀ ਵਿਸ਼ੇਸ਼ ਮੁਹਿੰਮ ਚਲਾਈ ਅਤੇ ਇਹਨਾਂ ਨੂੰ ਝੁੱਗੀ-ਝੌਂਪੜੀ ਵਿੱਚ ਰਹਿਣ ਵਾਲੇ ਲੋੜਵੰਦ ਲੋਕਾਂ ਵਿੱਚ ਵੰਡਿਆ ।
- ਸਤੰਬਰ 2016 ਅਤੇ ਮਾਰਚ 2017 ਦੇ ਕਿਸਾਨ ਮੇਲਿਆਂ ਦੌਰਾਨ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ ਅਤੇ ਰਘੂਨਾਥ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਦੀ ਨਿਗਰਾਨੀ ਹੇਠ ਖੂਨਦਾਨ ਕੈਂਪ ਲਗਾਏ ਗਏ । ਇਸੇ ਤਰ੍ਹਾਂ 18 ਨਵੰਬਰ 2016 ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਭਾਈ ਘਨਈਆ ਜੀ ਮਿਸ਼ਨ ਸੇਵਾ ਸੋਸਾਇਟੀ ਪੰਜਬ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਗਿਆ । ਇਨ੍ਹਾਂ ਕੈਂਪਾਂ ਤੋਂ ਖੂਨ ਦੇ 526 ਯੂਨਿਟ ਇਕੱਠੇ ਕੀਤੇ ਗਏ ।
- ਇਲੈਕਟ੍ਰਾਨਿਕ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ, ਭਾਰਤ ਸਰਕਾਰ ਦੀ ਸਰਪ੍ਰਸਤੀ ਹੇਠ 4 ਅਕਤੂਬਰ 2016 ਨੂੰ "ਡਿਜ਼ੀਟਲ ਇੰਡੀਆ" ਉੱਤੇ ਇਕ ਵਰਕਸ਼ਾਪ ਲਗਾਈ ਗਈ।
- ਯੁਵਕ ਮਾਮਲੇ ਅਤੇ ਸਪੋਰਟਸ ਮੰਤਰਾਲਾ, ਭਾਰਤ ਸਰਕਾਰ ਵੱਲੋਂ ਦਿੱਤੇ ਉਦੇਸ਼ਾਂ ਮੁਤਾਬਕ ਹਰੇਕ ਐੱਨ ਐੱਸ ਐੱਸ ਯੂਨਿਟ ਵੱਲੋਂ 21 ਦਿਨਾਂ ਦੇ ਨਿਰੰਤਰ ਗਤੀਵਿਧੀਆਂ ਵਾਲੇ ਕੈਂਪ ਲਗਾਏ ਗਏ ।
- ਯੂਨੀਵਰਸਿਟੀ ਕਾਊਂਸਲਿੰਗ ਅਤੇ ਪਲੇਸਮੈਂਟ ਗਾਈਡੈਂਸ ਸੈੱਲ ਦੇ ਸਾਂਝੇ ਉੱਦਮ ਨਾਲ 18-24 ਦਸੰਬਰ 2016 ਦੌਰਾਨ

"ਸਖਸ਼ੀਅਤ ਉਸਾਰੀ" ਉੱਤੇ ਸੱਤ ਰੋਜ਼ਾ ਵਰਕਸ਼ਾਪ ਲਗਾਈ ਗਈ । ਇਸ ਤੋਂ ਇਲਾਵਾ ਸਵੈ-ਵਿਸ਼ਵਾਸ ਬਨਾਉਣ, ਰਹਿਨੁਮਾਈ ਕਰਨ ਵਾਲੇ ਗੁਣ, ਮਾਨਸਿਕ ਦਬਾਅ ਤੇ ਕਾਬੂ ਪਾਉਣ, ਸਵੈ-ਮੁਲਾਂਕਣ ਆਦਿ ਤੇ ਭਾਸ਼ਣ-ਕਮ-ਵਰਕਸ਼ਾਪਾਂ ਕਰਵਾਈਆਂ।

- ਵਲੰਟੀਅਰਾਂ ਨੇ ਕੈਂਪਸ ਦੇ ਸੁੰਦਰੀਕਰਨ, ਖੇਡ ਮੈਦਾਨਾਂ ਦੀ ਸਫ਼ਾਈ, ਪੇਂਡੂ ਸਿਹਤ ਸੰਭਾਲ ਕੈਂਪਾਂ, ਯੋਗਾ ਕੈਂਪਾਂ ਆਦਿ ਵਿੱਚ ਵੀ ਸ਼ਿਰਕਤ ਕੀਤੀ । ਇਸ ਤੋਂ ਇਲਾਵਾ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਚਲਾਈ ਰਾਸ਼ਟਰੀ ਗਾਣ ਲਈ ਹਸਤਾਖਰ ਮੁਹਿੰਮ ਅਤੇ ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮ ਮੁਹਿੰਮ ਵੀ ਚਲਾਈ ।
- ਐੱਨ ਐੱਸ ਐੱਸ ਦੇ 10 ਵਲੰਟੀਅਰਾਂ ਨੇ ਪੂਨੇ ਵਿਖੇ 17-19 ਜਨਵਰੀ 2017 ਦੌਰਾਨ ਭਾਰਤੀਯ ਛਾਤਰਾ ਸੰਸਦ ਦੀ ਹੋਈ 7ਵੀਂ ਕਨਕਲੇਵ ਵਿੱਚ ਸ਼ਿਰਕਤ ਕੀਤੀ ।

## ਸਭਿਆਚਾਰਕ ਗਤੀਵਿਧੀਆਂ

- ਯੂਨੀਵਰਸਿਟੀ ਵਿਖੇ ਸਵਤੰਤਰਤਾ ਦਿਵਸ ਅਤੇ ਗਣਤੰਤਰਤਾ ਦਿਵਸ ਕ੍ਰਮਵਾਰ 15 ਅਗਸਤ 2016 ਅਤੇ 26 ਜਨਵਰੀ 2017 ਨੂੰ ਮਨਾਇਆ ਗਿਆ । ਇਨ੍ਹਾਂ ਸਮਾਰੋਹਾਂ ਵਿੱਚ ਵੱਡੀ ਗਿਣਤੀ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਸਟਾਫ਼ ਨੇ ਸ਼ਮੂਲੀਅਤ ਕੀਤੀ ।
- "ਭੰਗੜਾ ਅਤੇ ਗਿੱਧਾ" ਉੱਤੇ ਇੱਕ ਵਰਕਸ਼ਾਪ 1-20 ਸਤੰਬਰ 2016 ਨੂੰ ਕਰਵਾਈ ਗਈ । ਪੀ ਏ ਯੂ ਦੇ ਵਿਦਿਆਰਥੀਆਂ ਨੇ ਦੋਵੇਂ ਲੋਕ ਨਾਚਾਂ ਦੀਆਂ ਤਕਨੀਕਾਂ ਸਿੱਖੀਆਂ ।
- ਪੀ ਏ ਯੂ ਦਾ ਅੰਤਰ ਕਾਲਜ ਯੁਵਕ ਮੇਲਾ 3-11 ਨਵੰਬਰ 2016 ਦੌਰਾਨ ਕਰਵਾਇਆ ਗਿਆ ਜਿਸ ਵਿੱਚ ਪੀ ਏ ਯੂ ਦੇ ਸੰਬੰਧਤ ਕਾਲਜਾਂ ਅਤੇ ਬਾਹਰਲੀਆਂ ਸੰਸਥਾਵਾਂ ਤੋਂ ਲਗਭਗ 400 ਵਿਦਿਆਰਥੀਆਂ ਨੇ ਸਾਹਿਤ, ਫਾਈਨ ਆਰਟਸ, ਸੰਗੀਤ, ਥੀਏਟਰ, ਡਾਂਸ ਅਤੇ ਹੈਰੀਟੇਜ ਮੁਕਾਬਲਿਆਂ ਵਿੱਚ ਹਿੱਸਾ ਲਿਆ । ਇਸ ਮੌਕੇ ਓਵਰਆਲ ਰਨਿੰਗ ਟਰਾਫੀ ਖੇਤੀਬਾੜੀ ਕਾਲਜ ਨੂੰ ਹਾਸਲ ਹੋਈ ।
- ਪੀ ਏ ਯੂ ਦੀ 40 ਮੈਂਬਰਾਂ ਦੀ ਟੀਮ ਨੇ 2-6 ਜਨਵਰੀ 2017 ਦੌਰਾਨ ਛਤਰਪਤੀ ਸ਼ਾਹੂ ਜੀ ਮਹਾਰਾਜ ਯੂਨੀਵਰਸਿਟੀ, ਕਾਨਪੁਰ ਵੱਲੋਂ ਆਯੋਜਿਤ 32ਵੇਂ ਅੰਤਰ-ਵਰਸਿਟੀ ਨਾਰਥ ਜ਼ੋਨ ਯੁਵਕ ਮੇਲੇ 2016-17 ਵਿੱਚ ਸ਼ਿਰਕਤ ਕੀਤੀ । ਵਿਦਿਆਰਥੀਆਂ ਨੇ ਸਭਿਆਚਾਰਕ ਝਾਕੀ ਵਿੱਚ ਸਿਲਵਰ ਮੈਡਲ, ਸਕਿੱਟ, ਕਾਰਟੂਨਿੰਗ ਅਤੇ ਲਾਈਟ ਵੋਕਲ ਸੋਲੋ ਵਿੱਚ ਕਾਂਸੇ ਦੇ ਤਗਮੇ ਹਾਸਲ ਕੀਤੇ ।
- ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ 10-14 ਫਰਵਰੀ, 2017 ਦੌਰਾਨ ਸ਼ਿਵਾਜੀ ਯੂਨੀਵਰਸਿਟੀ, ਕੋਹਲਾਪੁਰ ਵੱਲੋਂ ਆਯੋਜਿਤ 32ਵੇਂ ਅੰਤਰ-ਵਰਸਿਟੀ ਰਾਸ਼ਟਰੀ ਯੁਵਕ ਮੇਲੇ 2016-17 ਵਿੱਚ ਸ਼ਿਰਕਤ ਕੀਤੀ । ਵਿਦਿਆਰਥੀਆਂ ਨੇ ਕਾਰਟੂਨਿੰਗ ਵਿੱਚ ਚਾਂਦੀ ਦਾ ਤਗਮਾ ਅਤੇ ਲਾਈਟ ਵੋਕਲ ਸੋਲੋ ਵਿੱਚ ਕਾਂਸੇ ਦਾ ਤਗਮਾ ਹਾਸਲ ਕੀਤਾ ।
- ਪੀ ਏ ਯੂ ਦੀ 27 ਮੈਂਬਰਾਂ ਦੀ ਟੀਮ ਨੇ 22-25 ਫਰਵਰੀ 2017 ਦੌਰਾਨ ਭਾਰਤੀ ਖੇਤੀ ਖੋਜ ਪ੍ਰੀਸ਼ਦ ਨਵੀਂ ਦਿੱਲੀ ਵੱਲੋਂ ਰਾਜਸਥਾਨ ਯੂਨੀਵਰਸਿਟੀ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼, ਬੀਕਾਨੇਰ, ਰਾਜਸਥਾਨ ਵਿਖੇ ਕਰਵਾਏ 17ਵੇਂ ਸਰਵ ਭਾਰਤੀ ਅੰਤਰ ਖੇਤੀਬਾੜੀ ਯੂਨੀਵਰਸਿਟੀਜ਼ ਯੁਵਕ ਮੇਲੇ ਵਿੱਚ ਸ਼ਿਰਕਤ ਕੀਤੀ । ਪੀ ਏ ਯੂ ਨੇ ਬਹਿਸ ਮੁਕਾਬਲਿਆਂ ਵਿੱਚ ਸੋਨ ਤਗਮਾ; ਭਾਸ਼ਣ ਅਤੇ ਇਕਾਂਗੀ ਵਿੱਚ ਚਾਂਦੀ ਦੇ ਤਗਮੇ; ਗਰੁੱਪ ਮਾਇਮ, ਰੰਗੋਲੀ ਅਤੇ ਕੋਲਾਜ ਵਿੱਚ ਕਾਂਸੇ ਦੇ ਤਗਮੇ ਅਤੇ ਦੇਸ਼ ਭਗਤੀ ਦੇ ਸਮੂਹ ਗਾਇਣ ਅਤੇ ਸਪਾਟ ਪੇਂਟਿੰਗ ਵਿੱਚ ਚੌਥਾ ਸਥਾਨ ਹਾਸਲ ਕਰਕੇ ਓਵਰਆਲ ਟਰਾਫੀ ਜਿੱਤੀ ।
- ਪੀ ਏ ਯੂ ਦੀ ਟੀਮ ਨੇ 27-28 ਮਾਰਚ 2017 ਨੂੰ ਚੰਡੀਗੜ੍ਹ ਵਿਖੇ ਯੁਵਕ ਸੇਵਾਵਾਂ ਡਾਇਰੈਕਟੋਰੇਟ, ਪੰਜਾਬ ਵੱਲੋਂ ਕਰਵਾਏ ਪੰਜਾਬ ਰਾਜ ਅੰਤਰ ਵਰਸਿਟੀ ਯੁਵਕ ਮੇਲੇ ਵਿੱਚ ਸ਼ਿਰਕਤ ਕੀਤੀ । ਯੂਨੀਵਰਸਿਟੀ ਵਿਦਿਆਰਥੀਆਂ ਨੇ ਕੋਲਾਜ ਅਤੇ ਛਿੱਕੂ ਬਨਾਉਣ ਵਿੱਚ ਸੋਨ ਤਗਮਾ, ਭੰਗੜਾ, ਗਿੱਧਾ, ਕਲੇਅ ਮਾਡਲਿੰਗ, ਕਾਰਟੂਨਿੰਗ, ਰਵਾਇਤੀ ਪੌਸ਼ਾਕ, ਗੁੱਡੀਆਂ ਪਟੋਲੇ ਅਤੇ ਕਢਾਈ ਅਤੇ ਇਕਾਂਗੀ ਵਿੱਚ ਚਾਂਦੀ ਦਾ ਤਗਮਾ ਅਤੇ ਲੋਕ ਗੀਤ, ਪਰਾਂਦਾ, ਪੱਖੀ, ਕਰੋਸ਼ੀਆ ਅਤੇ ਪੀੜੀ ਬਨਾਉਣ (ਪੰਜਾਬ ਦੀਆਂ ਰਵਾਇਤੀ ਸਭਿਆਚਾਰਕ ਕਲਾਵਾਂ) ਵਿੱਚ ਕਾਂਸੇ ਦੇ ਤਗਮੇ ਹਾਸਲ ਕੀਤੇ ।
- ਪੀ ਏ ਯੂ ਦੀ 30 ਮੈਂਬਰਾਂ ਦੀ ਟੀਮ ਨੇ 20 ਜੂਨ ਤੋਂ 26 ਜੁਲਾਈ 2017 ਦੌਰਾਨ ਸੋਲਨ, ਹਿਮਾਚਲ ਪ੍ਰਦੇਸ਼ ਵਿਖੇ ਹਾਈਕਿੰਗ ਅਤੇ ਟ੍ਰੈਕਿੰਗ ਟੂਰ ਵਿੱਚ ਸ਼ਿਰਕਤ ਕੀਤੀ ।

# ਪਸਾਰ

ਯੂਨੀਵਰਸਿਟੀ ਵੱਲੋਂ ਅਤਿ ਆਧੁਨਿਕ ਖੇਤ ਤਕਨੀਕਾਂ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਦਾ ਕਾਰਜ ਵੀ ਕੀਤਾ ਜਾਂਦਾ ਹੈ । ਕਿਸਾਨਾਂ ਅਤੇ ਪਸਾਰ ਕਰਮੀਆਂ ਤੱਕ ਇਹ ਤਕਨੀਕਾਂ ਯੂਨੀਵਰਸਿਟੀ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਾ ਹੈੱਡਕੁਆਟਰਾਂ ਵਿਖੇ ਸਥਿਤ 15 ਖੇਤੀ ਸਲਾਹਕਾਰੀ ਸੇਵਾ ਕੇਂਦਰਾਂ (ਐਫ ਏ ਐਸ ਸੀ'ਜ਼) ਅਤੇ 18 ਕ੍ਰਿਸ਼ੀ ਵਿਗਿਆਨ ਕੇਂਦਰਾਂ (ਕੇ ਵੀ ਕੇ'ਜ਼) ਅਤੇ ਹੋਰ ਕਈ ਵਿਭਾਗਾਂ ਜਿਵੇਂ ਕਿ ਮੇਨ ਕੈਂਪਸ ਵਿਖੇ ਸਥਿਤ ਖੇਤੀ ਤਕਨਾਲੋਜੀ ਸੂਚਨਾ ਕੇਂਦਰ (ਏ ਟੀ ਆਈ ਸੀ) ਅਤੇ ਕੈਰੋਂ ਕਿਸਾਨ ਘਰ ਵਿਖੇ ਸਥਿਤ ਸਿਖਲਾਈ ਦੇ ਐਡਵਾਂਸਡ ਸੈਂਟਰ ਰਾਹੀਂ ਪਹੁੰਚਾਈਆਂ ਜਾਂਦੀਆਂ ਹਨ । ਇਨ੍ਹਾਂ ਕੇਂਦਰਾਂ ਵੱਲੋਂ ਇਹ ਤਕਨੀਕਾਂ ਕਈ ਪਸਾਰ ਮਾਡਲਾਂ ਜਿਵੇਂ ਕਿ ਕਿਸਾਨ ਮੇਲੇ, ਖੇਤ ਦਿਵਸ, ਕਾਰਜਸ਼ਾਲਾਵਾਂ, ਖੋਜ ਤਜ਼ਰਬੇ, ਆਨ ਫਾਰਮ ਤਜ਼ਰਬੇ, ਪ੍ਰਦਰਸ਼ਨੀਆਂ, ਸਿਖਲਾਈਆਂ (ਥੋੜ੍ਹੇ ਸਮੇਂ ਦੀਆਂ, ਵੋਕੇਸ਼ਨਲ ਅਤੇ ਇਨ-ਸਰਵਿਸ), ਨੁਮਾਇਸ਼ਾਂ, ਮੁਹਿੰਮਾਂ, ਤਕਨੀਕੀ ਅਗਵਾਈ, ਪੀਏਯੂ ਦੂਤ, ਟੀਵੀ/ਰੇਡੀਓ ਟਾਕਜ਼, ਕਿਸਾਨ ਕਲੱਬ/ਕਮੇਟੀ ਦੀਆਂ ਮੀਟਿੰਗਾਂ ਅਤੇ ਖੇਤੀ ਸਾਹਿਤ ਦੀ ਵਿੱਕਰੀ ਆਦਿ ਰਾਹੀਂ ਪਹੁੰਚਾਈਆਂ ਜਾਂਦੀਆਂ ਹਨ । ਯੂਨੀਵਰਸਿਟੀ ਵੱਲੋਂ ਕਿਸਾਨਾਂ, ਕਿਸਾਨ ਬੀਬੀਆਂ ਅਤੇ ਪਸਾਰ ਮਾਹਿਰਾਂ ਦੀ ਵਿਗਿਆਨਕ ਖੇਤੀ ਤਕਨੀਕਾਂ ਅਤੇ ਪ੍ਰੈਕਟਸਿਸ ਅਤੇ ਸਹਾਇਕ ਧੰਦਿਆਂ ਵਿੱਚ ਸਮਰਥਾ ਵਧਾਉਣ ਲਈ ਵੱਖੋ-ਵੱਖ ਸਿਖਲਾਈ ਪ੍ਰੋਗਰਾਮ ਵੀ ਲਗਾਏ ਜਾਂਦੇ ਹਨ ।

## ਕਿਸਾਨ ਮੇਲੇ

ਕਿਸਾਨ ਮੇਲੇ ਖੇਤੀ ਸੰਬੰਧੀ ਅਤਿ ਆਧੁਨਿਕ ਜਾਣਕਾਰੀ ਨੂੰ ਕਿਸਾਨਾਂ ਤੱਕ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ । ਕਿਸਾਨਾਂ ਨੂੰ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਪ੍ਰਦਰਸ਼ਨੀਆਂ, ਨੁਮਾਇਸ਼ਾਂ ਅਤੇ ਤਕਨੀਕੀ ਸੈਸ਼ਨਾਂ ਰਾਹੀਂ ਦਿੱਤੀ ਜਾਂਦੀ ਹੈ । ਇਨ੍ਹਾਂ ਮੇਲਿਆਂ ਵਿੱਚ ਕਰਵਾਏ ਜਾਂਦੇ ਪ੍ਰਸ਼ਨੋਤਰੀ ਸੈਸ਼ਨਾਂ ਰਾਹੀਂ ਕਿਸਾਨਾਂ ਦੇ ਖੇਤੀ ਸੰਬੰਧੀ ਸ਼ੰਕੇ ਨਵਿਰਤ ਕੀਤੇ ਜਾਂਦੇ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 14 ਕਿਸਾਨ ਮੇਲੇ ਲਗਾਏ ਗਏ, ਜਿਨ੍ਹਾਂ ਵਿਚੋਂ ਸੱਤ ਕਿਸਾਨ ਮੇਲੇ ਸਤੰਬਰ 2016 ਦੌਰਾਨ ਪੀਏਯੂ ਦੇ ਮੇਨ ਕੈਂਪਸ ਲੁਧਿਆਣਾ; ਕੇਵੀਕੇ ਰੌਣੀ (ਪਟਿਆਲਾ); ਕੇਵੀਕੇ ਨਾਗਕਲਾਂ (ਅੰਮ੍ਰਿਤਸਰ); ਖੇਤਰੀ ਖੋਜ ਸਟੇਸ਼ਨ (ਆਰ ਆਰ ਐੱਸ) ਫਰੀਦਕੋਟ, ਆਰ ਆਰ ਐੱਸ ਬਲੋਵਾਲ ਸੌਂਖੜੀ, ਆਰ ਆਰ ਐੱਸ, ਬਠਿੰਡਾ ਅਤੇ ਆਰ ਆਰ ਐੱਸ ਗੁਰਦਾਸਪੁਰ ਵਿਖੇ ਲਗਾਏ ਗਏ । ਸਤੰਬਰ 2016 ਦੇ ਕਿਸਾਨ ਮੇਲਿਆਂ ਦਾ ਉਦੇਸ਼ "ਪੀਏਯੂ ਖੇਤੀ ਸਿਫ਼ਾਰਸ਼ਾਂ, ਫ਼ਸਲਾਂ ਲਈ ਵਰਦਾਨ; ਵਿਗਿਆਨਕ ਖੇਤੀ ਨਾਲ ਹੀ, ਸਫ਼ਲ ਹੋਣ ਕਿਸਾਨ" ਸੀ ਅਤੇ ਮਾਰਚ 2017 ਦੇ ਕਿਸਾਨ ਮੇਲਿਆਂ ਦਾ ਉਦੇਸ਼ 'ਪੀਏਯੂ ਦੇ ਬੀਜ ਬੀਜੋ, ਸਹਾਇਕ ਧੰਦੇ ਅਪਨਾਓ; ਮੰਡੀਕਰਨ ਸੁਚੱਜਾ ਕਰੋ, ਲੇਖਾ-ਜੋਖਾ ਲਾਓ' ਸੀ । ਇਨ੍ਹਾਂ ਮੇਲਿਆਂ ਵਿੱਚ ਪੰਜਾਬ ਅਤੇ ਨਾਲ ਲੱਗਦੇ ਸੂਬਿਆਂ ਤੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਮੂਲੀਅਤ ਕੀਤੀ । ਇਸ ਮੌਕੇ ਕਿਸਾਨਾਂ ਲਈ ਸੋਧੀਆਂ ਹੋਈਆਂ ਕਿਸਮਾਂ, ਉਤਪਾਦਨ-ਸੁਰੱਖਿਆ ਤਕਨੀਕਾਂ, ਮਧੂ ਮੱਖੀ ਪਾਲਣ, ਖੁੰਭਾਂ ਦੀ ਕਾਸ਼ਤ, ਪੌਸ਼ਟਿਕ ਬਗੀਚੀ, ਸੁਰੱਖਿਅਤ ਕਾਸ਼ਤਕਾਰੀ ਉੱਤੇ ਪ੍ਰਦਰਸ਼ਨੀਆਂ ਅਤੇ ਨੁਮਾਇਸ਼ਾਂ ਲਗਾਈਆਂ ਗਈਆਂ । ਇਨ੍ਹਾਂ ਮੇਲਿਆਂ ਵਿੱਚ ਫ਼ਸਲਾਂ, ਚਾਰਾ ਅਤੇ ਸਬਜ਼ੀਆਂ ਦੇ ਸੋਧੇ ਹੋਏ ਬੀਜ, ਸਬਜ਼ੀਆਂ, ਫ਼ਲ ਅਤੇ ਸਜਾਵਟੀ ਬੂਟਿਆਂ ਦੀ ਪਨੀਰੀ ਅਤੇ ਖੇਤੀ ਸਾਹਿਤ ਕਿਸਾਨਾਂ ਨੂੰ ਵੇਚਿਆ ਗਿਆ । ਇਸ ਤੋਂ ਇਲਾਵਾ ਹੋਰ ਖੇਤੀ ਲਾਗਤਾਂ ਜਿਵੇਂ ਕਿ ਖਾਦਾਂ, ਕੀਟਨਾਸ਼ਕ ਰਸਾਇਣਾਂ, ਖੇਤੀ ਸੰਦਾਂ ਅਤੇ ਮਸ਼ੀਨਰੀ ਦੀਆਂ ਨੁਮਾਇਸ਼ਾਂ ਵੀ ਲਗਾਈਆਂ ਗਈਆਂ ।

## ਅਗਾਂਹਵਧੂ ਕਿਸਾਨਾਂ ਨੂੰ ਪੁਰਸਕਾਰ

ਪੰਜਾਬ ਦੇ ਵੱਖੋ-ਵੱਖ ਹਿੱਸਿਆਂ ਦੇ ਅਗਾਂਹਵਧੂ ਕਿਸਾਨਾਂ ਨੂੰ ਖੇਤੀਬਾੜੀ, ਬਾਗਬਾਨੀ ਅਤੇ ਹੋਰ ਸਹਾਇਕ ਧੰਦਿਆਂ ਵਿੱਚ ਪਾਏ ਵਡਮੁੱਲੇ ਯੋਗਦਾਨ ਕਰਕੇ ਪੀਏਯੂ ਕਿਸਾਨ ਮੇਲਿਆਂ ਵਿੱਚ ਸਨਮਾਨਿਤ ਕੀਤਾ ਜਾਂਦਾ ਹੈ । ਸਤੰਬਰ 23, 2016 ਨੂੰ ਪੀਏਯੂ ਕਿਸਾਨ ਮੇਲੇ ਦੌਰਾਨ ਤਿੰਨ ਅਗਾਂਹਵਧੂ ਕਿਸਾਨਾਂ ਅਤੇ ਇੱਕ ਕਿਸਾਨ ਬੀਬੀ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚੋਂ ਸ. ਰਾਜਮੋਹਨ ਸਿੰਘ ਕਾਲੇਕੇ (ਪਟਿਆਲਾ), ਸ. ਅਮਰਜੀਤ ਸਿੰਘ (ਜਲੰਧਰ), ਸ੍ਰੀ ਚੇਤਨ ਵਰਮਾ (ਗੁਰਦਾਸਪੁਰ) ਅਤੇ ਸ੍ਰੀਮਤੀ ਵਿਨੋਦ ਕੁਮਾਰੀ (ਹੁਸ਼ਿਆਰਪੁਰ) ਨੂੰ ਕ੍ਰਮਵਾਰ ਸ. ਦਲੀਪ ਸਿੰਘ ਧਾਲੀਵਾਲ ਯਾਦਗਾਰੀ ਪੁਰਸਕਾਰ, ਪਰਵਾਸੀ ਭਾਰਤੀ ਪੁਰਸਕਾਰ, ਸ. ਸੁਰਜੀਤ ਸਿੰਘ ਢਿੱਲੋਂ ਪੁਰਸਕਾਰ ਅਤੇ ਸਰਦਾਰਨੀ ਜਗਬੀਰ ਕੌਰ ਗਰੇਵਾਲ ਯਾਦਗਾਰੀ ਉੱਦਮੀ ਕਿਸਾਨ ਬੀਬੀ ਪੁਰਸਕਾਰ ਪ੍ਰਦਾਨ ਕੀਤੇ ਗਏ । ਇਸੇ ਤਰ੍ਹਾਂ 25 ਮਾਰਚ 2017 ਦੇ ਪੀਏਯੂ ਕਿਸਾਨ ਮੇਲੇ ਦੌਰਾਨ ਸ. ਜਗਤਾਰ ਸਿੰਘ ਬਰਾੜ (ਬਠਿੰਡਾ) ਨੂੰ ਖੇਤੀਬਾੜੀ ਵਿੱਚ ਸਰਵੋਤਮਤਾ ਦਿਖਾਉਣ ਦੇ ਇਵਜ਼ ਵਜੋਂ "ਮੁੱਖ ਮੰਤਰੀ ਪੁਰਸਕਾਰ", ਸ. ਵਿੰਦਰ ਸਿੰਘ (ਸੰਗਰੂਰ) ਅਤੇ ਸ. ਰਜਿੰਦਰ ਸਿੰਘ ਧਾਲੀਵਾਲ (ਲੁਧਿਆਣਾ) ਨੂੰ ਬਾਗਬਾਨੀ ਵਿੱਚ ਸਰਵੋਤਮਤਾ ਦਿਖਾਉਣ ਵਜੋਂ "ਮੁੱਖ ਮੰਤਰੀ ਪੁਰਸਕਾਰ", ਸ. ਅਪਰਪਾਲ ਸਿੰਘ (ਬਠਿੰਡਾ) ਨੂੰ "ਸਰਦਾਰਨੀ ਪ੍ਰਕਾਸ਼ ਕੌਰ ਸਰਾਂ ਯਾਦਗਾਰੀ ਪੁਰਸਕਾਰ", ਸ. ਪਰਮਜੀਤ ਸਿੰਘ (ਲੁਧਿਆਣਾ); ਸ. ਹਰਦੀਪ ਸਿੰਘ (ਪਟਿਆਲਾ) ਅਤੇ ਸ. ਨਰਿੰਦਰ ਸਿੰਘ (ਹੁਸ਼ਿਆਰਪੁਰ) ਨੂੰ "ਸੀ ਆਰ ਆਈ ਪੰਪਜ਼ ਪੁਰਸਕਾਰ" ਕ੍ਰਮਵਾਰ ਨਵੀਂ ਖੇਤ ਮਸ਼ੀਨਰੀ, ਪਾਣੀ ਪ੍ਰਬੰਧਣ ਤਕਨੀਕਾਂ ਅਤੇ ਜੈਵਿਕ ਖੇਤੀ ਅਪਨਾਉਣ ਵਜੋਂ ਪ੍ਰਦਾਨ ਕੀਤੇ ਗਏ ।

## ਖੇਤ ਦਿਵਸ

ਕਿਸਾਨਾਂ ਵਿੱਚ ਪੀ ਏ ਯੂ ਵੱਲੋਂ ਵਿਕਸਿਤ ਕੀਤੀਆਂ ਨਵੀਆਂ ਤਕਨੀਕਾਂ ਅਤੇ ਪ੍ਰੈਕਟਸਿਸ ਦੇ ਪਸਾਰ ਲਈ ਯੂਨੀਵਰਸਿਟੀ ਵੱਲੋਂ

ਖੇਤ ਦਿਵਸ ਮਨਾਏ ਜਾਂਦੇ ਹਨ । ਸਮੁੱਚੇ ਤੌਰ ਤੇ ਪੰਜਾਬ ਦੇ ਵੱਖੋ-ਵੱਖ ਪਿੰਡਾਂ ਵਿੱਚ 230 ਖੇਤ ਦਿਵਸ ਮਨਾਏ ਗਏ, ਜਿਨ੍ਹਾਂ ਦਾ ਮੰਤਵ ਝੋਨੇ ਦੀ ਸਿੱਧੀ ਬਿਜਾਈ, ਝੋਨੇ ਦੀ ਮਸ਼ੀਨਾਂ ਨਾਲ ਲੁਆਈ, ਜੈਵਿਕ ਖਾਦਾਂ ਦੀ ਵਰਤੋਂ, ਮੈਟ ਵਰਗੀ ਨਰਸਰੀ ਉਗਾਉਣ, ਹੈਪੀ ਸੀਡਰ ਦੀ ਵਰਤੋਂ ਕਰਨ, ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ, ਪਰਮਲ/ਬਾਸਮਤੀ ਝੋਨੇ ਵਿੱਚ ਸੰਯੁਕਤ ਕੀਟ ਪ੍ਰਬੰਧਨ, ਪੀਏਯੂ ਫਰੂਟ ਫਲਾਈ ਟ੍ਰੈਪਜ਼, ਦਾਲਾਂ (ਸੋਇਆਬੀਨ, ਛੋਲੇ ਆਦਿ) ਅਤੇ ਮੱਕੀ ਦੀ ਕਾਸ਼ਤ, ਪੌਸ਼ਟਿਕ ਬਗੀਚੀ ਅਤੇ ਖੁੰਭਾਂ ਦੀ ਕਾਸ਼ਤ ਆਦਿ ਨੂੰ ਉਤਸ਼ਾਹਿਤ ਕਰਨਾ ਸੀ।

## ਅਨੁਕੂਲਣਸ਼ੀਲ ਖੋਜ ਤਜ਼ਰਬੇ

ਯੂਨੀਵਰਸਿਟੀ ਦੀ ਖੋਜ ਪ੍ਰਣਾਲੀ ਵੱਲੋਂ ਵਿਕਸਿਤ ਕੀਤੀਆਂ ਨਵੀਆਂ ਤਕਨੀਕਾਂ ਨੂੰ ਵੱਖੋ-ਵੱਖ ਖੇਤੀ ਜਲਵਾਯੂ ਹਾਲਤਾਂ ਅਧੀਨ ਕਿਸਾਨਾਂ ਦੇ ਖੇਤਾਂ ਤੇ ਪਰਖਣ ਲਈ ਅਨੁਕੂਲਣਸ਼ੀਲ ਖੋਜ ਤਜ਼ਰਬੇ ਕੀਤੇ ਜਾਂਦੇ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਫ਼ਸਲਾਂ ਦੀਆਂ ਨਵੀਆਂ ਕਿਸਮਾਂ, ਉਤਪਾਦਨ ਅਤੇ ਸੁਰੱਖਿਆ ਤਕਨੀਕਾਂ ਦੀ ਪਰਖ ਕਰਨ ਲਈ ਵੱਖੋ-ਵੱਖ ਸਥਾਨਾਂ ਤੇ 713 ਏ ਆਰ ਟੀ'ਜ਼ ਕਰਵਾਏ ਗਏ । ਕੁਝ ਪ੍ਰਮੁੱਖ ਖੋਜ ਤਜ਼ਰਬਿਆਂ ਦਾ ਵੇਰਵਾ ਇਸ ਪ੍ਰਕਾਰ ਹੈ :

- ਪਰਮਲ ਚੌਲ, ਬਾਸਮਤੀ, ਕਣਕ, ਗੰਨਾ, ਸਰ੍ਹੋਂ, ਜਵੀਂ, ਬਰਸੀਮ ਅਤੇ ਰਾਜਮਾਂਹ ਦੀਆਂ ਨਵੀਆਂ ਕਿਸਮਾਂ ਦਾ ਮੁਲਾਂਕਣ
- ਪੌਦ ਸੁਰੱਖਿਆ ਤਕਨੀਕਾਂ, ਜਿਨ੍ਹਾਂ ਵਿੱਚ ਨਵੇਂ ਨਦੀਨਨਾਸ਼ਕ (288), ਕੀਟਨਾਸ਼ਕ (27) ਅਤੇ ਉੱਲੀਨਾਸ਼ਕ (97) ਸ਼ਾਮਲ ਸਨ, ਦੀ ਪਰਖ ਕੀਤੀ ਗਈ ।

ਇਨ੍ਹਾਂ ਤਜ਼ਰਬਿਆਂ ਦੇ ਆਧਾਰ ਤੇ 65 ਸਿਫ਼ਾਰਸ਼ਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 22 ਨਵੀਆਂ ਕਿਸਮਾਂ (10 ਖੇਤ ਫ਼ਸਲਾਂ, 7 ਸਬਜ਼ੀਆਂ, 2 ਫ਼ਲਾਂ ਦੀਆਂ ਫ਼ਸਲਾਂ ਅਤੇ 3 ਫੁੱਲਾਂ ਦੀਆਂ), 16 ਉਤਪਾਦਨ ਤਕਨੀਕਾਂ ਦੀਆਂ, 23 ਪੌਦ ਸੁਰੱਖਿਆ ਤਕਨੀਕਾਂ ਅਤੇ 4 ਖੇਤ ਮਸ਼ੀਨਰੀ ਨਾਲ ਸੰਬੰਧਤ ਸਨ ।

## ਆਨ ਫਾਰਮ ਟ੍ਰਾਇਲਜ਼ (ਖੇਤਾਂ ਵਿੱਚ ਤਜ਼ਰਬੇ)

ਕਿਸਾਨਾਂ ਦੇ ਖੇਤਾਂ ਦੀਆਂ ਹਾਲਤਾਂ ਦੇ ਮੱਦੇਨਜ਼ਰ ਨਵੀਂ ਤਕਨੀਕ/ਵਿਚਾਰ ਨੂੰ ਪੀਏਯੂ ਵੱਲੋਂ ਸਿਫ਼ਾਰਸ਼ ਕੀਤੇ ਢੰਗ ਤਰੀਕੇ ਅਤੇ ਕਿਸਾਨਾਂ ਵੱਲੋਂ ਅਪਣਾਏ ਜਾਂਦੇ ਤਰੀਕਿਆਂ ਅਨੁਸਾਰ ਪਰਖਣ ਲਈ ਆਨ ਫਾਰਮ ਟ੍ਰਾਇਲਜ਼ (ਓ ਐੱਫ ਟੀ'ਜ਼) ਕਰਵਾਏ ਜਾਂਦੇ ਹਨ । ਕੇ ਵੀ ਕੇ'ਜ਼ ਵਿਗਿਆਨੀਆਂ ਵੱਲੋਂ ਅਜਿਹੇ 165 ਓ ਐੱਫ ਟੀ'ਜ਼ ਕਰਵਾਏ ਗਏ । ਇਨ੍ਹਾਂ ਵਿੱਚੋਂ ਕੁਝ ਕੁ ਪ੍ਰਮੁੱਖ ਓ ਐੱਫ ਟੀ'ਜ਼ ਦੇ ਨਤੀਜੇ ਇਸ ਪ੍ਰਕਾਰ ਹਨ :

### ◆ ਨਰਮੇ ਵਿੱਚ ਨਾਈਟ੍ਰੋਜਨ ਖਾਦ ਦਾ ਪ੍ਰਬੰਧਣ

ਐੱਨ ਖਾਦ ਦੀ ਵੱਖੋ-ਵੱਖ ਮਾਤਰਾ ਦਾ ਨਰਮੇ ਦੇ ਬੀਜ ਦੇ ਝਾੜ ਤੇ ਕੋਈ ਬਹੁਤਾ ਫ਼ਰਕ ਨਹੀਂ ਵੇਖਿਆ ਗਿਆ ਜਿਵੇਂ ਕਿ 87.5 ਕਿਲੋ ਐੱਨ ਹੈਕਟੇਅਰ$^{-1}$ (ਕਿਸਾਨ ਵੱਲੋਂ ਅਪਣਾਈ ਜਾਂਦੀ ਪ੍ਰੈਕਟਿਸ), 150 ਕਿਲੋ ਐੱਨ ਹੈਕਟੇਅਰ$^{-1}$ (ਸਿਫ਼ਾਰਸ਼) ਅਤੇ 115 ਕਿਲੋ ਐੱਨ ਹੈਕਟੇਅਰ$^{-1}$ (ਦਖਲਅੰਦਾਜ਼ੀ/ਬਾਹਰੀ ਪ੍ਰਭਾਵ) ਰਿਕਾਰਡ ਕੀਤੇ ਗਏ ।

### ◆ ਝੋਨੇ ਵਿੱਚ ਤਣੇ ਦੇ ਗੜੂੰਏਂ ਅਤੇ ਪੱਤਾ ਲਪੇਟ ਦੀ ਰੋਕਥਾਮ

ਝੋਨੇ ਵਿੱਚ ਤਣੇ ਦੇ ਗੜੂੰਏਂ ਅਤੇ ਪੱਤਾ ਲਪੇਟ ਦੀ ਰੋਕਥਾਮ ਲਈ ਕਾਟਾਸੂ (ਕਾਰਟਾਪ ਹਾਈਡ੍ਰੋਕਲੋਰਾਈਡ 4% ਜੀ) ਨੂੰ ਪਾਦਾਨ 4 ਜੀ (ਸਿਫ਼ਾਰਸ਼) ਨਾਲੋਂ ਵਧੇਰੇ ਅਸਰਦਾਇਕ ਪਾਇਆ ਗਿਆ । ਇਹ ਕੁਦਰਤੀ ਦੁਸ਼ਮਣ ਕੀੜੇ ਜਿਵੇਂ ਕਿ ਸਪਾਈਡਰ ਆਦਿ ਲਈ ਵੀ ਵਧੇਰੇ ਸੁਰੱਖਿਅਤ ਹੈ ।

### ◆ ਕਣਕ ਦੀ ਬਿਜਾਈ ਦੇ ਢੰਗਾਂ ਦਾ ਮੁਲਾਂਕਣ

ਨਤੀਜਿਆਂ ਤੋਂ ਸਪਸ਼ਟ ਹੈ ਕਿ ਬਿਨਾਂ ਵਹਾਈ ਬਿਜਾਈ (ਜ਼ੀਰੋ ਟਿੱਲੇਜ਼) ਨਾਲ ਝਾੜ ਸਭ ਤੋਂ ਵੱਧ 49.25 ਕੁਇੰਟਲ/ਹੈਕਟੇਅਰ ਰਿਹਾ ਜਦੋਂ ਕਿ ਰੋਟੋ ਡਰਿੱਲ ਨਾਲ ਇਹ ਝਾੜ 47.50 ਕੁਇੰਟਲ/ਹੈਕਟੇਅਰ ਅਤੇ ਰਵਾਇਤੀ ਢੰਗ ਤਰੀਕੇ ਨਾਲ 45.50 ਕੁਇੰਟਲ/ਹੈਕਟੇਅਰ ਰਿਹਾ ।

### ਗੋਭੀ ਸਰ੍ਹੋਂ (ਜੀ ਐਸ ਸੀ-7) ਵਿੱਚ ਸਲਫ਼ਰ ਦਾ ਪ੍ਰਬੰਧਣ

ਡੀਏਪੀ @125 ਕਿਲੋ/ਹੈਕਟੇਅਰ ਅਤੇ ਬਿਜਾਈ ਉਪਰੰਤ ਸਲਫ਼ਰ 50 ਡਬਲਯੂ ਜੀ ਦੇ 70 ਅਤੇ 100 ਦਿਨਾਂ ਬਾਅਦ ਦੋ ਛਿੜਕਾਅ ਕਰਨ ਨਾਲ ਗੋਭੀ ਸਰ੍ਹੋਂ ਦੇ ਝਾੜ ਵਿੱਚ ਵਾਧਾ (21.80 ਕੁਇੰਟਲ/ਹੈਕਟੇਅਰ) ਹੋਇਆ ਜਦੋਂ ਕਿ ਕਿਸਾਨਾਂ ਦੀ ਪ੍ਰੈਕਟਿਸ ਨਾਲ ਇਹ ਝਾੜ 19.75 ਕੁਇੰਟਲ/ਹੈਕਟੇਅਰ ਸੀ ਪਰ ਇਹ ਝਾੜ ਸਿਫ਼ਾਰਸ਼ ਕੀਤੀ ਤਕਨੀਕ ਜਿਵੇਂ ਕਿ ਐੱਸ ਐੱਸ ਪੀ ਜਾਂ ਜਿਪਸਮ (22.51 ਕੁਇੰਟਲ/ਹੈਕਟੇਅਰ) ਨਾਲੋਂ ਘੱਟ ਸੀ ।

### ◆ ਕਰੇਲੇ ਦੀ ਕਾਸ਼ਤ

ਕਰੇਲੇ ਨੂੰ ਮਲਟੀਟੀਅਰ ਤਾਰ ਤੇ ਚੜ੍ਹਾਉਣ ਨਾਲ ਇਸ ਦਾ ਝਾੜ ਵਧੇਰੇ (300 ਕੁਇੰਟਲ/ਹੈਕਟੇਅਰ) ਰਿਹਾ ਜਦੋਂ ਕਿ ਬਾਂਸ ਅਤੇ ਮੁੜੀਆਂ ਹੋਈਆਂ ਲੋਹੇ ਦੀਆਂ ਤਾਰਾਂ ਤੇ ਇਹ ਝਾੜ 243 ਕੁਇੰਟਲ/ਏਕੜ ਅਤੇ ਸਿਫ਼ਾਰਸ਼ ਤਕਨੀਕ (ਪੱਧਰੀ ਬਿਜਾਈ) ਵਿੱਚ ਇਹ ਝਾੜ 80 ਕੁਇੰਟਲ/ਏਕੜ ਰਿਹਾ ।

### ਲਸਣ ਦੀ ਬਿਜਾਈ ਦੇ ਢੰਗ ਤਰੀਕੇ ਅਤੇ ਵਿੱਥ

ਲਸਣ ਦੀ ਪੱਧਰੀ ਬਿਜਾਈ ਨਾਲੋਂ ਵੱਟਾਂ ਤੇ ਬਿਜਾਈ ਕਰਨ ਨਾਲ ਉਸ ਦੇ ਗੁਣਵਤਾ ਮਾਪਦੰਡ ਜਿਵੇਂ ਕਿ ਬਲਬ ਦੇ ਘੇਰੇ ਅਤੇ ਤੁਰੀ ਦੇ ਆਕਾਰ ਵਿੱਚ ਵਾਧਾ ਹੋਇਆ । ਲੇਕਿਨ ਝਾੜ ਵਿੱਚ ਵਾਧਾ ਪੱਧਰੀ ਬਿਜਾਈ ਨਾਲ ਹੀ ਮਿਲਿਆ ।

### ◆ ਮਟਰਾਂ ਵਿੱਚ ਬੀਜ ਦੀ ਮਾਤਰਾ

ਮਟਰਾਂ ਤੋਂ ਹਰੀਆਂ ਫ਼ਲੀਆਂ ਅਤੇ ਮੁਨਾਫ਼ਾ ਵਧੇਰੇ ਹਾਸਲ ਹੋਇਆ ਜਦੋਂ 137.5 ਕਿਲੋ ਬੀਜ/ਹੈਕਟੇਅਰ ਦੀ ਵਰਤੋਂ ਕੀਤੀ ਗਈ । ਇਹ ਮਾਤਰਾ 112.5 ਕਿਲੋ/ਹੈਕਟੇਅਰ (ਸਿਫ਼ਾਰਸ਼ ਮੁਤਾਬਕ) ਅਤੇ 200 ਕਿਲੋ/ਹੈਕਟੇਅਰ ਬੀਜ (ਕਿਸਾਨਾਂ ਦੀ ਪ੍ਰੈਕਟਿਸ) ਦੇ ਮੁਕਾਬਲੇ ਵਿੱਚ ਸੀ ।

- **ਗੇਂਦੇ ਦੀ ਨਰਸਰੀ ਉਗਾਉਣੀ**

ਸਾਇਲ ਮੀਡੀਅਮ ਨਾਲੋਂ ਸਾਇਲਲੈੱਸ ਮੀਡੀਆ ਉੱਤੇ ਗੇਂਦੇ ਦੀ ਨਰਸਰੀ ਲਾਉਣ ਨਾਲ ਵਧੇਰੇ ਝਾੜ ਅਤੇ ਆਰਥਿਕ ਮੁਨਾਫ਼ਾ ਹਾਸਲ ਹੋਇਆ ।

- **ਦਾਲਾਂ ਦੀ ਸਾਂਭ-ਸੰਭਾਲ**

ਦਾਲਾਂ ਦੀ ਛੋਟੇ ਪੱਧਰ ਤੇ ਸਾਂਭ-ਸੰਭਾਲ ਲਈ ਪਰਾਡਾ ਆਯੁਰਵੈਦਿਕ ਗੋਲੀਆਂ ਦੀ ਵਰਤੋਂ ਵਧੇਰੇ ਲਾਹੇਵੰਦ ਰਹੀ ਬਜਾਇ ਕਿ ਸੁਆਹ ਦੀ ਤਹਿ ਵਿਛਾਉਣ ਅਤੇ ਸਰ੍ਹੋਂ ਦਾ ਤੇਲ ਲਗਾਉਣ ਦੇ (ਸਿਫ਼ਾਰਸ਼ ਕੀਤੀਆਂ ਤਕਨੀਕਾਂ)

- **ਲਸਣ ਦਾ ਆਚਾਰ ਬਣਾਉਣਾ**

ਸਿੰਥੈਟਿਕ ਸਿਰਕੇ ਨਾਲ ਬਣਾਇਆ ਲਸਣ ਦਾ ਆਚਾਰ, ਅੰਗੂਰ ਦੇ ਸਿਰਕੇ ਅਤੇ ਗਲਗਲ ਦੇ ਜੂਸ ਨਾਲੋਂ ਸੁਆਦ ਅਤੇ ਖੁਸ਼ਬੂ ਵਿੱਚ ਕਿਤੇ ਵਧੀਆ ਸੀ ।

- **ਨਿੰਬੂਆਂ ਦੀ ਸੰਭਾਲ ਲਈ ਬਿਨਾਂ ਊਰਜਾ ਵਾਲਾ ਠੰਡਾ ਚੈਂਬਰ**

ਨਿੰਬੂ ਨੂੰ ਖੁੱਲ੍ਹੇ ਕਮਰੇ ਦੀ ਬਜਾਇ ਬਿਨਾਂ ਊਰਜਾ ਵਾਲੇ ਠੰਡੇ ਚੈਂਬਰ ਵਿੱਚ ਰੱਖਣ ਨਾਲ ਇਸ ਦੀ ਵਰਤੋਂ ਯੋਗਤਾ ਮਿਆਦ ਵਿੱਚ 10-12 ਦਿਨਾਂ ਦਾ ਵਾਧਾ ਹੁੰਦਾ ਹੈ । ਕਮਰੇ ਦੇ ਤਾਪਮਾਨ ਵਿੱਚ ਨਿੰਬੂ ਦੀ ਵਰਤੋਂ ਯੋਗਤਾ 10-12 ਦਿਨਾਂ ਤੱਕ ਹੁੰਦੀ ਹੈ ਜਦੋਂ ਕਿ ਜ਼ੀਰੋ ਊਰਜਾ ਵਾਲੇ ਠੰਡੇ ਚੈਂਬਰ ਵਿੱਚ ਰੱਖਣ ਨਾਲ ਇਹ ਵਰਤੋਂ ਯੋਗਤਾ ਮਿਆਦ 20-25 ਦਿਨ ਦੀ ਹੋ ਜਾਂਦੀ ਹੈ ।

- **ਲੀਚੀ ਵਿੱਚ ਯੂਰੀਆ ਦਾ ਪ੍ਰਬੰਧਨ**

ਲੀਚੀ ਦੀ ਤੁੜਾਈ ਉਪਰੰਤ ਯੂਰੀਆ ਦਾ ਛਿੜਕਾਅ 1600 ਗ੍ਰਾਮ/ਪੌਦਾ (ਸਿਫ਼ਾਰਸ਼ ਕੀਤੀ ਖੁਰਾਕ) ਦੇ ਨਾਲ 1000 ਗ੍ਰਾਮ/ਪੌਦਾ ਦੀ ਵਾਧੂ ਖੁਰਾਕ ਪਾਉਣ ਨਾਲ ਲੀਚੀ ਤੋਂ 77.35 ਕਿਲੋ/ਪੌਦਾ ਝਾੜ ਹਾਸਲ ਹੋਇਆ ਜੋ ਕਿ ਸਿਫ਼ਾਰਸ਼ ਪ੍ਰੈਕਟਿਸ ਜਿਸ ਵਿੱਚ 1600 ਗ੍ਰਾਮ ਯੂਰੀਆ/ਪੌਦਾ (ਫ਼ਰਵਰੀ ਅਤੇ ਅਪ੍ਰੈਲ) ਪਾਉਣ ਨਾਲ 73.66 ਕਿਲੋ/ਪੌਦਾ ਦੇ ਮੁਕਾਬਲਤਨ ਵੱਧ ਸੀ ।

- **ਦੋਗਲੀਆਂ ਗਾਵਾਂ ਲਈ ਰਾਸ਼ਨ ਦਾ ਪ੍ਰਬੰਧਨ**

ਕੁੱਲ ਰਲਵੇਂ ਮਿਲਵੇਂ ਰਾਸ਼ਨ (ਟੀ ਐਮ ਆਰ) ਨਾਲ ਦੋਗਲੀਆਂ ਗਾਵਾਂ ਵਿੱਚ ਦੁੱਧ ਉਤਪਾਦਨ ਅਤੇ ਪ੍ਰਜਣਨ ਵਿੱਚ ਵਾਧਾ ਹੋਇਆ। ਸਾਰੇ ਖੁਰਾਕੀ ਤੱਤਾਂ ਨਾਲ ਭਰਪੂਰ ਇਸ ਖੁਰਾਕ ਦੀ ਕਾਰਗੁਜ਼ਾਰੀ ਪਸ਼ੂਆਂ ਨੂੰ ਦਿੱਤੇ ਜਾਣ ਵਾਲੇ ਪ੍ਰਚਲਤ ਢੰਗ ਤਰੀਕਿਆਂ ਨਾਲੋਂ ਕਿਤੇ ਵਧੀਆ ਰਹੀ ।

- **ਮੱਝਾਂ/ਗਾਵਾਂ ਦੀ ਖੁਰਾਕ ਦਾ ਪ੍ਰਬੰਧਨ**

ਹਰੇ ਚਾਰੇ ਅਤੇ ਸੰਘਣੇ ਮਿਸ਼ਰਣ ਨਾਲੋਂ ਮੁਢਲੀ ਖੁਰਾਕ ਵਿੱਚ ਖੱਲ (ਚਰਬੀ) @15 ਗ੍ਰਾਮ/ਕਿਲੋ ਦੁੱਧ ਰਲਾ ਕੇ ਦੇਣ ਨਾਲ ਦੁੱਧ ਉਤਪਾਦਨ ਵਿੱਚ 9.3 ਪ੍ਰਤੀਸ਼ਤ ਦਾ ਵਾਧਾ ਹੋਇਆ । ਇਸੇ ਤਰ੍ਹਾਂ ਦੋਗਲੀਆਂ ਗਾਵਾਂ ਨੂੰ ਖੱਲ੍ਹ @200 ਗ੍ਰਾਮ/ਦਿਨ ਦੇਣ ਵਾਲੇ ਦੁੱਧ ਵਿੱਚ 13 ਪ੍ਰਤੀਸ਼ਤ ਅਤੇ ਦੁੱਧ ਦੀ ਚਰਬੀ ਵਿੱਚ 5 ਪ੍ਰਤੀਸ਼ਤ ਦਾ ਵਾਧਾ ਹੋਇਆ ।

- **ਵਛੇਰੀਆਂ ਵਿੱਚ ਪਹਿਲੇ ਸੂਏ ਲਈ ਉਮਰ ਦਾ ਛੋਟਾਪਣ**

ਵਛੇਰੀਆਂ ਨੂੰ ਸੰਤੁਲਤ ਖੁਰਾਕ ਅਤੇ ਪ੍ਰੋਟੀਨ ਅਤੇ ਊਰਜਾ ਨਾਲ ਭਰਪੂਰ ਸਰੋਤ ਜਿਵੇਂ ਕਿ ਯੂਰੋਮਿਨ ਲਿਕ (300 ਗ੍ਰਾਮ/ਦਿਨ, ਇੱਕ ਮਹੀਨੇ ਲਈ) ਦੇਣ ਨਾਲ ਉਨ੍ਹਾਂ ਦਾ ਪਹਿਲਾ ਸੂਆ ਛੋਟੀ ਉਮਰ ਵਿੱਚ ਹੋ ਸਕਿਆ ।

- **ਡੇਅਰੀ ਦੇ ਦੁਧਾਰੂ ਪਸ਼ੂਆਂ ਦਾ ਦੁੱਧ ਚੋਣ ਦੇ ਢੰਗ ਤਰੀਕੇ**

ਡੇਅਰੀ ਦੇ ਦੁਧਾਰੂ ਪਸ਼ੂਆਂ ਦਾ ਪੂਰੇ ਹੱਥਾਂ ਨਾਲ ਦੁੱਧ ਚੋਣ ਅਤੇ ਸਾਫ਼ ਸਫ਼ਾਈ ਰੱਖਣ ਨਾਲ ਦੁੱਧ ਵਿੱਚ ਵਾਧਾ ਹੋਇਆ ਅਤੇ ਇਸ ਨਾਲ ਲੇਵੇ ਦੀ ਸੋਜ ਦੀਆਂ ਘਟਨਾਵਾਂ ਵੀ ਨਹੀਂ ਦੇਖਣ ਨੂੰ ਮਿਲੀਆਂ ।

- **ਧੱਬੇ ਦੂਰ ਕਰਨਾ**

ਤਾਜ਼ੇ ਅਤੇ ਸਿਆਹੀ ਆਦਿ ਦੇ ਪੁਰਾਣੇ ਧੱਬਿਆਂ ਨੂੰ ਦੂਰ ਕਰਨ ਲਈ ਕਮਰਸ਼ੀਅਲ ਤੌਰ ਤੇ ਵਰਤਿਆ ਜਾਂਦਾ (ਵੈਨਿਸ਼), ਬੋਰੈਕਸ ਦੇ ਘੋਲ ਅਤੇ ਨਮਕ ਜਾਂ ਨਿੰਬੂ ਦੇ ਰਸ ਨਾਲੋਂ ਵਧੇਰੇ ਅਸਰਦਾਇਕ ਰਿਹਾ ।

**ਪੱਗਾਂ/ਸੂਤੀ ਕੱਪੜੇ ਦਾ ਰੰਗ ਖੁਰਣ ਤੋਂ ਬਚਾਉਣਾ**

ਪੱਗਾਂ/ਸੂਤੀ ਕੱਪੜੇ ਨੂੰ ਚਿੱਟੇ ਸਿਰਕੇ ਦੇ ਘੋਲ ਜਾਂ ਨਮਕ ਵਾਲੇ ਪਾਣੀ ਵਿੱਚ ਡੁਬੋ ਕੇ ਰੱਖਣ ਨਾਲੋਂ ਕਮਰਸ਼ੀਅਲ ਡਾਈ ਫਿਕਸਰ ਲਾਉਣ ਨਾਲ ਉਨ੍ਹਾਂ ਦੇ ਰੰਗ ਖੁਰਣ ਦਾ ਵਧੇਰੇ ਬਚਾਅ ਰਿਹਾ ।

**ਸੁਰੱਖਿਅਤ ਸਾਂਭ-ਸੰਭਾਲ ਲਈ ਖੁੰਭਾਂ ਨੂੰ ਸੁਕਾਉਣਾ**

ਖੁੰਭ ਦੇ ਟੁਕੜਿਆਂ ਨੂੰ 1% ਕੇ ਐੱਮ ਐੱਸ (ਪੋਟਾਸ਼ੀਅਮ ਮੈਟਾਬਾਇਸੁਲਫਾਈਟ) ਜਾਂ 0.5% ਕੇ ਐੱਮ ਐਸ+0.25% ਐਸਕਾਰਬਿਕ ਐਸਿਡ ਵਿੱਚ ਹਲਕਾ ਉਬਾਲਣ ਉਪਰੰਤ 45°C ਤੇ ਸੁਕਾਉਣ ਨਾਲ ਬਿਨਾਂ ਉਬਾਲੀਆਂ ਖੁੰਭਾਂ ਦੇ ਮੁਕਾਬਲਤਨ ਰੰਗ ਪੱਖੋਂ ਵਧੇਰੇ ਸਥਿਰ ਰਹਿੰਦੀਆਂ ਹਨ ।

## ਪ੍ਰਦਰਸ਼ਨੀਆਂ

ਪੀਏਯੂ ਵੱਲੋਂ ਵਿਕਸਿਤ ਕੀਤੀਆਂ ਫ਼ਸਲ ਉਤਪਾਦਨ, ਸੁਰੱਖਿਆ ਅਤੇ ਹੋਰ ਖੇਤੀ ਤਕਨੀਕਾਂ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਲਈ ਕਿਸਾਨਾਂ ਦੇ ਖੇਤਾਂ ਅਤੇ ਕੇਵੀਕੇ ਦੇ ਫਾਰਮਾਂ ਤੇ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਤੇਲ ਬੀਜ ਫ਼ਸਲਾਂ (ਮੂੰਗਫ਼ਲੀ, ਤਿੱਲ, ਗੋਭੀ ਸਰ੍ਹੋਂ, ਤੋਰੀਆ, ਰਾਇਆ ਅਤੇ ਸੂਰਜਮੁਖੀ), ਦਾਲਾਂ (ਗਰਮੀਆਂ ਦੀ ਮੂੰਗੀ, ਮੁੱਖ ਸੀਜ਼ਨ ਦੀ ਮੂੰਗੀ, ਮਾਂਹ, ਸੋਇਆਬੀਨ, ਛੋਲੇ ਅਤੇ ਮਸਰ), ਪਰਮਲ ਚੌਲ, ਬਾਸਮਤੀ ਚੌਲ, ਨਰਮਾ (ਅਮਰੀਕਨ ਅਤੇ ਦੇਸੀ), ਮੱਕੀ ਅਤੇ ਮੱਕਚਰ੍ਹੀ ਦੀਆਂ ਸੋਧੀਆਂ ਕਿਸਮਾਂ ਦੀਆਂ 3568 ਫਰੰਟ ਲਾਈਨ ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਸਰੋਤਾਂ ਦੀ ਸਾਂਭ-ਸੰਭਾਲ ਦੀਆਂ ਤਕਨੀਕਾਂ ਜਿਵੇਂ ਕਿ ਪੱਤਾ ਰੰਗ ਚਾਰਟ ਰਾਹੀਂ ਝੋਨੇ ਵਿੱਚ ਨਾਈਟ੍ਰੋਜਨ ਦਾ ਪ੍ਰਬੰਧਨ; ਸਿਫ਼ਾਰਸ਼ ਪੀ ਤੱਤ ਦੀ ਮਾਤਰਾ ਨਾਲ ਉਗਾਈ ਕਣਕ ਤੋਂ ਬਾਅਦ ਝੋਨਾ ਨਰਮਾ ਅਤੇ ਮੱਕੀ ਵਿੱਚ ਪੀ ਤੱਤ ਦਾ ਹੋਰ ਛਿੜਕਾਅ ਨਾ ਕਰਨਾ; ਬਾਸਮਤੀ ਵਿੱਚ ਮੁੱਢ ਦੇ ਗਾਲੇ ਦੀ ਰੋਕਥਾਮ ਲਈ ਬੀਜ ਅਤੇ

ਨਰਸਰੀ ਨੂੰ ਸੋਧਣਾ; ਖੜ੍ਹੇ ਪਾਣੀ ਦੀ ਨਿਕਾਸੀ ਤੋਂ ਬਾਅਦ ਝੋਨੇ ਨੂੰ ਪਾਣੀ ਲਾਉਣਾ; ਝੋਨੇ ਦੀ ਕਾਸ਼ਤ ਤੋਂ ਪਹਿਲਾਂ ਹਰੀ ਖਾਦ ਪਾਉਣਾ; ਬੇਲਰ, ਐੱਸ ਐੱਮ ਐੱਸ ਅਤੇ ਚੌਪਰ ਰਾਹੀਂ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ, ਕਣਕ ਦੀ ਬਿਜਾਈ ਲਈ ਹੈਪੀ ਸੀਡਰ ਦੀ ਵਰਤੋਂ; ਝੋਨੇ ਦੇ ਟ੍ਰਾਂਸਪਲਾਂਟਰ ਦੀ ਵਰਤੋਂ; ਟ੍ਰਾਈਕੋਦਰਮਾ ਹੈਰਜ਼ੀਏਨਮ ਰਾਹੀਂ ਮੱਕੀ ਦੇ ਗੜੂੰਏਂ ਦੀ ਰੋਕਥਾਮ; ਜੈਵਿਕ ਖਾਦਾਂ ਦੀ ਵਰਤੋਂ; ਭੂਮੀ ਪਰਖ ਦੇ ਅਧਾਰ ਤੇ ਖਾਦਾਂ ਦੀ ਵਰਤੋਂ; ਮੱਕੀ ਅਤੇ ਸਿੱਧੇ ਬੀਜੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ ਅਤੇ ਪਰਮਲ ਝੋਨੇ ਅਤੇ ਬਾਸਮਤੀ ਝੋਨੇ ਵਿੱਚ ਤਣੇ ਦੇ ਗੜੂੰਏਂ/ਪੱਤਾ ਲਪੇਟ ਦੀ ਰੋਕਥਾਮ ਉੱਤੇ ਵੀ ਖੇਤ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਇਨ੍ਹਾਂ ਤੋਂ ਇਲਾਵਾ ਸਰ੍ਹੋਂ ਅਤੇ ਤੋਰੀਏ ਦੀ ਰਲਵੀਂ ਕਾਸ਼ਤ, ਕਮਾਦ ਵਿੱਚ ਗੋਭੀ ਸਰ੍ਹੋਂ ਦਾ ਅੰਤਰ ਫ਼ਸਲੀਕਰਨ, ਗਰਮੀਆਂ ਅਤੇ ਸਰਦੀਆਂ ਦੀਆਂ ਸਬਜ਼ੀਆਂ ਦੀ ਪੌਸ਼ਟਿਕ ਬਗੀਚੀ, ਝੋਨੇ ਦੀ ਪਰਾਲੀ ਦੇ ਚੌਪਰ ਦੀ ਵਰਤੋਂ, ਕਣਕ ਦੇ ਬੀਜ ਦੀ ਸੁਧਾਈ, ਹਲਦੀ ਦੀ ਕਾਸ਼ਤ, ਸਬਜ਼ੀਆਂ ਦੀ ਕਾਸ਼ਤ ਲਈ ਨੀਵੀਂ ਸੁਰੰਗ ਤਕਨੀਕ, ਗਰਮੀਆਂ ਵਿੱਚ ਬਾਗਾਂ ਨੂੰ ਬਚਾਉਣ, ਕਣਕ/ਆਲੂ/ਮਟਰਾਂ ਵਿੱਚ ਹਾਈਡ੍ਰੋਜੈੱਲ ਦੀ ਵਰਤੋਂ, ਸਾਉਣੀ ਦੇ ਪਿਆਜ਼ਾਂ ਲਈ ਬਲਬ ਸੈੱਟ ਤਕਨੀਕ, ਬਰਸਾਤੀ ਮੌਸਮ ਵਿੱਚ ਟਮਾਟਰ ਅਤੇ ਬਰੌਕਲੀ ਦੀ ਕਾਸ਼ਤ, ਨਿੰਬੂ ਜਾਤੀ ਵਿੱਚ ਮੁੱਢ ਦੇ ਗਾਲੇ ਲਈ ਉੱਲੀਨਾਸ਼ਕਾਂ ਦਾ ਪ੍ਰਬੰਧਨ ਅਤੇ ਨਰਮੇ ਵਿੱਚ ਪੈਰਾਵਿਲਟ ਦੀ ਰੋਕਥਾਮ ਲਈ ਕੋਬਾਲਟ ਕਲੋਰਾਈਡ ਦੀ ਵਰਤੋਂ ਉੱਤੇ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਖੇਤ ਪ੍ਰਦਰਸ਼ਨੀਆਂ ਤੋਂ ਇਲਾਵਾ ਖੇਤੀ ਦੇ ਪ੍ਰਮੁੱਖ ਢੰਗ/ਤਰੀਕਿਆਂ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਮਿੱਟੀ ਅਤੇ ਪਾਣੀ ਦੇ ਨਮੂਨੇ ਭਰਨ, ਬੀਜ ਸੋਧ, ਕਮਾਦ/ਬਰਸੀਮ/ਛੋਲੇ/ਮਟਰ/ਮਸਰ ਵਿੱਚ ਰਾਈਜ਼ੋਬੀਅਮ ਰਲਾਉਣ, ਖੇਤੀ ਰਸਾਇਣਾਂ ਦੇ ਛਿੜਕਾਅ ਦੀਆਂ ਤਕਨੀਕਾਂ, ਨਦੀਨਾਂ ਦੀ ਪਛਾਣ, ਸਬਜ਼ੀਆਂ ਦੀ ਨਰਸਰੀ ਉਗਾਉਣ, ਗ੍ਰਹਿ ਪ੍ਰਬੰਧਨ ਅਤੇ ਭੋਜਨ ਬਣਾਉਣ ਦੇ ਵੱਖੋ-ਵੱਖ ਪੱਖਾਂ ਅਤੇ ਪਸ਼ੂ ਵਿਗਿਆਨ ਉੱਤੇ 1227 ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਕਿਸਾਨਾਂ ਖਾਸ ਤੌਰ ਤੇ ਨਿਮਨ ਕਿਸਾਨਾਂ ਵਿੱਚ ਸਹਾਇਕ ਧੰਦਿਆਂ (ਮਧੂ ਮੱਖੀ ਪਾਲਣ, ਖੁੰਭਾਂ ਦੀ ਕਾਸ਼ਤ ਆਦਿ) ਨੂੰ ਉਤਸ਼ਾਹਿਤ ਕਰਨ ਲਈ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

## ਜੈਵਿਕ ਨਿਯੰਤ੍ਰਣ

### ਕਮਾਦ

- ਤਣੇ ਦੇ ਗੜੂੰਏਂ ਅਤੇ ਅਗੇਤੀ ਫੋਟ ਦੇ ਗੜੂੰਏਂ ਦੀ ਰੋਕਥਾਮ ਲਈ ਟ੍ਰਾਈਕੋਗਰਾਮਾ ਚਿਲੋਨਿਸ (ਜੈਵਿਕ ਨਿਯੰਤ੍ਰਣ ਅਧੀਨ ਆਈ ਪੀ ਐਮ ਤਕਨੀਕ) ਅਤੇ ਆਗ ਦੇ ਗੜੂੰਏਂ ਲਈ ਟੀ.ਜੈਪੋਨਿਕਮ ਦਾ ਅਸਰ ਦੇਖਣ ਲਈ ਵੱਡੇ ਪੱਧਰ ਤੇ ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਇਹ ਪ੍ਰਦਰਸ਼ਨੀਆਂ ਪੀਏਯੂ ਅਤੇ ਪੰਜਾਬ ਦੀਆਂ ਛੇ ਖੰਡ ਮਿੱਲਾਂ ਵੱਲੋਂ 10,516 ਏਕੜ ਰਕਬੇ ਵਿੱਚ ਲਗਾਈਆਂ ਗਈਆਂ । ਇਨ੍ਹਾਂ ਤੋਂ ਸਪਸ਼ਟ ਹੋਇਆ ਕਿ ਜੈਵਿਕ ਨਿਯੰਤ੍ਰਣ ਨਾਲ 50 ਪ੍ਰਤੀਸ਼ਤ ਘਟਨਾਵਾਂ ਦੀ ਕਮੀ ਹੋਈ ਹੈ ।

### ਮੱਕੀ

- ਟੀ ਚਿਲੋਨਿਸ ਦੀ ਵਰਤੋਂ ਉੱਤੇ ਕਿਸਾਨਾਂ ਦੇ ਖੇਤਾਂ ਵਿੱਚ ਵੱਡੇ ਪੱਧਰ ਤੇ ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਇਹ ਪ੍ਰਦਰਸ਼ਨੀਆਂ ਰਾਜ ਦੇ 355 ਏਕੜ ਰਕਬੇ ਵਿੱਚ ਲਗਾਈਆਂ ਗਈਆਂ । ਜੈਵਿਕ ਨਿਯੰਤ੍ਰਣ ਰਾਹੀਂ 52.51 ਪ੍ਰਤੀਸ਼ਤ ਅਤੇ ਰਸਾਇਣਕ ਨਿਯੰਤ੍ਰਣ ਰਾਹੀਂ 69.24 ਪ੍ਰਤੀਸ਼ਤ ਘਟਨਾਵਾਂ ਦੀ ਕਮੀ ਵੇਖਣ ਨੂੰ ਮਿਲੀ ।
- ਮੱਕੀ ਵਿੱਚ ਟੀ ਚਿਲੋਨਿਸ @1,00,000 ਪ੍ਰਤੀ ਹੈਕਟੇਅਰ ਦੇ ਦੂਹਰੇ ਛਿੜਕਾਅ (ਪਹਿਲਾ 10 ਦਿਨਾਂ ਦੀ ਫ਼ਸਲ ਉੱਤੇ ਅਤੇ ਦੂਜਾ ਇੱਕ ਹਫ਼ਤੇ ਬਾਅਦ) ਦਾ ਅਸਰ ਦੇਖਣ ਲਈ ਵੀ ਤਜ਼ਰਬੇ ਕੀਤੇ ਗਏ । ਇਸ ਨਾਲ ਡੈੱਡ ਹਾਰਟ ਦੀਆਂ ਘਟਨਾਵਾਂ ਘੱਟ (4.27%) ਰਹੀਆਂ, ਜੋ ਕਿ ਇਕਹਿਰੇ ਛਿੜਕਾਅ (5.44%) ਅਤੇ ਬਿਨਾਂ ਸੋਧੇ ਨਿਯੰਤ੍ਰਣ (10.52%) ਦੇ ਮੁਕਾਬਲਤਨ ਸਨ ।

ਝੋਨਾ

- ਜੈਵਿਕ ਬਾਸਮਤੀ ਝੋਨੇ ਦੀ ਕਿਸਮ ਪੂਸਾ 1121 ਵਿੱਚ ਜੈਵਿਕ ਨਿਯੰਤ੍ਰਣ ਅਧਾਰਿਤ ਸੰਯੁਕਤ ਕੀਟ ਪ੍ਰਬੰਧਨ (ਟੀ ਚਿਲੋਨਿਸ ਅਤੇ ਟੀ ਜੈਪੋਨਿਕਸ ਦੇ ਛੇ ਛਿੜਕਾਅ @1,00,000/ਹੈਕਟੇਅਰ) ਉੱਤੇ ਵੱਡੇ ਪੱਧਰ ਤੇ ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਇਹ ਪ੍ਰਦਰਸ਼ਨੀਆਂ 165 ਏਕੜ ਰਕਬੇ ਵਿੱਚ ਨਾਭਾ (ਪਟਿਆਲਾ), ਸਮਰਾਲਾ (ਲੁਧਿਆਣਾ) ਅਤੇ ਖੇੜੀ (ਸੰਗਰੂਰ) ਵਿਖੇ ਲਗਾਈਆਂ ਗਈਆਂ । ਵਾਈਟ ਈਅਰਜ਼ ਦੀਆਂ ਘਟਨਾਵਾਂ ਅਣਸੋਧੇ ਨਿਯੰਤ੍ਰਣ (6.93%) ਦੇ ਮੁਕਾਬਲੇ ਜੈਵਿਕ ਨਿਯੰਤ੍ਰਣ ਵਾਲੇ ਖੇਤਾਂ ਵਿੱਚ ਕਾਫੀ ਘੱਟ (3.38%) ਰਹੀਆਂ ਜੋ ਕਿ 51.23 ਪ੍ਰਤੀਸ਼ਤ ਦੀ ਦਰ ਨਾਲ ਘਟੀਆਂ ।

### ਨਰਮਾ

- ਬੀ ਟੀ ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਜੈਵਿਕ ਕੀਟਨਾਸ਼ਕਾਂ ਦੇ ਖੇਤ ਮੁਲਾਂਕਣ ਤੋਂ ਸਪਸ਼ਟ ਹੋਇਆ ਕਿ ਰਸਾਇਣਕ ਸੋਧ (ਸਪਾਇਰੋਮੈਸੀਫਿਨ 240 ਐਸ ਸੀ @500 ਮਿ.ਲੀ./ਹੈਕਟੇਅਰ ਅਤੇ ਡਾਇਆਫਿਨਥਿਊਰੋਨ 50 ਡਬਲਯੂ ਪੀ @500 ਗ੍ਰਾਮ/ਹੈਕਟੇਅਰ) ਉਪਰੰਤ ਬੋਟੈਨੀਕਲ (ਨਿੰਮ ਬਾਣ 1% @1250 ਅਤੇ 1500 ਮਿ.ਲੀ./ਹੈਕਟੇਅਰ) ਵਰਤੋਂ ਅਤੇ ਜੈਵਿਕ ਕੀਟਨਾਸ਼ਕ (ਲੀਕੇਂਨੀਸਿਲੀਅਮ ਲੀਕੇਨੀ 2% ਏ ਐੱਸ ਅਤੇ ਮੈਟਾਰਹੀਜ਼ੀਅਮ ਐਨੀਸੋਪਲੀ 1% ਡਬਲਯੂ ਪੀ @1200 ਮਿ.ਲੀ./ਹੈਕਟੇਅਰ) ਨਾਲ ਗਿਣਤੀ ਵਿੱਚ ਭਾਰੀ ਕਮੀ ਪਾਈ ਗਈ । ਨਤੀਜਿਆਂ ਤੋਂ ਸਪਸ਼ਟ ਹੋਇਆ ਕਿ ਭਾਵੇਂ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਨਾਲ ਚਿੱਟੀ ਮੱਖੀ ਦੀ ਗਿਣਤੀ ਰਸਾਇਣਕ ਵਰਤੋਂ ਦੇ ਮੁਕਾਬਲਤਨ

ਵਧੇਰੇ ਰਹੀ ਪਰ ਨਰਮੇ ਦੇ ਬੀਜ ਦੇ ਝਾੜ ਵਿੱਚ ਕੋਈ ਕਮੀ ਨਹੀਂ ਆਈ ਜਿਸ ਕਰਕੇ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਘੱਟ ਹੋਈ ।

### ਮੁਹਿੰਮਾਂ

- ਬੀ ਟੀ ਨਰਮੇ ਦੀ ਫ਼ਸਲ ਦੀ ਕਾਸ਼ਤ ਵਿੱਚ ਜੈਵਿਕ ਨਿਯੰਤ੍ਰਣ ਅਧਾਰਿਤ ਸੰਯੁਕਤ ਕੀਟ ਪ੍ਰਬੰਧਣ (ਬੀ ਆਈ ਪੀ ਐਮ) ਕਰਨ ਨਾਲ ਅਣਸੋਧੇ ਨਿਯੰਤ੍ਰਣ ਦੇ ਮੁਕਾਬਲਤਨ ਚਿੱਟੀ ਮੱਖੀ ਦੀ ਗਿਣਤੀ ਘਟੀ । ਨੁਕਸਾਨ ਪਹੁੰਚਾਉਣ ਵਾਲੀ ਚਿੱਟੀ ਮੱਖੀ ਦੀ ਇਹ ਗਿਣਤੀ ਰਸਾਇਣਕ ਨਿਯੰਤ੍ਰਣ (0.39/ਪੌਦਾ) ਅਤੇ ਅਣਸੋਧੇ ਨਿਯੰਤ੍ਰਣ (0.98/ਪੌਦਾ) ਦੇ ਮੁਕਾਬਲਤਨ ਬੀ ਆਈ ਪੀ ਐਮ ਵਿੱਚ ਵਧੇਰੇ (1.36/ਪੌਦਾ) ਰਹੀ । ਪਰ ਬੀ ਆਈ ਪੀ ਐਮ ਨਾਲ ਨਰਮੇ ਦਾ ਝਾੜ (22.80 ਕੁਇੰਟਲ/ਹੈਕਟੇਅਰ) ਰਸਾਇਣਕ ਨਿਯੰਤ੍ਰਣ ਦੇ ਬਰਾਬਰ (23.70 ਕੁਇੰਟਲ/ਹੈਕਟੇਅਰ) ਅਤੇ ਅਣਸੋਧੇ ਨਿਯੰਤ੍ਰਣ ਨਾਲੋਂ ਕਿਤੇ ਵਧੇਰੇ (21.30 ਕੁਇੰਟਲ/ਹੈਕਟੇਅਰ) ਰਿਹਾ ।

### ਵੱਧ ਝਾੜ ਦੇਣ ਵਾਲੀਆਂ ਕਿਸਮਾਂ

- ਹਾੜ੍ਹੀ ਅਤੇ ਸਾਉਣੀ ਦੀਆਂ ਰੁੱਤਾਂ ਤੋਂ ਪਹਿਲਾਂ ਕਿਸਾਨਾਂ ਨੂੰ ਵੱਖੋ-ਵੱਖ ਫ਼ਸਲਾਂ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹੀ ਬੀਜਣ ਤੇ ਜ਼ੋਰ ਦੇਣ ਲਈ ਮੁਹਿੰਮਾਂ ਚਲਾਈਆਂ ਗਈਆਂ । ਪੀਏਯੂ ਵੱਲੋਂ ਵਿਕਸਿਤ ਅਤੇ ਸਿਫ਼ਾਰਸ਼ ਕੀਤੀਆਂ ਕਿਸਮਾਂ ਅਧੀਨ ਰਕਬੇ ਵਿੱਚ ਝੋਨੇ ਵਿੱਚ 62%, ਕਣਕ ਵਿੱਚ 96.9% ਅਤੇ ਕਮਾਦ ਵਿੱਚ 69% ਦਾ ਵਾਧਾ ਹੋਇਆ ।

## ਵਿਸ਼ੇਸ਼ ਮੁਹਿੰਮਾਂ

### ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ

ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਸਰਵਪੱਖੀ ਕੀਟ ਪ੍ਰਬੰਧਣ ਨੀਤੀ ਨੂੰ ਅਪਣਾਉਂਦਿਆਂ ਫ਼ਰਵਰੀ 2017 ਤੋਂ ਵਿਸ਼ੇਸ਼ ਮੁਹਿੰਮ ਚਲਾਈ ਗਈ । ਇਸ ਨੀਤੀ ਦੇ ਤਹਿਤ ਚਿੱਟੀ ਮੱਖੀ ਦੀ ਗਿਣਤੀ ਨੂੰ ਆਲੂ, ਭਿੰਡੀ, ਕੱਦੂ ਆਦਿ ਅਤੇ ਨਦੀਨਾਂ ਉੱਤੇ ਸ਼ਿੱਦਤ ਨਾਲ ਵੇਖਿਆ ਗਿਆ ਅਤੇ ਉਨ੍ਹਾਂ ਦੀ ਰੋਕਥਾਮ ਕੀਤੀ ਗਈ । ਨਰਮਾ ਉਤਪਾਦਕਾਂ ਨੂੰ ਬੀ ਟੀ ਨਰਮੇ ਦੀਆਂ ਸਿਫ਼ਾਰਿਸ਼ ਕੀਤੀਆਂ ਕਿਸਮਾਂ, ਸਮੇਂ ਸਿਰ ਬਿਜਾਈ, ਪੌਸ਼ਟਿਕ ਪ੍ਰਬੰਧਣ, ਸਾਫ਼ ਸੁਥਰੀ ਕਾਸ਼ਤ ਅਤੇ ਲੋੜ ਮੁਤਾਬਕ ਕੀਟਨਾਸ਼ਕਾਂ ਦੀ ਵਰਤੋਂ ਬਾਰੇ ਸੁਚੇਤ ਕੀਤਾ ਗਿਆ । ਕਿਸਾਨਾਂ ਨੂੰ ਜਾਣਕਾਰੀ ਦੇਣ ਲਈ ਖੇਤੀਬਾੜੀ ਵਿਭਾਗ ਪੰਜਾਬ ਵੱਲੋਂ 500 ਸਕਾਊਟ ਲਗਾਏ ਗਏ । ਕੀਟਾਂ ਦੀ ਗਿਣਤੀ ਦੀ ਸਹੀ ਦੇਖ ਰੇਖ ਕਰਨ ਅਤੇ ਕਿਸਾਨਾਂ ਦੀ ਉਚਿਤ ਅਗਵਾਈ ਕਰਨ ਹਿੱਤ ਪੀਏਯੂ ਵੱਲੋਂ ਇਨ੍ਹਾਂ ਸਕਾਊਟਾਂ ਲਈ ਸਿਖਲਾਈਆਂ ਲਗਾਈਆਂ ਗਈਆਂ । ਇਸ ਲਈ 9 ਜ਼ਿਲ੍ਹਾ 105 ਬਲਾਕ ਅਤੇ 5280 ਪਿੰਡ ਪੱਧਰੀ ਸਿਖਲਾਈ ਕੈਂਪ ਲਗਾਏ ਗਏ । ਪੀਏਯੂ ਦੇ ਵਾਈਸ ਚਾਂਸਲਰ ਦੀ ਚੇਅਰਮੈਨਸ਼ਿਪ ਹੇਠ ਅੰਤਰਰਾਜੀ ਸਲਾਹਕਾਰੀ ਅਤੇ ਚਿੱਟੀ ਮੱਖੀ ਲਈ ਦੇਖ ਰੇਖ ਕਮੇਟੀ ਦੀਆਂ 6 ਮੀਟਿੰਗਾਂ ਬਠਿੰਡਾ ਅਤੇ ਅਬੋਹਰ ਵਿਖੇ ਹੋਈਆਂ ।

### ਕਣਕ ਵਿੱਚ ਪੀਲੀ ਕੁੰਗੀ ਦੀ ਰੋਕਥਾਮ

ਕਣਕ ਵਿੱਚ ਪੀਲੀ ਕੁੰਗੀ ਦੀ ਸਰਵਪੱਖੀ ਪਹੁੰਚ ਵਿਧੀ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿੱਚ ਸਮੇਂ ਸਮੇਂ ਤੇ ਦੇਖ ਰੇਖ ਕਰਨਾ, ਕਿਸਾਨਾਂ ਨੂੰ ਅਤਿ ਸੰਵੇਦਨਸ਼ੀਲ ਕਿਸਮਾਂ ਨਾ ਬੀਜਣ ਦੀ ਸਲਾਹ ਦੇਣਾ, ਅਕਤੂਬਰ ਵਿੱਚ ਅਗੇਤੀ ਬਿਜਾਈ ਤੋਂ ਪ੍ਰਹੇਜ ਕਰਨਾ ਅਤੇ ਲੋੜ ਅਧਾਰਿਤ ਉੱਲੀਨਾਸ਼ਕਾਂ ਦੀ ਵਰਤੋਂ ਕਰਨਾ ਸ਼ਾਮਲ ਹੈ, ਰਾਹੀਂ ਸਫ਼ਲਤਾਪੂਰਵਕ ਰੋਕਥਾਮ ਕੀਤੀ ਗਈ । ਲਾਗ ਦੇ ਮੁਢਲੇ ਲੱਛਣਾਂ ਨੂੰ ਸਮੇਂ ਸਿਰ ਪਛਾਣਿਆ ਗਿਆ ਅਤੇ ਫਫੂੰਦੀਨਾਸ਼ਕਾਂ ਰਾਹੀਂ ਇਸ ਤੇ ਕਾਬੂ ਪਾਇਆ ਗਿਆ । ਇਸ ਉਪਰੰਤ ਕਿਸਾਨਾਂ ਨੂੰ ਮੌਸਮ ਦੇ ਹਾਲਾਤਾਂ ਮੁਤਾਬਕ ਨਿਰੰਤਰ ਜਾਣਕਾਰੀ ਦਿੱਤੀ ਗਈ । ਇਹ ਲਾਗ ਔਸਤਨ ਜ਼ਿਆਦਾ ਤੇਜੀ ਨਾ ਫ਼ੜ ਸਕੀ ਅਤੇ ਝਾੜ ਦਾ ਨੁਕਸਾਨ ਹੋਣੋਂ ਵੀ ਟਲ ਗਿਆ । ਕਿਸਾਨਾਂ ਨੂੰ ਮੌਸਮ ਦੀ ਭਵਿੱਖਬਾਣੀ ਦੇ ਆਧਾਰ ਤੇ ਕਰਨਾਲ ਬੰਟ ਦੀ ਰੋਕਥਾਮ ਬਾਰੇ ਵੀ ਸਮੇਂ ਸਿਰ ਸੁਚੇਤ ਕੀਤਾ ਜਾਂਦਾ ਰਿਹਾ ।

### ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ

ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਪੰਜਾਬ ਦੇ ਵੱਖੋ-ਵੱਖ ਹਿੱਸਿਆਂ ਵਿੱਚ ਕਿੰਨੀਆਂ ਹੀ ਮੁਹਿੰਮਾਂ ਚਲਾਈਆਂ ਗਈਆਂ ਤਾਂ ਜੋ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸਾੜਣ ਤੇ ਮਨੁੱਖੀ ਸਿਹਤ ਅਤੇ ਵਾਤਾਵਰਣ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ । ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਕਈ ਵਿਕਲਪਾਂ ਜਿਵੇਂ ਕਿ ਪੀਏਯੂ ਐੱਸ ਐਮ ਐੱਸ ਨੂੰ ਕੰਬਾਈਨਾਂ ਨਾਲ ਜੋੜਣਾ, ਹੈਪੀ ਸੀਡਰ, ਝੋਨੇ ਦੀ ਪਰਾਲੀ ਦਾ ਬੇਲਰ, ਮਲਚਰ, ਕਟਰ ਅਤੇ ਚੌਪਰ ਆਦਿ ਨੂੰ ਕਿਸਾਨਾਂ ਦੇ ਖੇਤਾਂ ਵਿੱਚ ਪ੍ਰਦਰਸ਼ਿਤ ਕੀਤਾ ਗਿਆ । ਇਸ ਦੇ ਨਾਲ ਪੀਏਯੂ ਵੱਲੋਂ ਅਪਣਾਏ ਦੋ ਪਿੰਡ ਜਿਨ੍ਹਾਂ ਨੂੰ ਜ਼ੀਰੋ ਬਰਨਿੰਗ (ਸਾੜ ਮੁਕਤ) ਪਿੰਡ ਐਲਾਨਿਆ ਗਿਆ, ਵਿੱਚ ਤਜਵੀਜ ਕੀਤੀਆਂ ਦਖਲਅੰਦਾਜ਼ੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ ।

### ਐਗਰੋ-ਪ੍ਰੋਸੈਸਿੰਗ ਕੰਪਲੈਕਸ

ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ ਵਿਭਾਗ, ਪੀਏਯੂ ਦੀ ਤਕਨੀਕੀ ਅਗਵਾਈ ਨਾਲ ਪੰਜਾਬ ਦੇ ਵੱਖੋ-ਵੱਖ ਜ਼ਿਲ੍ਹਿਆਂ ਵਿੱਚ ਸੱਤ ਐਗਰੋ-ਪ੍ਰੋਸੈਸਿੰਗ ਕੰਪਲੈਕਸ ਬਣਾਏ ਗਏ । ਲਗਭਗ 200 ਕਿਸਾਨਾਂ ਨੂੰ ਐਗਰੋ-ਪ੍ਰੋਸੈਸਿੰਗ ਕੰਪਲੈਕਸ ਸਥਾਪਿਤ ਕਰਨ ਬਾਰੇ ਉਤਸ਼ਾਹਿਤ ਕੀਤਾ ਗਿਆ ਅਤੇ ਇਸ ਸੰਬੰਧ ਵਿੱਚ ਉਨ੍ਹਾਂ ਦੀ ਅਗਵਾਈ ਕੀਤੀ ਗਈ ।

### ਬਾਇਓਗੈਸ ਪਲਾਂਟਸ

ਪੰਜਾਬ ਦੇ ਵੱਖੋ-ਵੱਖ ਸਥਾਨਾਂ ਉੱਤੇ ਜਾਨਵਰਾਂ ਦੇ ਗੋਹੇ ਅਤੇ ਪੋਲਟਰੀ ਦੀਆਂ ਵਿੱਠਾਂ ਅਧਾਰਿਤ ਵੱਡੀ ਸਮਰਥਾ ਵਾਲੇ ਗੁੰਬਦਨੁਮਾ 10 ਬਾਇਓਗੈਸ ਪਲਾਂਟ ਲਗਾਏ ਗਏ ਜਿਨ੍ਹਾਂ ਦੀ ਸਮਰਥਾ 100 ਮ$^3$/ਦਿਨ ਤੋਂ 350 ਮ$^3$/ਦਿਨ ਸੀ ।

### ਹੁਨਰ ਵਿਕਾਸ

486 ਕਿਸਾਨ ਬੀਬੀਆਂ ਅਤੇ ਪੇਂਡੂ ਨੌਜਵਾਨਾਂ ਨੇ ਸਮਰਥਾ ਵਧਾਉਣ ਵਾਲੇ 14 ਸਿਖਲਾਈ ਪ੍ਰੋਗਰਾਮਾਂ ਅਤੇ 11 ਜਾਗਰੂਕ ਮੁਹਿੰਮਾਂ ਵਿੱਚ ਸ਼ਿਰਕਤ ਕੀਤੀ ਤਾਂ ਜੋ ਉਨ੍ਹਾਂ ਦੇ ਉੱਦਮਸ਼ੀਲ ਹੁਨਰ ਵਿੱਚ ਵਾਧਾ ਹੋ ਸਕੇ । ਇੱਕ ਸਿਖਿਆਰਥੀ ਨੂੰ ਕਾਗਜ਼ ਦੇ ਲਿਫਾਫੇ ਬਣਾਉਣ ਅਤੇ ਸਥਾਨਕ ਮੰਡੀ ਵਿੱਚ ਉਨ੍ਹਾਂ ਨੰ ਵੇਚਣ ਲਈ ਉਤਸ਼ਾਹਿਤ ਕੀਤਾ ਗਿਆ । "ਸਵੱਛ ਪੱਖਵਾੜਾ" ਉੱਤੇ ਜਾਗਰੂਕਤਾ ਮੁਹਿੰਮ ਚਲਾਈ ਗਈ ਜਿਸ ਦੇ ਤਹਿਤ ਸਕੂਲੀ ਬੱਚਿਆਂ ਨੂੰ ਡਸਟਬਿਨ ਬਣਾਉਣ ਅਤੇ ਪੇਂਡੂ ਘਰੇਲੂ ਔਰਤਾਂ ਲਈ ਵਧੀਆ ਰਸੋਈ ਰੱਖਣ ਦੇ ਮੁਕਾਬਲੇ ਕਰਵਾਏ ਗਏ ।

## ਸਿਖਲਾਈਆਂ ਅਤੇ ਨੁਮਾਇਸ਼ਾਂ

ਖੇਤੀ ਉਤਪਾਦਨ ਅਤੇ ਖੇਤੀ ਆਮਦਨ ਵਧਾਉਣ ਹਿਤ ਕਿਸਾਨਾਂ, ਕਿਸਾਨ ਬੀਬੀਆਂ ਅਤੇ ਪਸਾਰ ਮਾਹਿਰਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਕੇਵੀਕੇ'ਜ਼ ਅਤੇ ਪੀਏਯੂ ਵਿਖੇ ਸਥਿਤ ਅਡਵਾਂਸਡ ਸੈਂਟਰ ਆਫ਼ ਟ੍ਰੇਨਿੰਗ ਵੱਲੋਂ 1464 ਸਿਖਲਾਈ ਪ੍ਰੋਗਰਾਮ (1039 ਸ਼ਾਰਟ, 253 ਵੋਕੇਸ਼ਨਲ, 123 ਇਨ-ਸਰਵਿਸ ਅਤੇ 49 ਵਿਤੀ ਸਹਾਇਤਾ ਪ੍ਰਾਪਤ) ਲਗਾਏ ਗਏ। ਵੋਕੇਸ਼ਨਲ ਸਿਖਲਾਈਆਂ ਸੂਖਮ ਖੇਤੀ, ਹਾਈਬ੍ਰਿਡ ਬੀਜ ਉਤਪਾਦਨ, ਸਬਜ਼ੀਆਂ ਦੀ ਸੁਰੱਖਿਅਤ ਕਾਸ਼ਤਕਾਰੀ, ਫ਼ਲਾਂ ਦੇ ਪੌਦਿਆਂ ਦੀ ਛੰਗਾਈ, ਖੁੰਭਾਂ ਦੀ ਕਾਸ਼ਤ, ਮਧੂ ਮੱਖੀ ਪਾਲਣ, ਖੇਤੀ ਉਤਪਾਦਨਾਂ ਦੀ ਗੁਣਵਤਾ ਵਧਾਉਣ (ਅਚਾਰ, ਮੁਰੱਬਾ, ਕੈਚਅੱਪ ਤਿਆਰ ਕਰਨ), ਟਾਈ ਅਤੇ ਡਾਈ, ਸਿਲਾਈ ਅਤੇ ਕਢਾਈ, ਪੋਲਟਰੀ, ਡੇਅਰੀ ਪਾਲਣ, ਸੂਰ ਪਾਲਣ, ਬੱਕਰੀ ਪਾਲਣ ਆਦਿ ਤੇ ਲਗਾਈਆਂ ਗਈਆਂ । ਇਨ੍ਹਾਂ ਸਿਖਲਾਈਆਂ ਵਿੱਚੋਂ 19,747 ਕਿਸਾਨਾਂ, 8,358 ਕਿਸਾਨ ਬੀਬੀਆਂ ਅਤੇ 2691 ਪਸਾਰ ਮਾਹਿਰਾਂ ਨੇ ਲਾਹਾ ਲਿਆ ।

### ਨੁਮਾਇਸ਼ਾਂ

ਪੀਏਯੂ ਵੱਲੋਂ ਵਿਕਸਿਤ ਕੀਤੀਆਂ ਨਵੀਆਂ ਅਤੇ ਸੋਧੀਆਂ ਹੋਈਆਂ ਤਕਨੀਕਾਂ ਅਤੇ ਪ੍ਰੈਕਟਸਿਸ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕਿਸਾਨ ਮੇਲਿਆਂ, ਸਿਖਲਾਈ ਕੈਂਪਾਂ, ਖੇਤ ਦਿਵਸਾਂ, ਵਿਗਿਆਨਕ ਸਲਾਹਕਾਰੀ ਕਮੇਟੀ ਦੀਆਂ ਮੀਟਿੰਗਾਂ, ਵਿਸ਼ੇਸ਼ ਦਿਵਸਾਂ ਦੌਰਾਨ ਨੁਮਾਇਸ਼ਾਂ ਲਗਾਈਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਉਤਪਾਦਨ, ਸੁਰੱਖਿਆ ਅਤੇ ਸਰੋਤਾਂ ਦੀ ਸਾਂਭ-ਸੰਭਾਲ ਨਾਲ ਸੰਬੰਧਤ ਪ੍ਰਮੁੱਖ ਤਕਨੀਕਾਂ; ਪੌਦਿਆਂ ਦੇ ਨਮੂਨਿਆਂ; ਖੇਤ ਮਸ਼ੀਨਰੀ; ਤੁਪਕਾ ਸਿੰਚਾਈ, ਸੰਯੁਕਤ ਖੇਤੀ ਪ੍ਰਣਾਲੀ, ਗੰਡੋਇਆਂ ਦੀ ਖਾਦ, ਘਰੇਲੂ ਬਗੀਚੀ; ਪ੍ਰੋਸੈਸਿੰਗ ਦਾ ਸਾਜ਼ੋ ਸਮਾਨ ਅਤੇ ਖੇਤੀ ਸਾਹਿਤ ਉੱਤੇ 782 ਨੁਮਾਇਸ਼ਾਂ ਲਗਾਈਆਂ ਗਈਆਂ ।

### ਕਾਰਜਸ਼ਾਲਾਵਾਂ

ਪੀਏਯੂ ਵਿਖੇ ਕਾਰਜਸ਼ਾਲਾਵਾਂ ਲੱਗਦੀਆਂ ਰਹਿੰਦੀਆਂ ਹਨ ਜਿਨ੍ਹਾਂ ਵਿੱਚ ਯੂਨੀਵਰਸਿਟੀ ਵਿਗਿਆਨੀ ਅਤੇ ਪਸਾਰ ਮਾਹਿਰ ਪੀਏਯੂ ਵੱਲੋਂ ਵਿਕਸਿਤ ਕੀਤੀਆਂ ਤਕਨੀਕਾਂ ਦੇ ਨਤੀਜਿਆਂ ਬਾਰੇ ਵਿਚਾਰ ਵਟਾਂਦਰੇ ਕਰਦੇ ਹਨ ਅਤੇ ਕਿਸਾਨਾਂ ਲਈ ਖੇਤੀ ਫ਼ਸਲਾਂ ਦੀਆਂ ਸਿਫ਼ਾਰਸ਼ਾਂ (ਪੈਕੇਜ ਆਫ਼ ਪ੍ਰੈਕਟਸਿਸ) ਨੂੰ ਅੰਤਿਮ ਰੂਪ ਦਿੰਦੇ ਹਨ । ਇਨ੍ਹਾਂ ਕਾਰਜਸ਼ਾਲਾਵਾਂ ਦੌਰਾਨ ਪਸਾਰ ਮਾਹਿਰ ਕਿਸਾਨਾਂ ਨੂੰ ਖੇਤਾਂ ਵਿੱਚ ਦਰਪੇਸ਼ ਚੁਣੌਤੀਆਂ ਬਾਰੇ ਵਿਗਿਆਨੀਆਂ ਨੂੰ ਫੀਡਬੈਕ ਦਿੰਦੇ ਹਨ ਤਾਂ ਜੋ ਉਨ੍ਹਾਂ ਨੂੰ ਨਜਿੱਠਿਆ ਜਾ ਸਕੇ । ਇਸ ਸਾਲ ਦੌਰਾਨ ਚਾਰ ਕਾਰਜਸ਼ਾਲਾਵਾਂ ਲਗਾਈਆਂ ਗਈਆਂ ਜਿਵੇਂ ਕਿ 'ਹਾੜ੍ਹੀ ਦੀਆਂ ਫ਼ਸਲਾਂ ਲਈ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (16-17 ਅਗਸਤ 2016); ਫ਼ਲਾਂ, ਖੁੰਭਾਂ, ਵਣ ਖੇਤੀ ਅਤੇ ਕਟਾਈ ਉਪਰੰਤ ਸਾਂਭ-ਸੰਭਾਲ, ਫਾਰਮ ਪਾਵਰ ਅਤੇ ਮਸ਼ੀਨਰੀ, ਭੋਜਨ ਤਕਨਾਲੋਜੀ ਅਤੇ ਖੇਤੀ ਅਰਥਚਾਰੇ ਉੱਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (21-22 ਦਸੰਬਰ 2016); ਸਾਉਣੀ ਦੀਆਂ ਫ਼ਸਲਾਂ ਲਈ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (27-28 ਫ਼ਰਵਰੀ 2017) ਅਤੇ ਸਬਜ਼ੀਆਂ, ਫਲੋਰੀਕਲਚਰ, ਰੇਸ਼ਮ ਉਤਪਾਦਨ ਅਤੇ ਕਟਾਈ ਉਪਰੰਤ ਸਾਂਭ-ਸੰਭਾਲ, ਫਾਰਮ ਪਾਵਰ ਮਸ਼ੀਨਰੀ, ਭੋਜਨ ਤਕਨਾਲੋਜੀ ਅਤੇ ਖੇਤੀ ਅਰਥਚਾਰੇ ਉੱਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (31 ਮਈ-1 ਜੂਨ, 2017) । ਇਨ੍ਹਾਂ ਵਰਕਸ਼ਾਪਾਂ ਵਿੱਚ ਰਾਜ ਦੇ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਦੇ 1842 ਵਿਗਿਆਨੀਆਂ ਅਤੇ ਪਸਾਰ ਮਾਹਿਰਾਂ ਨੇ ਸ਼ਿਰਕਤ ਕੀਤੀ ।

## ਕਿਸਾਨਾਂ ਦੀਆਂ ਜੱਥੇਬੰਦੀਆਂ

ਕਿਸਾਨਾਂ ਦੀਆਂ ਵੱਖੋ-ਵੱਖ ਜੱਥੇਬੰਦੀਆਂ ਦੀਆਂ ਮੀਟਿੰਗਾਂ ਕਰਵਾਈਆਂ ਗਈਆਂ ਤਾਂ ਜੋ ਵੱਖੋ-ਵੱਖ ਖੇਤਰਾਂ ਵਿਚਲੀਆਂ ਨਵੀਆਂ ਖੋਜਾਂ ਦਾ ਅਦਾਨ ਪ੍ਰਦਾਨ ਹੋ ਸਕੇ । ਪੀਏਯੂ ਕਿਸਾਨ ਕਲੱਬ ਦੇ ਮੈਂਬਰਾਂ ਲਈ 10 ਮਹੀਨਾਵਾਰ ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ 6971 ਕਿਸਾਨਾਂ ਅਤੇ 598 ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ । ਇਸ ਤੋਂ ਇਲਾਵਾ ਅਗਾਂਹਵਧੂ ਮਧੂ ਮੱਖੀ ਪਾਲਕਾਂ ਦੀ ਐਸੋਸੀਏਸ਼ਨ ਦੇ ਮੈਂਬਰਾਂ ਲਈ 10 ਮਹੀਨਾਵਾਰ ਮੀਟਿੰਗਾਂ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ 516 ਕਿਸਾਨਾਂ ਨੇ ਸ਼ਮੂਲੀਅਤ ਕੀਤੀ । ਬੀਜ ਉਤਪਾਦਕਾਂ ਅਤੇ ਨਰਸਰੀ ਉਗਾਉਣ ਵਾਲਿਆਂ ਦੀ ਜੱਥੇਬੰਦੀ ਦੇ ਮੈਂਬਰਾਂ ਲਈ 4 ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ 216 ਕਿਸਾਨ ਸ਼ਾਮਲ ਹੋਏ । ਰੁੱਖ ਪਾਲਕਾਂ ਦੀ ਜੱਥੇਬੰਦੀ ਦੇ ਮੈਂਬਰਾਂ ਦੀਆਂ ਦੋ ਮੀਟਿੰਗਾਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ 75 ਰੁੱਖ ਪਾਲਕ ਸ਼ਾਮਲ ਹੋਏ ।

## ਸੂਚਨਾ ਅਤੇ ਸੰਚਾਰ ਦੇ ਸਾਧਨ

### ਪੀਏਯੂ ਦੂਤ

ਯੂਨੀਵਰਸਿਟੀ ਵੱਲੋਂ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਨੂੰ ਪੀਏਯੂ ਦੂਤ ਵਜੋਂ ਸ਼ਾਮਲ ਕੀਤਾ ਜਾਂਦਾ ਹੈ, ਜੋ ਆਪਣੇ ਸੰਬੰਧਤ ਪਿੰਡਾਂ ਵਿੱਚ ਲਾਊਡ ਸਪੀਕਰਾਂ ਜਾਂ ਸੰਚਾਰ ਦੇ ਹੋਰ ਸਾਧਨਾਂ ਰਾਹੀਂ ਪੀਏਯੂ ਦੇ ਖੇਤੀ ਸੰਬੰਧਤ ਸੰਦੇਸ਼ ਘਰ-ਘਰ ਪਹੁੰਚਾਉਣ ਦਾ ਉਪਰਾਲਾ ਕਰਦੇ ਹਨ । ਪੀਏਯੂ ਵੱਲੋਂ ਆਪਣੇ ਇਨ੍ਹਾਂ ਦੂਤਾਂ ਨੂੰ ਹਰ ਹਫ਼ਤੇ ਈਮੇਲ ਰਾਹੀਂ ਖੇਤੀ ਸੰਬੰਧਤ 2-3 ਸੰਦੇਸ਼ ਭੇਜੇ ਜਾਂਦੇ ਹਨ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 319 ਪੀਏਯੂ ਦੂਤਾਂ ਨੂੰ

ਸ਼ਾਮਲ ਕੀਤਾ ਗਿਆ ਅਤੇ ਇਨ੍ਹਾਂ ਨੂੰ 96 ਸੰਦੇਸ਼ ਭੇਜੇ ਗਏ । ਹੁਣ ਤੱਕ 5109 ਪੀਏਯੂ ਦੂਤਾਂ ਨੂੰ ਸ਼ਾਮਲ ਕੀਤਾ ਜਾ ਚੁੱਕਾ ਹੈ ।

### ਮੌਸਮ ਅਧਾਰਿਤ ਖੇਤੀ-ਸਲਾਹ ਮਸ਼ਵਰਾ ਐੱਸ ਐੱਮ ਐੱਸ

ਮੌਸਮ ਅਧਾਰਿਤ ਖੇਤੀ ਐਡਵਾਇਜ਼ਰੀ ਲਈ 2,40,300 ਕਿਸਾਨਾਂ ਨੂੰ ਸ਼ਾਮਲ ਕੀਤਾ ਜਾ ਚੁੱਕਾ ਹੈ ।

### ਫਾਰਮਰ ਪੋਰਟਲ

ਯੂਨੀਵਰਸਿਟੀ ਵੱਲੋਂ 'ਫਾਰਮਰ ਪੋਰਟਲ' ਸ਼ੁਰੂ ਕੀਤਾ ਗਿਆ ਜਿਸ ਨੂੰ ਪੀਏਯੂ ਵੈੱਬਸਾਈਟ (www.pau.edu) ਤੇ ਪਾਇਆ ਗਿਆ ਤਾਂ ਜੋ ਲੋੜਵੰਦਾਂ ਨੂੰ ਫਾਇਦਾ ਹੋ ਸਕੇ ।

### ਜਨ-ਸਾਧਨਾਂ ਰਾਹੀਂ ਸੰਚਾਰ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ ਵੱਲੋਂ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਜਿਸ ਵਿੱਚ ਦੂਰਦਰਸ਼ਨ ਕੇਂਦਰ ਅਤੇ ਆਲ ਇੰਡੀਆ ਰੇਡੀਓ, ਜਲੰਧਰ ਵੀ ਸ਼ਾਮਲ ਹੈ, ਨਾਲ ਬਹੁਤ ਨੇੜਲਾ ਰਾਬਤਾ ਰੱਖਿਆ ਜਾਂਦਾ ਹੈ ਤਾਂ ਜੋ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਨੂੰ ਵੱਧ ਤੋਂ ਵੱਧ ਕਿਸਾਨਾਂ ਅਤੇ ਹੋਰਾਂ ਤੱਕ ਪਹੁੰਚਾਇਆ ਜਾ ਸਕੇ । ਕੇਂਦਰ ਵੱਲੋਂ ਵੱਖੋ-ਵੱਖ ਅਖਬਾਰਾਂ ਅਤੇ ਖਬਰਾਂ ਦੇ ਚੈਨਲਾਂ ਨੂੰ ਨਿਰੰਤਰ ਪ੍ਰੈਸ ਰਿਲੀਜ਼ਾਂ ਜਾਰੀ ਕੀਤੀਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕੇਂਦਰ ਵੱਲੋਂ 1046 ਪ੍ਰੈਸ ਰਿਲੀਜ਼ਾਂ (ਅੰਗਰੇਜ਼ੀ ਭਾਸ਼ਾ ਵਿੱਚ 529 ਅਤੇ ਪੰਜਾਬੀ ਭਾਸ਼ਾ ਵਿੱਚ 517) ਜਾਰੀ ਕੀਤੀਆਂ ਗਈਆਂ । ਕੇਂਦਰ ਵੱਲੋਂ ਪੀਏਯੂ ਵਿਗਿਆਨੀਆਂ ਦੇ 170 ਆਰਟੀਕਲਜ਼ (ਅੰਗਰੇਜ਼ੀ ਭਾਸ਼ਾ ਵਿੱਚ 25 ਅਤੇ ਪੰਜਾਬੀ ਭਾਸ਼ਾ ਵਿੱਚ 145) ਵੱਖੋ-ਵੱਖ ਅਖਬਾਰਾਂ ਅਤੇ ਮੈਗਜ਼ੀਨਾਂ ਨੂੰ ਪ੍ਰਕਾਸ਼ਨਾ ਹਿੱਤ ਭੇਜੇ ਗਏ । ਕੇਂਦਰ ਵੱਲੋਂ ਵੱਖੋ-ਵੱਖ ਪ੍ਰੋਗਰਾਮਾਂ ਦੀ ਟੀ ਵੀ ਕਵਰੇਜ ਵੀ ਕਰਵਾਈ ਗਈ ਅਤੇ 12 ਕਿਸਾਨ ਮੇਲਾ ਰਿਪੋਰਟਾਂ ਤਿਆਰ ਕਰਵਾ ਕੇ ਦੂਰਦਰਸ਼ਨ ਤੋਂ ਟੈਲੀਕਾਸਟ ਕਰਵਾਈਆਂ ਗਈਆਂ । ਪੀਏਯੂ ਵਿਗਿਆਨੀਆਂ ਦੀਆਂ 248 ਟੀ ਵੀ ਟਾਕਜ਼ ਲਈ ਦੂਰਦਰਸ਼ਨ ਕੇਂਦਰ ਜਲੰਧਰ ਅਤੇ 333 ਰੇਡੀਓ ਟਾਕਜ਼ ਲਈ ਆਲ ਇੰਡੀਆ ਰੇਡੀਓ, ਜਲੰਧਰ ਨਾਲ ਰਾਬਤਾ ਕਾਇਮ ਕੀਤਾ ਗਿਆ । ਇਨ੍ਹਾਂ ਵਿੱਚ 65 ਵਿਗਿਆਨੀਆਂ ਨੇ ਟੀ ਵੀ/ਰੇਡੀਓ ਟਾਕਜ਼ ਦਿੱਤੀਆਂ ।

### ਖੇਤੀ ਪ੍ਰਕਾਸ਼ਨਾਵਾਂ

ਕੇਂਦਰ ਵੱਲੋਂ ਦੋ ਮਹੀਨਾਵਾਰ ਖੇਤੀ ਰਸਾਲੇ 'ਚੰਗੀ ਖੇਤੀ' (ਪੰਜਾਬੀ ਵਿੱਚ) ਅਤੇ 'ਪ੍ਰੋਗਰੈਸਿਵ ਫਾਰਮਿੰਗ' (ਅੰਗਰੇਜ਼ੀ ਵਿੱਚ) ਕੱਢੇ ਜਾਂਦੇ ਹਨ । ਦੋਵੇਂ ਖੇਤ ਮੈਗਜ਼ੀਨਾਂ ਨੂੰ ਚਾਰ ਰੰਗਾਂ ਵਿੱਚ ਆਫਸੈੱਟ ਮਸ਼ੀਨਾਂ ਤੇ ਛਾਪਿਆ ਜਾਂਦਾ ਹੈ ਤਾਂ ਜੋ ਦਿੱਖ ਵਧੀਆ ਲੱਗੇ । ਸਾਲ 2016-17 ਦੌਰਾਨ ਇਨ੍ਹਾਂ ਰਸਾਲਿਆਂ ਦੀ ਮਿਲੀ ਜੁਲੀ ਸਰਕੂਲੇਸ਼ਨ 2,07,700 ਰਹੀ । ਕੇਂਦਰ ਵੱਲੋਂ ਪੰਜਾਬ ਦੀਆਂ ਫ਼ਸਲਾਂ ਦੀਆਂ ਸਿਫ਼ਾਰਸ਼ਾਂ ਵੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਸਾਲ ਵਿੱਚ ਦੋ ਵਾਰੀ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਤੋਂ ਇਲਾਵਾ ਵੱਖੋ-ਵੱਖ ਫ਼ਸਲਾਂ ਅਤੇ ਤਕਨੀਕਾਂ ਉੱਤੇ ਵੀ ਖੇਤੀ ਬੁਲੇਟਿਨਜ਼ ਪ੍ਰਕਾਸ਼ਿਤ ਕੀਤੇ ਜਾਂਦੇ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕੇਂਦਰ ਵੱਲੋਂ 44 ਨਵੀਆਂ/ਸੋਧੀਆਂ ਹੋਈਆਂ ਖੇਤੀ ਪ੍ਰਕਾਸ਼ਨਾਵਾਂ (ਅੰਗਰੇਜ਼ੀ ਭਾਸ਼ਾ ਵਿੱਚ 20 ਅਤੇ ਪੰਜਾਬੀ ਭਾਸ਼ਾ ਵਿੱਚ 24) ਪ੍ਰਕਾਸ਼ਿਤ ਕੀਤੀਆਂ ਗਈਆਂ । ਇਨ੍ਹਾਂ ਵਿੱਚ ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਦੀਆਂ ਸਿਫ਼ਾਰਸ਼ਾਂ (ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ), ਪੰਜਾਬ ਵਿੱਚ ਖੇਤੀ ਵਿਕਾਸ ਨੂੰ ਮੁੜ ਸੁਰਜੀਤ ਕਰਨਾ, ਕਿੰਨੋ, ਨਿੰਬੂ ਜਾਤੀ ਦੀ ਕਾਸ਼ਤ, ਸਫ਼ਲ ਕਿਸਾਨ ਪੰਜਾਬ ਦੇ, ਜੈਵਿਕ ਖੇਤੀ, ਟਰੈਕਟਰ ਦੀ ਵਰਤੋਂ ਅਤੇ ਸੰਭਾਲ, ਰਵਾਇਤੀ ਪੰਜਾਬੀ ਪਕਵਾਨ, ਪੰਜਾਬ ਵਿੱਚ ਆਲੂਆਂ ਦੀ ਕਾਸ਼ਤ ਆਦਿ ਸ਼ਾਮਲ ਹਨ ।

# ਮਾਨਵ ਸਰੋਤ, ਵਿੱਤ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ

## ਨਵੀਆਂ ਨਿਯੁਕਤੀਆਂ, ਤਰੱਕੀਆਂ ਅਤੇ ਸੇਵਾ ਮੁਕਤੀਆਂ

### ਨਵੀਆਂ ਨਿਯੁਕਤੀਆਂ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਹੇਠ ਲਿਖੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ । ਇਨ੍ਹਾਂ ਤੋਂ ਇਲਾਵਾ 22 ਸਹਾਇਕ ਪ੍ਰੋਫੈਸਰ ਅਤੇ ਉਨ੍ਹਾਂ ਦੇ ਬਰਾਬਰ ਅਤੇ ਦੋ ਸਹਿਯੋਗੀ ਪ੍ਰੋਫੈਸਰ ਅਤੇ ਉਨ੍ਹਾਂ ਦੇ ਬਰਾਬਰ ਦੀ ਸਿੱਧੀ ਭਰਤੀ ਕੀਤੀ ਗਈ ।

| ਨਾਮ | ਅਹੁਦਾ | ਨਿਯੁਕਤੀ ਦੀ ਮਿਤੀ |
|---|---|---|
| ਡਾ. ਐੱਸ ਐੱਸ ਕੁੱਕਲ | ਡੀਨ, ਖੇਤੀਬਾੜੀ ਕਾਲਜ | 30.05.2017 |
| ਡਾ. (ਸ੍ਰੀਮਤੀ) ਜਤਿੰਦਰ ਕੌਰ ਗੁਲਾਟੀ | ਡੀਨ, ਹੋਮ ਸਾਇੰਸ ਕਾਲਜ | 30.05.2017 |
| ਡਾ. ਨਵਤੇਜ ਸਿੰਘ ਬੈਂਸ | ਨਿਰਦੇਸ਼ਕ ਖੋਜ | 30.05.2017 |
| ਡਾ. ਆਰ ਐੱਸ ਸਿੱਧੂ | ਰਜਿਸਟਰਾਰ | 30.05.2017 |
| ਡਾ. (ਸ੍ਰੀਮਤੀ) ਜਗਦੀਸ਼ ਕੌਰ | ਅਪਰ ਨਿਰਦੇਸ਼ਕ ਸੰਚਾਰ (ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ) | 13.07.2016 |
| ਡਾ. ਜਤਿੰਦਰ ਕੌਰ ਗਿੱਲ | ਮੁਖੀ, ਪਰਿਵਾਰਕ ਸਰੋਤ ਪ੍ਰਬੰਧਣ ਵਿਭਾਗ | 03.10.2016 |
| ਡਾ. ਮਨਜੀਤ ਸਿੰਘ | ਮੁਖੀ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ | 24.11.2016 |
| ਡਾ. (ਸ੍ਰੀਮਤੀ) ਪੂਨਮ ਏ ਸਚਦੇਵ | ਮੁਖੀ, ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ | 01.04.2017 |
| ਡਾ. ਹਰਪਿੰਦਰ ਸਿੰਘ ਗਰੇਵਾਲ | ਮੁਖੀ, ਫਲੋਰੀਕਲਚਰ ਅਤੇ ਲੈਂਡ ਸਕੇਪਿੰਗ ਵਿਭਾਗ | 30.05.2017 |
| ਡਾ. ਓ ਪੀ ਚੌਧਰੀ | ਮੁਖੀ, ਭੂਮੀ ਵਿਗਿਆਨ ਵਿਭਾਗ | 01.06.2017 |
| ਡਾ. (ਸ੍ਰੀਮਤੀ) ਪਰਵੀਨ ਛੁਨੇਜਾ | ਨਿਰਦੇਸ਼ਕ, ਖੇਤੀਬਾੜੀ ਬਾਇਓਤਕਨਾਲੋਜੀ ਸਕੂਲ | 19.09.2016 (ਬਾਅਦ ਦੁਪਹਿਰ) |

### ਤਰੱਕੀਆਂ ਅਤੇ ਸੇਵਾ ਮੁਕਤੀਆਂ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 15600-39100 ਰੁਪਏ ਦੇ ਪੇਅ ਸਕੇਲ ਵਿੱਚ ਸੇਵਾ ਨਿਭਾਅ ਰਹੇ 16 ਸਹਾਇਕ ਪ੍ਰੋਫੈਸਰਾਂ ਨੂੰ 6000/-ਰੁਪਏ ਦੇ ਗਰੇਡ ਪੇਅ ਤੋਂ ਤਰੱਕੀ ਦੇ ਕੇ 7000/- ਰੁਪਏ ਦੇ ਗਰੇਡ ਪੇਅ ਵਿੱਚ ਲਿਆਂਦਾ; ਸੱਤ ਸਹਾਇਕ ਪ੍ਰੋਫੈਸਰਾਂ ਨੂੰ ਤਨਖਾਹ ਸਕੇਲ 15600, 39100/- ਰੁਪਏ ਅਤੇ ਗਰੇਡ ਪੇਅ 7000/- ਰੁਪਏ ਤੋਂ ਤਰੱਕੀ ਦੇ ਕੇ 8000/- ਰੁਪਏ; ਤਿੰਨ ਸਹਾਇਕ ਪ੍ਰੋਫੈਸਰਾਂ ਨੂੰ ਤਨਖਾਹ ਸਕੇਲ 15600-39100/- ਰੁਪਏ ਅਤੇ ਗਰੇਡ ਪੇਅ 8000/- ਰੁਪਏ ਤੋਂ ਪਦ ਉੱਨਤ ਕਰਕੇ ਸਹਿਯੋਗੀ ਪ੍ਰੋਫੈਸਰ ਅਤੇ ਇਸਦੇ ਬਰਾਬਰ ਦੇ ਤਨਖਾਹ ਸਕੇਲ 37,400-67,000/- ਰੁਪਏ ਅਤੇ ਗਰੇਡ ਪੇਅ 9000/-ਰੁਪਏ; ਛੇ ਸਹਿਯੋਗੀ ਪ੍ਰੋਫੈਸਰਾਂ ਨੂੰ ਗਰੇਡ ਪੇਅ 9000/- ਰੁਪਏ ਤੋਂ ਪਦਉੱਨਤ ਕਰਕੇ ਪ੍ਰੋਫੈਸਰ ਅਤੇ ਉਸਦੇ ਬਰਾਬਰ ਦੇ ਅਹੁਦੇ ਵਿੱਚ ਤਨਖਾਹ ਸਕੇਲ 37400-67000/- ਰੁਪਏ ਅਤੇ ਗਰੇਡ ਪੇਅ 10,000/- ਰੁਪਏ ਵਿੱਚ ਲਿਆਂਦਾ । ਇਸ ਦੌਰਾਨ 24 ਅਧਿਆਪਕ ਯੂਨੀਵਰਸਿਟੀ ਸੇਵਾਵਾਂ ਤੋਂ ਸੇਵਾ ਮੁਕਤ ਹੋਏ/ਅਸਤੀਫਾ ਦੇ ਗਏ ।

## ਫੈਕਲਟੀ ਮੈਂਬਰਾਂ ਦੀ ਗਿਣਤੀ

| ਸ਼੍ਰੇਣੀ | ਮਨਜ਼ੂਰ ਅਸਾਮੀਆਂ | ਇਨ ਪੁਜ਼ੀਸ਼ਨ ਅਸਾਮੀਆਂ |
|---|---|---|
| ਰਾਜ | 1056 | 483 |
| ਆਈ ਸੀ ਏ ਆਰ | 184 | 180 |
| ਕੇ ਵੀ ਕੇ | 119 | 104 |
| ਹੋਰ | 23 | 20 |
| ਕੁੱਲ | 1382 | 787 |

## ਪੁਰਸਕਾਰ, ਮਾਣ ਅਤੇ ਸਨਮਾਨ

- ਮਾਨਵ ਸਰੋਤ ਵਿਕਾਸ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਦੀ ਨੈਸ਼ਨਲ ਇੰਸਟੀਚਿਊਸ਼ਨਲ ਫਰੇਮਵਰਕ ਰੈਂਕਿੰਗ (ਐਨ ਆਈ ਆਰ ਐੱਫ) ਮੁਤਾਬਕ ਪੀਏਯੂ ਨੂੰ ਭਾਰਤ ਦੀਆਂ ਖੇਤੀ ਯੂਨੀਵਰਸਿਟੀਆਂ ਵਿੱਚੋਂ ਦੂਜਾ ਸਥਾਨ ਹਾਸਲ ਹੋਇਆ।
- ਸਾਲ 2017 ਵਿੱਚ ਨੈਸ਼ਨਲ ਤਾਇਵਾਨ ਯੂਨੀਵਰਸਿਟੀ ਵੱਲੋਂ ਵਿਸ਼ਵ ਦੀਆਂ ਸਰਵੋਤਮ 300 ਯੂਨੀਵਰਸਿਟੀਆਂ ਦੀ ਕਾਰਵਾਈ ਰੈਂਕਿੰਗ ਵਿੱਚ ਪੀਏਯੂ ਨੂੰ 232ਵਾਂ ਰੈਂਕ ਹਾਸਲ ਹੋਇਆ ਅਤੇ ਇਹ ਦੇਸ਼ ਭਰ ਵਿੱਚੋਂ ਚੁਣੀਆਂ ਗਈਆਂ ਦੋ ਖੇਤੀ ਸੰਸਥਾਵਾਂ ਵਿੱਚੋਂ ਇੱਕ ਸੀ ।
- ਜੈਨੇਟਿਕਸ ਅਤੇ ਪਲਾਂਟ ਬਰੀਡਿੰਗ ਦੀ ਭਾਰਤੀ ਸੋਸਾਇਟੀ ਨੇ ਮਾਰਚ 2017 ਵਿੱਚ ਪੀਏਯੂ ਨੂੰ ਸਾਰੀਆਂ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਆਈ ਸੀ ਏ ਆਰ ਸੰਸਥਾਨਾਂ ਵਿੱਚੋਂ ਸਭ ਤੋਂ ਵੱਧ ਲੈਂਡਮਾਰਕ ਕਿਸਮਾਂ ਵਿਕਸਿਤ ਕਰਨ ਕਰਕੇ ਸਨਮਾਨਿਤ ਕੀਤਾ ।
- ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟ੍ਰੀ (ਸੀਆਈਆਈ)-ਇੰਡੀਅਨ ਸਾਈਟੇਸ਼ਨ ਇੰਡੈਕਸ ਵੱਲੋਂ ਸਾਲ 2017 ਵਿੱਚ ਯੂਨੀਵਰਸਿਟੀ ਨੂੰ ਖੋਜ ਆਰਟੀਕਲਜ਼ ਅਤੇ ਸਾਈਟੇਸ਼ਨ ਪ੍ਰਕਾਸ਼ਨ ਕਰਨ ਵਜੋਂ ਨੁਮੈਰੋਉਨੋ ਦਾ ਦਰਜਾ ਦਿੱਤਾ ।
- ਫੈਕਲਟੀ ਦੇ ਦੋ ਮੈਂਬਰਾਂ, ਡਾ. ਕੁਲਦੀਪ ਸਿੰਘ, ਸੀਨੀਅਰ ਮੋਲੀਕਿਊਲਰ ਜੈਨੇਟਿਕਸਿਸਟ ਅਤੇ ਡਾ. ਗੁਲਸ਼ਨ ਮਹਾਜਨ, ਸੀਨੀਅਰ ਐਗਰੋਨਿਮਿਸਟ ਨੂੰ ਐਨ ਏ ਏ ਐੱਸ ਫੈਲੋ ਬਣਨ ਦਾ ਮਾਣ-ਸਨਮਾਨ ਹੋਇਆ ।

### ਖੇਤੀਬਾੜੀ ਕਾਲਜ

- ਡਾ. ਪ੍ਰਦੀਪ ਕੁਮਾਰ ਛੁਨੇਜਾ, ਡਾ. ਜਸਪਾਲ ਸਿੰਘ, ਡਾ. ਹਰਮਿੰਦਰ ਕੌਰ ਦਿਓਸੀ ਅਤੇ ਡਾ. ਅਮਿਤ ਚੌਧਰੀ (ਕੀਟ ਵਿਗਿਆਨ) ਨੂੰ ਆਈ ਸੀ ਏ ਆਰ ਵੱਲੋਂ 'ਸਰਵੋਤਮ ਏ ਆਈ ਸੀ ਆਰ ਪੀ ਕੇਂਦਰ (ਸ਼ਹਿਦ ਦੀਆਂ ਮੱਖੀਆਂ ਅਤੇ ਪੋਲੀਨੇਟਰਜ਼ ਐਵਾਰਡ 2016' ਹਾਸਲ ਹੋਇਆ ।
- ਡਾ. ਜੇ ਐੱਸ ਮਨਚੰਦਾ, ਡਾ. ਐੱਸ ਐੱਸ ਧਾਲੀਵਾਲ ਅਤੇ ਡਾ. ਐਮ ਪੀ ਐੱਸ ਖੁਰਾਣਾ (ਭੂਮੀ ਵਿਗਿਆਨ) ਨੂੰ ਆਈ ਸੀ ਏ ਆਰ ਵੱਲੋਂ ਲਘੂ ਤੱਤ ਅਤੇ ਗੰਧਲੇ ਤੱਤ ਸਕੀਮ ਲਈ 'ਚੌਧਰੀ ਦੇਵੀ ਲਾਲ ਸਰਵੋਤਮ ਏ ਆਈ ਸੀ ਆਰ ਪੀ ਪੁਰਸਕਾਰ 2016' ਹਾਸਲ ਹੋਇਆ ।
- ਡਾ. ਜੀ ਐੱਸ ਮਾਂਗਟ, ਡਾ. ਰਣਵੀਰ ਗਿੱਲ, ਡਾ. ਰੁਪਿੰਦਰ ਕੌਰ, ਡਾ. ਰੇਨੂੰ ਖੰਨਾ ਅਤੇ ਡਾ. ਨਵਜੋਤ ਕੌਰ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਆਈ ਸੀ ਏ ਆਰ ਵੱਲੋਂ 'ਸਰਵੋਤਮ ਸਰਵ ਭਾਰਤੀ ਕੋਆਰਡੀਨੇਟਿਡ ਝੋਨਾ ਸੁਧਾਰ ਪ੍ਰੋਜੈਕਟ (ਏ ਆਈ ਸੀ ਆਰ ਆਈ ਪੀ) ਕੇਂਦਰ ਪੁਰਸਕਾਰ 2017 ਹਾਸਲ ਹੋਇਆ ।
- ਡਾ. ਯੂ ਐੱਸ ਟਿਵਾਣਾ, ਡਾ. ਰਾਹੁਲ ਕਪੂਰ, ਡਾ ਮਿਨਾਕਸ਼ੀ ਗੋਇਲ ਅਤੇ ਡਾ. ਅਸ਼ਲੀਸ਼ਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ ਆਈ ਸੀ ਏ ਆਰ ਤੋਂ 'ਸਰਵੋਤਮ ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰੋਜੈਕਟ (ਏ ਆਈ ਸੀ ਆਰ ਪੀ) ਕੇਂਦਰ (ਚਰ੍ਹੀ ਉੱਤੇ) ਹਾਸਲ ਕੀਤਾ ।
- ਪੀਏਯੂ ਦੇ ਮੱਕੀ ਸੈਕਸ਼ਨ ਨੂੰ ਮੱਕੀ ਖੋਜ ਦੀ ਭਾਰਤੀ ਸੰਸਥਾ, ਆਈ ਸੀ ਏ ਆਰ ਤੋਂ 'ਸਰਵੋਤਮ ਕੇਂਦਰ ਪੁਰਸਕਾਰ' 2017 ਹਾਸਲ ਹੋਇਆ ।
- ਡਾ. ਏ ਐੱਸ ਢੱਟ (ਸਬਜ਼ੀ ਵਿਗਿਆਨ) ਭਾਰਤ ਦੀ ਹਾਰਟੀਕਲਚਰਲ ਸੋਸਾਇਟੀ ਦੇ ਸਾਲ 2016 ਵਿੱਚ ਫੈਲੋ ਚੁਣੇ ਗਏ । ਡਾ. ਢੱਟ ਨੂੰ 15-16 ਨਵੰਬਰ 2016 ਦੌਰਾਨ ਭਾਰਤੀ ਖੇਤੀ ਖੋਜ ਸੰਸਥਾਨ, ਨਵੀਂ ਦਿੱਲੀ ਵਿਖੇ ਹੋਈ '7ਵੀਂ ਭਾਰਤੀ ਹਾਰਟੀਕਲਚਰ ਕਾਂਗਰਸ' ਮੌਕੇ ਸੋਸਾਇਟੀ ਵੱਲੋਂ 'ਬੈਸਟ ਪੋਸਟਰ ਐਵਾਰਡ' ਹਾਸਲ ਹੋਇਆ ।
- ਡਾ. ਪੀ ਐੱਸ ਸੰਧੂ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਸਾਲ 2017 ਵਿੱਚ ਸਰ੍ਹੋਂ ਖੋਜ ਸੋਸਾਇਟੀ, ਭਰਤਪੁਰ ਦਾ ਫੈਲੋ ਚੁਣਿਆ ਗਿਆ ।
- ਡਾ. ਰੋਮਾਣਾ ਕੌਲਗੀ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ ਭਾਰਤ ਦੀ ਨੀਮਾਟਾਲੋਜੀਕਲ ਸੋਸਾਇਟੀ, ਭਾਰਤੀ ਖੇਤੀ ਖੋਜ ਸੰਸਥਾਨ, ਨਵੀਂ ਦਿੱਲੀ ਤੋਂ 'ਪ੍ਰੋਫੈਸਰ ਡੀ ਜੇ ਰਸਕੀ ਅਕਾਦਮਿਕ ਮੈਰਿਟ ਐਵਾਰਡ 2016' ਹਾਸਲ ਕੀਤਾ ।
- ਡਾ. ਟੀ ਐੱਸ ਥਿੰਦ (ਪੌਦਾ ਰੋਗ ਵਿਗਿਆਨ) ਨੂੰ ਮਾਈਕਾਲੋਜੀ ਅਤੇ ਪਲਾਂਟ ਪੈਥਾਲੋਜੀ ਦੀ ਭਾਰਤੀ ਸੰਸਥਾ, ਉਦੈਪੁਰ ਤੋਂ 'ਵਾਈ ਐੱਲ ਨੈਨੇ ਸਰਵੋਤਮ ਪਲਾਂਟ ਪੈਥਾਲੋਜੀ ਅਧਿਆਪਕ ਪੁਰਸਕਾਰ 2016' ਹਾਸਲ ਹੋਇਆ ।
- ਡਾ. ਯੂ ਐੱਸ ਟਿਵਾਣਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਰੇਂਜ ਮੈਨਜਮੈਂਟ ਸੋਸਾਇਟੀ, ਝਾਂਸੀ ਤੋਂ 'ਫੈਲੋ ਐਵਾਰਡ 2017' ਹਾਸਲ ਹੋਇਆ ।
- ਡਾ. ਐਮ ਐੱਸ ਭੁੱਲਰ (ਐਗਰੋਨੋਮੀ) ਨੂੰ ਖੇਤ ਅਤੇ ਬਾਗਬਾਨੀ ਦੀਆਂ ਫ਼ਸਲਾਂ ਦੇ ਨਦੀਨਾਂ ਦੀ ਰੋਕਥਾਮ ਲਈ ਤਕਨੀਕਾਂ ਵਿਕਸਿਤ ਕਰਨ ਉੱਤੇ ਕੀਤੀ ਸਰਵੋਤਮ ਖੋਜ ਦੇ ਇਵਜ਼ ਵਜੋਂ; ਡਾ. ਨਰਿੰਦਰ ਸਿੰਘ (ਪੌਦਾ ਰੋਗ ਵਿਗਿਆਨ)

ਨੂੰ ਟ੍ਰਾਈਕੋਦਰਮਾ (ਬਾਇਓਏਜੰਟਸ) ਉੱਤੇ ਸਰਵੋਤਮ ਖੋਜ ਦੇ ਇਵਜ਼ ਵਜੋਂ ਅਤੇ ਡਾ. ਐੱਸ ਕੇ ਜਿੰਦਲ (ਸਬਜ਼ੀ ਵਿਗਿਆਨ) ਨੂੰ ਸਬਜ਼ੀਆਂ ਦੀ ਬਰੀਡਿੰਗ ਉੱਤੇ ਸਰਵੋਤਮ ਖੋਜ ਦੇ ਇਵਜ਼ ਵਜੋਂ ਯੂਨੀਵਰਸਿਟੀ ਵੱਲੋਂ 'ਸ਼ਲਾਘਾ ਪੱਤਰ' ਪ੍ਰਦਾਨ ਕੀਤੇ ਗਏ।

- ਡਾ. ਨਵਪ੍ਰੇਮ ਸਿੰਘ (ਫ਼ਲ ਵਿਗਿਆਨ) ਨੂੰ ਪੰਜਾਬ ਵਿੱਚ ਲੀਚੀ ਖੋਜ ਨੂੰ ਉਤਸ਼ਾਹਿਤ ਕਰਨ ਵਜੋਂ ਆਈ ਸੀ ਏ ਆਰ-ਲੀਚੀ ਉੱਤੇ ਰਾਸ਼ਟਰੀ ਖੋਜ ਕੇਂਦਰ ਵੱਲੋਂ ਸਾਲ 2017 ਵਿੱਚ 'ਸ਼ਲਾਘਾ ਪੱਤਰ' ਪ੍ਰਦਾਨ ਕੀਤਾ ਗਿਆ ।
- ਡਾ. ਐੱਸ ਕੇ ਜਿੰਦਲ (ਸਬਜ਼ੀ ਵਿਗਿਆਨ) ਨੂੰ ਯੂਨੀਵਰਸਿਟੀ ਆਫ਼ ਐਗਰੀਕਲਚਰਲ ਸਾਇੰਸਜ਼, ਬੈਂਗਲੁਰੂ ਵਿਖੇ 25-27 ਅਗਸਤ 2016 ਦੌਰਾਨ ਦੱਖਣੀ ਪੂਰਬੀ ਏਸ਼ੀਆ ਵਿੱਚ ਖੇਤੀ ਤਕਨਾਲੋਜੀ ਦੀ ਜਥੇਬੰਦੀ ਅਤੇ ਐਪਲਾਈਡ ਬਾਇਓਤਕਨਾਲੋਜੀ ਦੀ ਸੰਸਥਾ, ਭਾਰਤ ਵੱਲੋਂ 'ਉਤਪਾਦਨ ਅਤੇ ਪੌਸ਼ਟਿਕ ਸੁਰੱਖਿਆ ਦੀ ਨਿਰੰਤਰਤਾ ਲਈ ਖੇਤੀ ਵਿਗਿਆਨ ਅਤੇ ਭੋਜਨ ਤਕਨੀਕਾਂ' ਤੇ ਕਾਰਵਾਈ ਅੰਤਰਰਾਸ਼ਟਰੀ ਕਾਨਫਰੰਸ ਮੌਕੇ 'ਬੈਸਟ ਪੋਸਟਰ ਐਵਾਰਡ' ਹਾਸਲ ਹੋਇਆ।
- ਡਾ. ਆਰ ਆਈ ਐੱਸ ਗਿੱਲ, ਡਾ. ਬਲਜੀਤ ਸਿੰਘ ਅਤੇ ਡਾ. ਨਵਨੀਤ ਕੌਰ (ਵਣ ਅਤੇ ਕੁਦਰਤੀ ਸੋਮੇ) ਨੂੰ ਕੇਂਦਰੀ ਖੇਤੀ-ਵਣ ਖੋਜ ਸੰਸਥਾਨ, ਝਾਂਸੀ ਵਿਖੇ 3-5 ਦਸੰਬਰ, 2016 ਦੌਰਾਨ 'ਵਾਤਾਵਰਨਿਕ ਚੁਣੌਤੀਆਂ, ਭੂਮੀ ਦੀ ਨਿਰੰਤਰ ਵਰਤੋਂ ਅਤੇ ਜੈਵਿਕ ਵਿਭਿੰਨਤਾ ਰੱਖ ਰਖਾਅ ਵਿਕਲਪਾਂ ਲਈ ਵਣ-ਖੇਤੀ' ਉੱਤੇ ਹੋਏ ਰਾਸ਼ਟਰੀ ਸਿੰਪੋਜ਼ੀਅਮ ਮੌਕੇ 'ਬੈਸਟ ਪੋਸਟਰ ਐਵਾਰਡ' ਹਾਸਲ ਹੋਇਆ ।
- ਡਾ. ਸਪਨਾ ਠਾਕੁਰ (ਵਣ ਅਤੇ ਕੁਦਰਤੀ ਸੋਮੇ) ਨੂੰ ਕੇਂਦਰੀ ਖੇਤੀ ਵਣ ਖੋਜ ਸੰਸਥਾਨ, ਝਾਂਸੀ ਵਿਖੇ 3-5 ਦਸੰਬਰ 2016 ਦੌਰਾਨ 'ਵਾਤਾਵਰਨਿਕ ਚੁਣੌਤੀਆਂ, ਭੂਮੀ ਦੀ ਨਿਰੰਤਰ ਵਰਤੋਂ ਅਤੇ ਜੈਵਿਕ ਵਿਭਿੰਨਤਾ ਰੱਖ-ਰਖਾਅ ਵਿਕਲਪਾਂ ਲਈ ਵਣ-ਖੇਤੀ' ਉੱਤੇ ਹੋਏ ਰਾਸ਼ਟਰੀ ਸਿੰਪੋਜ਼ੀਅਮ ਮੌਕੇ 'ਬੈਸਟ ਪੋਸਟਰ ਐਵਾਰਡ' ਹਾਸਲ ਹੋਇਆ ।
- ਡਾ. ਕੇ ਐੱਸ ਸਾਂਘਾ ਅਤੇ ਡਾ. ਪੀ ਐੱਸ ਸ਼ੇਰਾ (ਕੀਟ ਵਿਗਿਆਨ) ਨੂੰ ਜੈਵਿਕ ਕੰਟਰੋਲ ਖੋਜ ਲਈ ਸੰਸਥਾ/ਆਈ ਸੀ ਏ ਆਰ-ਖੇਤੀ ਕੀਟ ਸਰੋਤਾਂ ਦੇ ਰਾਸ਼ਟਰੀ ਬਿਊਰੋ, ਬੰਗਲੂਰ ਵੱਲੋਂ 9-11 ਫਰਵਰੀ 2017 ਦੌਰਾਨ 'ਬਾਇਓਲਾਜੀਕਲ ਨਿਯੰਤ੍ਰਣ : ਕੀੜਿਆਂ ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਸੰਯੁਕਤ ਆਧੁਨਿਕ ਖੋਜਾਂ' ਤੇ ਕਾਰਵਾਈ 5ਵੀਂ ਰਾਸ਼ਟਰੀ ਕਾਨਫਰੰਸ ਮੌਕੇ ਕ੍ਰਮਵਾਰ 'ਬੈਸਟ ਓਰਲ ਪ੍ਰਸਤੁਤੀਕਰਨ ਐਵਾਰਡ' ਅਤੇ 'ਬੈਸਟ ਪੋਸਟਰ ਪ੍ਰਸਤੁਤੀਕਰਨ ਐਵਾਰਡ ਹਾਸਲ ਹੋਇਆ ।
- ਡਾ. ਮਿਨਾਕਸ਼ੀ ਗੋਇਲ ਅਤੇ ਡਾ. ਯੂ ਐੱਸ ਟਿਵਾਣਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਰਾਜਮਾਤਾ ਵਿਜਯਰਾਜੇ ਸਿੰਧੀਆ ਕ੍ਰਿਸ਼ੀ ਵਿਸ਼ਵਵਿਦਿਆਲਯ, ਗਵਾਲੀਅਰ ਵਿਖੇ 3-4 ਮਾਰਚ 2017 ਨੂੰ '21ਵੀਂ ਸਦੀ ਵਿੱਚ ਚਾਰੇ ਦੇ ਸਰੋਤਾਂ ਦੇ ਪ੍ਰਬੰਧਣ ਅਤੇ ਪਸ਼ੂ ਧਨ ਉਤਪਾਦਿਕਤਾ ਵਿੱਚ ਨਵੇਂ ਦਿਸ਼ਾ ਨਿਰਦੇਸ਼ : ਚੁਣੌਤੀਆਂ ਅਤੇ ਮੌਕੇ' ਉੱਤੇ ਹੋਏ ਰਾਸ਼ਟਰੀ ਸਿੰਪੋਜ਼ੀਅਮ ਮੌਕੇ 'ਬੈਸਟ ਰਿਸਰਚ ਪੇਪਰ ਐਵਾਰਡ' ਹਾਸਲ ਹੋਇਆ ।
- ਡਾ. ਜੇ ਐੱਸ ਚਾਵਲਾ ਅਤੇ ਡਾ. ਜਵਾਲਾ ਜਿੰਦਲ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਡਾ. ਰਾਜਿੰਦਰਾ ਪ੍ਰਸਾਦ ਸੈਂਟਰਲ ਐਗਰੀਕਲਚਰਲ ਯੂਨੀਵਰਸਿਟੀ, ਪੂਸਾ, ਸਮਸਤੀਪੁਰ, ਬਿਹਾਰ ਵਿਖੇ 3-4 ਮਾਰਚ 2017 ਨੂੰ 'ਮੱਕੀ ਉਤਪਾਦਨ ਅਤੇ ਵਰਤੋਂ ਵਿੱਚ ਚੁਣੌਤੀਆਂ ਅਤੇ ਵਿਕਲਪਾਂ ਦਾ ਭਵਿੱਖ' ਉੱਤੇ ਹੋਏ ਰਾਸ਼ਟਰੀ ਕਾਨਫਰੰਸ ਮੌਕੇ 'ਬੈਸਟ ਓਰਲ ਪ੍ਰਸਤੁਤੀਕਰਨ ਐਵਾਰਡ' ਹਾਸਲ ਹੋਇਆ ।

### ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ

- ਡਾ. ਜੀ ਐੱਸ ਮਨੇਸ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ) ਨੂੰ ਡਾ. ਗੁਰਦੇਵ ਸਿੰਘ ਖੁਸ਼ ਫਾਊਂਡੇਸ਼ਨ ਪੀਏਯੂ ਵੱਲੋਂ ਮੈਂਬਰ ਵਜੋਂ ਖੇਤੀ ਵਿਗਿਆਨ ਦੀਆਂ ਖੋਜਾਂ ਲਈ 'ਡਾ. ਗੁਰਦੇਵ ਸਿੰਘ ਖੁਸ਼ ਟੀਮ ਐਵਾਰਡ 2016-17' ਹਾਸਲ ਹੋਇਆ
- ਡਾ. ਐੱਨ ਕੇ ਖੁੱਲਰ (ਸਿਵਲ ਇੰਜਨੀਅਰਿੰਗ) ਨੂੰ ਤਕਨੀਕੀ ਸਿੱਖਿਆ ਲਈ ਭਾਰਤੀ ਸੰਸਥਾ ਵੱਲੋਂ 'ਬੈਸਟ ਟੀਚਰ ਐਵਾਰਡ 2017' ਹਾਸਲ ਹੋਇਆ ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- ਡਾ. ਜੀ ਐੱਸ ਕੋਚਰ (ਮਾਈਕ੍ਰੋਬਾਇਓਲੋਜੀ) ਨੂੰ ਵਾਈਨ ਅਤੇ ਸਿਰਕਾ ਤਿਆਰ ਕਰਨ ਵਿੱਚ ਪਾਏ ਉੱਘੇ ਯੋਗਦਾਨ ਵਜੋਂ ਪੀਏਯੂ ਵੱਲੋਂ 2017 ਵਿੱਚ 'ਸ਼ਲਾਘਾ ਪੱਤਰ' ਹਾਸਲ ਹੋਇਆ।

### ਹੋਮ ਸਾਇੰਸ ਕਾਲਜ

- ਮਿਜ਼ ਰੋਹਿਨੀ ਜੈਨ ਅਤੇ ਡਾ. ਨੀਰਜਾ ਸਿੰਗਲਾ (ਭੋਜਨ ਅਤੇ ਪੋਸ਼ਣ) ਨੂੰ ਸੀਫੇਟ, ਲੁਧਿਆਣਾ ਵਿਖੇ 29-30 ਸਤੰਬਰ 2016 ਦੌਰਾਨ 'ਭੋਜਨ ਅਤੇ ਪੋਸ਼ਣ ਸੁਰੱਖਿਆ ਲਈ ਖੋਜਮਈ ਪ੍ਰੋਸੈਸਿੰਗ ਤਕਨੀਕਾਂ' ਉੱਤੇ ਹੋਈ ਰਾਸ਼ਟਰੀ ਕਾਨਫਰੰਸ ਮੌਕੇ 'ਬੈਸਟ ਪੋਸਟਰ ਐਵਾਰਡ' ਹਾਸਲ ਹੋਇਆ ।

## ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਪਰਕ

### ਸਹੀਬੱਧ ਕੀਤੇ ਸਮਝੌਤੇ ਦੇ ਯਾਦਪੱਤਰ (ਐੱਮ ਓ ਯੂ'ਜ਼)

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੀ ਏ ਯੂ ਨੇ ਵੱਖੋ-ਵੱਖ ਰਾਸ਼ਟਰੀ ਸੰਸਥਾਨਾਂ/ਸੰਗਠਨਾਂ ਨਾਲ ਸਮਝੌਤੇ ਦੇ ਪੰਜ ਯਾਦ ਪੱਤਰ ਸਹੀਬੱਧ ਕੀਤੇ :

- ਬੇਅਰ ਕਰਾਪ ਸਾਇੰਸ ਲਿਮਟਿਡ, ਬੇਆਰ ਹਾਊਸ ਸੈਂਟਰਲ ਐਵੀਨਿਊ, ਹੀਰਾਨੰਦਨੀ ਅਸਟੇਟ ਥਾਨੇ (ਪੱਛਮੀ) ਮਹਾਰਾਸ਼ਟਰ ਨਾਲ 27 ਜੁਲਾਈ 2016 ਨੂੰ ਖੋਜ, ਪਸਾਰ ਅਤੇ ਸਾਂਝੇ ਹਿੱਤ ਵਾਲੇ ਖੇਤਰਾਂ ਵਿੱਚ ਜਾਣਕਾਰੀ ਅਤੇ ਤਕਨੀਕ ਦਾ ਅਦਾਨ-ਪ੍ਰਦਾਨ ਕਰਨ ਲਈ ਯਾਦਪੱਤਰ ਸਹੀਬੱਧ ਕੀਤਾ ।
- ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਨਾਲ 22 ਸਤੰਬਰ 2016 ਨੂੰ ਕ੍ਰਿਸ਼ੀ ਵਿਗਿਆਨ ਕੇਂਦਰ, ਪਠਾਨਕੋਟ ਦੇ ਪ੍ਰੋਜੈਕਟ

ਨੂੰ ਲਾਗੂ ਕਰਨ ਹਿਤ ਵਿਗਿਆਨਕ ਅਤੇ ਤਕਨੀਕੀ ਸਹਿਯੋਗ ਲਈ ਯਾਦਪੱਤਰ ਸਹੀਬੱਧ ਕੀਤਾ ।

- ਖਾਲਸਾ ਕਾਲਜ, ਅੰਮ੍ਰਿਤਸਰ, ਪੰਜਾਬ ਨਾਲ 25 ਨਵੰਬਰ 2016 ਨੂੰ 'ਬਰਸੀਮ ਬੀ ਐੱਲ 42 ਦੇ ਬੀਜ ਉਤਪਾਦਨ ਕਰਨ ਲਈ' ਯਾਦਪੱਤਰ ਸਹੀਬੱਧ ਕੀਤਾ ।
- ਚੌਧਰੀ ਚਰਨ ਸਿੰਘ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ, ਹਰਿਆਣਾ ਨਾਲ 6 ਜਨਵਰੀ 2017 ਨੂੰ ਅਕਾਦਮਿਕ ਅਤੇ ਖੋਜ ਦੇ ਸਾਂਝੇ ਹਿੱਤ ਵਾਲੇ ਖੇਤਰਾਂ ਵਿੱਚ ਆਪਸੀ ਸਹਿਯੋਗ ਨੂੰ ਵਧਾਉਣ ਲਈ ਯਾਦਪੱਤਰ ਸਹੀਬੱਧ ਕੀਤਾ ।
- ਮਹਾਰਾਸ਼ਟਰਾ ਸਟੇਟ ਸੀਡਜ਼ ਕਾਰਪੋਰੇਸ਼ਨ ਲਿਮਟਿਡ, ਮਹਾਬੀਜ ਭਵਨ, ਕ੍ਰਿਸ਼ੀ ਨਗਰ, ਅਕੋਲਾ ਮਹਾਰਾਸ਼ਟਰਾ ਨਾਲ 22 ਮਈ 2017 ਨੂੰ ਮੱਕੀ ਦੀ ਹਾਈਬ੍ਰਿਡ ਪੀ ਐਮ ਐੱਚ-1 ਦੇ ਬੀਜ ਉਤਪਾਦਨ ਪ੍ਰੋਗਰਾਮ ਨੂੰ ਹੁਲਾਰਾ ਦੇਣ ਲਈ ਯਾਦਪੱਤਰ ਸਹੀਬੱਧ ਕੀਤਾ ।

### ਦੌਰੇ ਤੇ ਆਏ ਵਿਸ਼ੇਸ਼ ਮਹਿਮਾਨ

- ਸ੍ਰੀ ਗਿਰੀਰਾਜ ਸਿੰਘ, ਲਘੂ, ਨਿਮਨ ਅਤੇ ਮੱਧ ਉੱਦਮਾਂ ਲਈ ਰਾਜ ਦੇ ਕੇਂਦਰੀ ਮੰਤਰੀ ਨੇ 17 ਅਕਤੂਬਰ 2016 ਨੂੰ ਪੀਏਯੂ ਦਾ ਦੌਰਾ ਕੀਤਾ ਅਤੇ ਯੂਨੀਵਰਸਿਟੀ ਦੇ ਉੱਚ ਅਫ਼ਸਰਾਂ ਨਾਲ ਵਿਚਾਰ-ਵਟਾਂਦਰਾ ਕਰਨ ਦੇ ਨਾਲ-ਨਾਲ ਪ੍ਰਧਾਨਮੰਤਰੀ ਸ੍ਰੀ ਨਰਿੰਦਰ ਮੋਦੀ ਦੇ 18 ਅਕਤੂਬਰ 2016 ਦੇ ਦੌਰੇ ਦੇ ਚਲ ਰਹੇ ਇੰਤਜ਼ਾਮਾਂ ਨੂੰ ਦੇਖਿਆ ।
- ਡਾ. ਬਿਕਰਮ ਗਿੱਲ, ਕੈਨਸਸ ਸਟੇਟ ਯੂਨੀਵਰਸਿਟੀ, ਮੈਨਹਟਨ, ਕੈਨਸਸ ਅਤੇ ਡਾ. ਕੇ ਐੱਸ ਗਿੱਲ, ਵਾਸ਼ਿੰਗਟਨ ਸਟੇਟ ਯੂਨੀਵਰਸਿਟੀ ਪੁਲਮੈਨ, ਵਸ਼ਿੰਗਟਨ, ਯੂ ਐਸ ਏ ਦੇ ਦੋ ਮੈਂਬਰੀ ਵਫ਼ਦ ਨੇ 15 ਨਵੰਬਰ 2016 ਨੂੰ ਖੇਤੀ ਦੀ ਨਿਰੰਤਰਤਾ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਪੀਏਯੂ ਦਾ ਦੌਰਾ ਕੀਤਾ ।
- ਕੋਲੋਰਾਡੋ ਐਗਰੀ ਲੀਡਰਜ਼, ਯੂ ਐੱਸ ਏ ਦੇ ਵਫ਼ਦ ਨੇ ਯੂਨੀਵਰਸਿਟੀ ਦੀਆਂ ਖੇਤੀ ਖੇਤਰ ਵਿੱਚ ਖੋਜਾਂ ਦਾ ਅਧਿਐਨ ਕਰਨ ਲਈ 5 ਦਸੰਬਰ 2016 ਨੂੰ ਪੀਏਯੂ ਦਾ ਦੌਰਾ ਕੀਤਾ।
- ਸ੍ਰੀ ਅਰਜੁਨ ਰਾਮ ਮੇਘਵਾਲ, ਜਲ ਸਰੋਤ, ਨਦੀ ਵਿਕਾਸ ਅਤੇ ਗੰਗਾ ਦੀ ਕਾਇਆ ਕਲਪ ਅਤੇ ਸੰਸਦੀ ਮਾਮਲੇ ਦੇ ਰਾਜ ਕੇਂਦਰੀ ਮੰਤਰੀ ਨੇ ਸੰਯੁਕਤ ਮਧੂ ਮੱਖੀ ਪਾਲਣ ਵਿਕਾਸ ਕੇਂਦਰ ਦਾ ਉਦਘਾਟਨ ਕਰਨ ਲਈ 22 ਦਸੰਬਰ 2016 ਨੂੰ ਪੀਏਯੂ ਦਾ ਦੌਰਾ ਕੀਤਾ । ਸ੍ਰੀ ਵਿਜੈ ਸਾਂਪਲਾ ਸਮਾਜਿਕ ਨਿਆਂ ਅਤੇ ਸੁਸ਼ਕਤੀਕਰਨ ਲਈ ਰਾਜ ਕੇਂਦਰੀ ਮੰਤਰੀ, ਭਾਰਤ ਨੇ ਵੀ ਇਸ ਮੌਕੇ ਸ਼ਮੂਲੀਅਤ ਕੀਤੀ ।
- ਵਾਸ਼ਿੰਗਟਨ ਐਗਰੋ-ਫਾਰਿਸਟਰੀ ਗਰੁੱਪ, ਯੂ ਐਸ ਏ ਦੇ ਇਕ ਵਫ਼ਦ ਨੇ ਹਰੀ ਕ੍ਰਾਂਤੀ ਦੌਰਾਨ ਯੂਨੀਵਰਸਿਟੀ ਦੀ ਭੂਮਿਕਾ ਨੂੰ ਜਾਣਨ ਲਈ 12 ਜਨਵਰੀ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਯੂਨੀਵਰਸਿਟੀ ਆਫ਼ ਐਗਰੀਕਲਚਰਲ ਸਾਇੰਸਜ਼, ਬੈਂਗਲੁਰੂ ਤੋਂ ਵਿਗਿਆਨੀਆਂ ਦੇ ਇਕ ਵਫ਼ਦ ਨੇ ਖੇਤੀ ਆਮਦਨ ਨੂੰ ਵਧਾਉਣ ਅਤੇ ਖੇਤੀ ਨਿਰੰਤਰਤਾ ਬਣਾਈ ਰੱਖਣ ਦੇ ਢੰਗ ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ 18 ਜਨਵਰੀ 2017 ਨੂੰ ਪੀਏਯੂ ਦਾ ਦੌਰਾ ਕੀਤਾ ।
- ਵਿਕੀਪੀਡੀਆ, ਇੰਡੀਆ ਦੇ ਦੋ ਮੈਂਬਰੀ ਵਫ਼ਦ ਨੇ ਯੂਨੀਵਰਸਿਟੀ ਦੀ ਆਨਲਾਈਨ ਪਛਾਣ ਨੂੰ ਹੋਰ ਵਧਾਉਣ ਹਿਤ 25 ਜਨਵਰੀ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਕੈਂਬਰਿਜ ਯੂਨੀਵਰਸਿਟੀ, ਯੂ.ਕੇ. ਦੇ ਵਫ਼ਦ ਨੇ ਆਪਸੀ ਸਾਂਝਦਾਰੀ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ 17 ਫਰਵਰੀ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ । ਇਸ ਟੀਮ ਵਿੱਚ ਡਾ. ਲਿਸਜ਼ਿਕ ਬੋਰਸੀਵਿਕਸ, ਵਾਈਸ ਚਾਂਸਲਰ ਅਤੇ ਕੈਂਬਰਿਜ ਯੂਨੀਵਰਸਿਟੀ ਦੇ ਵਿਗਿਆਨੀ ਸ਼ਾਮਲ ਸਨ ।
- ਅਫ਼ਗਾਨਿਸਤਾਨ ਤੋਂ ਇਕ ਵਫ਼ਦ ਨੇ ਬੀਜ ਉਤਪਾਦਨ, ਢੰਗ ਤਰੀਕੇ ਅਤੇ ਮਿਆਰਾਂ ਆਦਿ ਬਾਰੇ ਜਾਣਕਾਰੀ ਲੈਣ ਹਿਤ 6 ਮਾਰਚ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਕੋਲੋਰਾਡੋ ਸਟੇਟ ਯੂਨੀਵਰਸਿਟੀ, ਫੋਰਟ ਕੋਇਨਜ਼, ਕੋਲੋਰਾਡੋ, ਯੂ ਐੱਸ ਏ ਦੇ ਅਫ਼ਸਰਾਂ ਦੇ ਇਕ ਵਫ਼ਦ ਨੇ ਖੇਤਰ ਵਿੱਚ ਨਵੀਨ ਖੇਤੀ ਖੋਜਾਂ ਦਾ ਅਧਿਐਨ ਕਰਨ ਲਈ 17 ਮਾਰਚ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਆਸਟਰੇਲੀਆ ਦੇ ਕਿਸਾਨਾਂ ਦੇ ਇਕ ਵਫ਼ਦ ਨੇ ਖੋਜ ਅਤੇ ਪਸਾਰ ਪ੍ਰੋਗਰਾਮਾਂ ਬਾਰੇ ਜਾਣਕਾਰੀ ਕਰਨ ਹਿਤ 17 ਮਾਰਚ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਯੀਜ਼ਿਨ ਐਗਰੀਕਲਚਰਲ ਵਰਸਿਟੀ, ਮੀਆਂਮਾਰ ਦੇ ਮਾਹਿਰਾਂ ਨੇ ਆਪਸੀ ਸਹਿਯੋਗ ਦੇ ਖੇਤਰਾਂ ਦੀਆਂ ਸੰਭਾਵਨਾਵਾਂ ਨੂੰ ਜਾਣਨ ਲਈ 15 ਅਪ੍ਰੈਲ 2017 ਨੂੰ ਪੀ ਏ ਯੂ ਦਾ ਦਾ ਦੌਰਾ ਕੀਤਾ ।
- ਡਾ. ਕਲੇਅਰ ਨਿਊਸਟੈੱਡ, ਇੰਟਰਨੈਸ਼ਨਲ ਮੈਨੇਜਰ, ਨੋਟਿੰਗਮ ਟਰੈਂਟ ਯੂਨੀਵਰਸਿਟੀ, ਯੂ.ਕੇ. ਨੇ ਆਪਸੀ ਸਹਿਯੋਗ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ 24 ਅਪ੍ਰੈਲ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਪ੍ਰੋਫੈਸਰ ਗੈਬਰੀਲਾ ਸੋਟੋ ਲੇਵੀਗਾ, ਹਾਵਰਡ ਯੂਨੀਵਰਸਿਟੀ, ਕੈਂਬਰਿਜ, ਯੂ ਐੱਸ ਏ ਨੇ ਹਰੀ ਕ੍ਰਾਂਤੀ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰਨ ਲਈ 18 ਮਈ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਆਸਟਰੇਲੀਆ ਤੋਂ ਨਿਊਫੀਲਡ ਸਕਾਲਰਜ਼ ਦੇ ਵਫ਼ਦ ਨੇ ਯੂਨੀਵਰਸਿਟੀ ਦੇ ਖੋਜ ਖੇਤਰ ਵਿੱਚ ਹਿੱਤਾਂ ਨੂੰ ਜਾਣਨ ਲਈ 19 ਮਈ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਸਿੱਖਿਆ ਮੰਤਰਾਲਾ ਭੂਟਾਨ ਦੇ ਇਕ ਵਫ਼ਦ ਨੇ ਪੀ ਏ ਯੂ ਵਿਖੇ ਭੂਟਾਨ ਦੇ ਵਿਦਿਆਰਥੀਆਂ ਦੇ ਭਵਿੱਖ ਬਾਰੇ ਵਿਚਾਰ-ਵਟਾਂਦਰਾ ਕਰਨ ਲਈ 24 ਮਈ 2017 ਨੂੰ ਪੀ ਏ ਯੂ ਦਾ ਦੌਰਾ ਕੀਤਾ ।

## ਸਿਖਲਾਈਆਂ ਅਤੇ ਵਿਦੇਸ਼ੀ ਦੌਰੇ

- ਡਾ. ਨੀਲਮ ਗਰੇਵਾਲ ਨੇ 29 ਅਗਸਤ ਤੋਂ 1 ਸਤੰਬਰ 2016 ਦੌਰਾਨ "ਉਚੇਰੀ ਸਿੱਖਿਆ ਵਿੱਚ ਫਾਇਦਾ ਵਧਾਉਣ" ਉੱਤੇ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਏਸ਼ੀਅਨ ਪ੍ਰੋਡਕਟਿਵਟੀ ਆਰਗੇਨਾਈਜ਼ੇਸ਼ਨ, ਜਕਾਰਤਾ, ਇੰਡੋਨੇਸ਼ੀਆ ਦਾ ਦੌਰਾ ਕੀਤਾ।
- ਡਾ. ਵਿਕਾਸ ਜਿੰਦਲ (ਕੀਟ ਵਿਗਿਆਨ) ਨੇ 18 ਜੁਲਾਈ 2016 ਤੋਂ 17 ਜੁਲਾਈ 2017 ਦੌਰਾਨ ਆਪਣੇ ਖੋਜ ਪ੍ਰੋਜੈਕਟ "ਕੀੜਿਆਂ-ਮਕੌੜਿਆਂ ਵਿੱਚ ਜੀ-ਪ੍ਰੋਟੀਨ ਰਿਸੈਪਟਰ ਦੀਆਂ ਵਿਸ਼ੇਸ਼ਤਾਈਆਂ" ਦੇ ਤਹਿਤ ਕੈਨਸਾਸ ਸਟੇਟ ਯੂਨੀਵਰਸਿਟੀ, ਮੈਨਹਟਨ, ਕੈਨਸਸ, ਯੂ ਐੱਸ ਏ ਦਾ ਦੌਰਾ ਕੀਤਾ । ਇਸ ਪ੍ਰੋਜੈਕਟ ਕਰਕੇ ਡਾ. ਜਿੰਦਲ ਨੂੰ ਯੂ ਜੀ ਸੀ ਤੋਂ ਰਮਨ ਪੋਸਟ ਡਾਕਟਰੇਟ ਫੈਲੋਸ਼ਿਪ ਹਾਸਲ ਹੋਈ।(ਖੇਤੀਬਾੜੀ ਕਾਲਜ)
- ਡਾ. ਰੂਮਾ ਦੇਵੀ (ਸਬਜ਼ੀ ਵਿਗਿਆਨ) ਨੇ "ਫੁੱਲ ਗੋਭੀ ਵਿੱਚ ਦੋਹਰੇ ਹੈਪਲੋਆਇਡਜ਼ ਦਾ ਵਿਕਾਸ: ਹੋਮੋਜ਼ਾਇਗੋਸਟੀ ਹਾਸਲ ਕਰਨ ਲਈ ਇਕਹਿਰੀ ਪਹੁੰਚ ਵਿਧੀ" ਉੱਤੇ ਸਿਖਲਾਈ ਹਾਸਲ ਕਰਨ ਲਈ ਯੂਨੀਵਰਸਿਟੀ ਆਫ਼ ਮਾਇਜ਼ੂਰੀ, ਕੋਲੰਬੀਆ, ਯੂ ਐਸ ਏ ਦਾ 10 ਅਗਸਤ 2016 ਤੋਂ 9 ਅਗਸਤ 2017 ਦੋਰਾਨ ਦੌਰਾ ਕੀਤਾ । (ਖੇਤੀਬਾੜੀ ਕਾਲਜ)
- ਡਾ. ਸੰਦੀਪ ਸਿੰਘ (ਕੀਟ ਵਿਗਿਆਨ) ਨੇ ਫ਼ਲ ਦੀਆਂ ਮੱਖੀਆਂ ਉੱਤੇ ਟੀ ਏ ਏ ਓ ਦੀ ਅੰਤਰਰਾਸ਼ਟਰੀ ਸਟੀਅਰਿੰਗ ਕਮੇਟੀ ਦੇ ਮੈਂਬਰ ਵਜੋਂ ਇਸਦਾ ਪਹਿਲਾ ਸਿੰਪੋਜ਼ੀਅਮ ਕਰਵਾਉਣ ਲਈ 12-16 ਅਗਸਤ, 2016 ਦੌਰਾਨ ਪੁਟਰਾਜਯ, ਮਲੇਸ਼ੀਆ ਦਾ ਦੌਰਾ ਕੀਤਾ । ਡਾ. ਸੰਦੀਪ ਸਿੰਘ ਨੇ 18 ਅਗਸਤ 2016 ਨੂੰ ਯੂਨੀਵਰਸਿਟੀ ਪੁਤਰਾ ਮਲੇਸ਼ੀਆ, ਪੁਤਰਾਜਯ, ਮਲੇਸ਼ੀਆ ਵਿਖੇ ਇੱਕ ਭਾਸ਼ਣ ਦਿੱਤਾ ਅਤੇ ਆਰਗੇਨਾਈਜ਼ਿੰਗ ਸਕੱਤਰ-ਕਮ-ਮੁੱਖ ਜੱਜ ਵਜੋਂ ਅੰਤਰਰਾਸ਼ਟਰੀ ਫਰੂਟ ਫਲਾਈ ਫੋਟੋਗ੍ਰਾਫੀ ਮੁਕਾਬਲਾ ਵੀ ਕਰਵਾਇਆ । (ਖੇਤੀਬਾੜੀ ਕਾਲਜ)
- ਡਾ. ਵਰਿੰਦਰ ਪਾਲ ਸਿੰਘ (ਭੂਮੀ ਵਿਗਿਆਨ) ਨੇ ਨਾਈਟ੍ਰੋਜਨ ਵਿੱਚ ਟ੍ਰਾਂਸਲੇਸ਼ਨਲ ਖੋਜ ਲਈ ਕੈਂਬਰਿਜ ਇੰਡੀਆ ਨੈੱਟਵਰਕ (ਸੀ ਆਈ ਐਨ ਟੀ ਆਰ ਆਈ ਐਨ) ਪ੍ਰੋਜੈਕਟ ਦੇ ਤਹਿਤ ਵਿਚਾਰ ਵਟਾਂਦਰਾ ਕਰਨ ਲਈ 17 ਅਕਤੂਬਰ ਤੋਂ 1 ਨਵੰਬਰ 2016 ਦੌਰਾਨ ਯੂਨੀਵਰਸਿਟੀ ਆਫ਼ ਕੈਂਬਰਿਜ, ਯੂ.ਕੇ.; ਨੈਸ਼ਨਲ ਇੰਸਟੀਚਿਊਟ ਆਫ਼ ਐਗਰੀਕਲਚਰਲ ਬਾਟਨੀ, ਯੂ.ਕੇ. ਅਤੇ ਰੋਟਾਮਸਟਿਡ ਰਿਸਰਚ ਸਟੇਸ਼ਨ, ਯੂ ਕੇ ਦਾ ਦੌਰਾ ਕੀਤਾ । (ਖੇਤੀਬਾੜੀ ਕਾਲਜ)
- ਡਾ. ਜਸਪਾਲ ਕੌਰ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ ਕਣਕ ਦੀਆਂ ਕੁੰਗੀਆਂ ਦੇ ਸਰਵੇਖਣ ਅਤੇ ਦੇਖਭਾਲ ਲਈ 22 ਫਰਵਰੀ ਤੋਂ 1 ਮਾਰਚ 2017 ਦੌਰਾਨ ਨੇਪਾਲ ਐਗਰੀਕਲਚਰਲ ਰਿਸਰਚ ਕੌਂਸਲ (ਐੱਨ ਏ ਆਰ ਸੀ) ਨੇਪਾਲ ਦਾ ਦੌਰਾ ਕੀਤਾ । (ਖੇਤੀਬਾੜੀ ਕਾਲਜ)
- ਡਾ. ਪ੍ਰਸ਼ਾਂਤ ਮੋਹਨਪੁਰੀਆ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ "ਜੀਨੋਮ ਐਡਿਟਿੰਗ ਤਕਨੀਕਾਂ" ਉੱਤੇ ਸਿਖਲਾਈ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ 1 ਮਾਰਚ ਤੋਂ 31 ਅਗਸਤ 2017 ਦੌਰਾਨ ਟੋਕੂਸ਼ਿਮਾ ਯੂਨੀਵਰਸਿਟੀ 2-1 ਮਿਨਾਮੀਜੋਸੰਜਮਾ ਟੋਕੂਸ਼ਿਮਾ ਸਿਟੀ ਜਪਾਨ ਦਾ ਦੌਰਾ ਕੀਤਾ । (ਖੇਤੀਬਾੜੀ ਕਾਲਜ)
- ਡਾ. ਜਗਜੀਤ ਸਿੰਘ ਲੋਰੇ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ "ਝੋਨੇ ਦੇ ਬੈਕਟੀਰੀਅਲ ਝੁਲਸ ਰੋਗ" ਉੱਤੇ ਸਾਂਝੇ ਖੋਜ ਪ੍ਰੋਜੈਕਟ ਬਾਰੇ ਵਿਚਾਰ-ਵਟਾਂਦਰਾ ਕਰਨ ਲਈ 15 ਮਾਰਚ ਤੋਂ 5 ਅਪ੍ਰੈਲ 2017 ਦੌਰਾਨ ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾਨ, ਫਿਲਪਾਈਨਜ਼ ਦਾ ਦੌਰਾ ਕੀਤਾ । (ਖੇਤੀਬਾੜੀ ਕਾਲਜ)
- ਡਾ. ਇੰਦਰਜੀਤ ਯਾਦਵ (ਖੇਤੀ ਬਾਇਓਤਕਨਾਲੋਜੀ ਸਕੂਲ) ਨੇ "ਐਨ ਬੀ-ਐੱਲ ਆਰ ਆਰ ਫੈਮਿਲੀ ਨਾਲ ਸੰਬੰਧਤ ਕੈਂਡੀਡੇਟ ਜੀਨ ਪਛਾਣਨ ਲਈ ਰੈਂਨਸਿਕ ਤਕਨੀਕ" ਉੱਤੇ ਸਿਖਲਾਈ ਹਾਸਲ ਕਰਨ ਲਈ 30 ਅਪ੍ਰੈਲ ਤੋਂ 26 ਜੂਨ 2017 ਦੌਰਾਨ ਜਾਹਨ ਇਨਜ਼ ਸੈਂਟਰ, ਨਾਰਵਿੱਚ ਯੂ.ਕੇ. ਦਾ ਦੌਰਾ ਕੀਤਾ । (ਖੇਤੀਬਾੜੀ ਕਾਲਜ)
- ਡਾ. ਮਨਜੀਤ ਸਿੰਘ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ) ਨੇ "ਅੰਤਰਰਾਸ਼ਟਰੀ ਮੰਡੀ ਲਈ ਖੇਤੀ ਮਸ਼ੀਨਰੀ ਦੀਆਂ ਵਿਸ਼ਵਵਿਆਪੀ ਨੀਤੀਆਂ" ਉੱਤੇ ਅੰਤਰਰਾਸ਼ਟਰੀ ਸਿੰਪੋਜ਼ੀਅਮ ਵਿੱਚ ਸ਼ਾਮਲ ਹੋਣ ਲਈ 1-4 ਨਵੰਬਰ 2016 ਦੌਰਾਨ ਖੇਤੀ ਮਸ਼ੀਨਰੀ ਲਈ ਕੋਰੀਅਨ ਸੰਸਥਾ, ਦੱਖਣੀ ਕੋਰੀਆ ਦਾ ਦੌਰਾ ਕੀਤਾ । (ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ)
- ਡਾ. ਵਿਸ਼ਾਲ ਬੈਕਟਰ (ਸਿਖਲਾਈ ਯੂਨਿਟ) ਨੇ "ਸਿਖਲਾਈ ਅਤੇ ਪਸਾਰ" ਉੱਤੇ ਸੰਖੇਪ ਕੋਰਸ ਵਿੱਚ ਸ਼ਾਮਲ ਹੋਣ ਲਈ 12 ਜੂਨ ਤੋਂ 7 ਜੁਲਾਈ 2017 ਦੌਰਾਨ ਪ੍ਰੈਕਟੀਕਲ ਟ੍ਰੇਨਿੰਗ ਸੈਂਟਰ, ਬਾਰਨਿਵਿਲਡ, ਨੀਦਰਲੈਂਡ ਦਾ ਦੌਰਾ ਕੀਤਾ । ਡਾ. ਬੈਕਟਰ ਨੂੰ ਇਸ ਕੋਰਸ ਵਿੱਚ ਸ਼ਾਮਲ ਹੋਣ ਵਜੋਂ ਵਿਕਾਸ ਅਤੇ ਸਹਿਕਾਰਤਾ ਮੰਤਰਾਲਾ, ਨੀਂਦਰਲੈਂਡ ਵੱਲੋਂ ਨੀਦਰਲੈਂਡ ਫੈਲੋਸ਼ਿਪ ਵੀ ਪ੍ਰਦਾਨ ਕੀਤੀ ਗਈ । (ਖੇਤੀ ਇੰਜਨੀਅਰਿੰਗ ਅਤੇ ਤਕਾਨਲੋਜੀ ਕਾਲਜ)
- ਡਾ. ਨੀਨਾ ਸਿੰਗਲਾ (ਜੂਆਲੋਜੀ) ਨੇ "ਇਟੈਗ੍ਰੇਟਿਵ ਜੂਆਲੋਜੀ ਉੱਤੇ 5ਵੇਂ ਅੰਤਰਰਾਸ਼ਟਰੀ ਸਿੰਪੋਜ਼ੀਅਮ" ਵਿੱਚ ਸ਼ਿਰਕਤ ਕਰਨ ਲਈ 25-29 ਜੁਲਾਈ 2016 ਦੌਰਾਨ ਐਗਜ਼ਿਲਿਨਹੋਤ, ਇਨਰ ਮੰਗੋਲੀਆ, ਚੀਨ ਦਾ ਦੌਰਾ ਕੀਤਾ (ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ)
- ਡਾ. ਕਿਰਨਜੋਤ ਸਿੱਧੂ (ਪਸਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਣ) ਨੇ "ਉੱਦਮੀ ਨਾਰੀਆਂ ਲਈ ਈ-ਬਿਜ਼ਨੈੱਸ ਮਾਡਲਿੰਗ" ਦੀ ਵਰਕਸ਼ਾਪ ਵਿੱਚ ਸ਼ਾਮਲ ਹੋਣ ਲਈ 18-23 ਜੂਨ 2016 ਦੌਰਾਨ ਤੈਪਈ, ਰਿਪਬਲਿਕ ਆਫ਼ ਚੀਨ ਦਾ ਦੌਰਾ ਕੀਤਾ । (ਹੋਮ ਸਾਇੰਸ ਕਾਲਜ)

## ਪੀ ਏ ਯੂ ਵਿਖੇ ਆਯੋਜਿਤ ਕੀਤੇ ਗਏ ਮਹੱਤਵਪੂਰਨ ਪ੍ਰੋਗਰਾਮ

### ਖੇਤੀਬਾੜੀ ਕਾਲਜ

| ਪ੍ਰੋਗਰਾਮ ਅਤੇ ਮਿਤੀ | ਆਯੋਜਨ/ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੀ ਏਜੰਸੀ |
|---|---|
| "ਬਾਇਓਲੋਜੀਕਲ ਕੰਟਰੋਲ ਪ੍ਰੋਗਰਾਮਾਂ ਵਿੱਚ ਵਰਤੋਂ ਲਈ ਟ੍ਰਾਈਕੋਦਰਮਾ ਐਸਪੀਪੀ ਦਾ ਵੱਡੇ ਪੱਧਰ ਤੇ ਉਤਪਾਦਨ" ਉੱਤੇ ਸਿਖਲਾਈ ਕੋਰਸ (12 ਜੁਲਾਈ ਅਤੇ 10-12 ਅਗਸਤ 2016) | ਬਾਇਓਕੰਟਰੋਲ ਸੈਕਸ਼ਨ, ਕੀਟ ਵਿਗਿਆਨ ਵਿਭਾਗ, ਪੀ ਏ ਯੂ |
| "ਮੌਸਮ ਅਨੁਕੂਲ ਫ਼ਸਲਾਂ ਦੀਆਂ ਕਿਸਮਾਂ ਵਿਕਸਿਤ ਕਰਨ ਲਈ ਇੰਨੋਵੇਟਿਵ ਬਰੀਡਿੰਗ ਤਕਨੀਕਾਂ" ਉੱਤੇ ਸਿਖਲਾਈ ਪ੍ਰੋਗਰਾਮ (23 ਅਗਸਤ ਤੋਂ 12 ਸਤੰਬਰ 2016) | ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਵੱਲੋਂ ਸੈਂਟਰ ਫਾਰ ਅਡਵਾਂਸਡ ਫੈਕਲਟੀ ਟ੍ਰੇਨਿੰਗ ਦੀ ਸਰਪ੍ਰਸਤੀ ਹੇਠ |
| "ਲੈਂਟਨਾ ਕੇਮਾਰਾ ਬਾਇਓਮਾਸ ਤੋਂ ਹੱਥੀਂ ਬਣਿਆ ਕਾਗਜ਼ ਤਿਆਰ ਕਰਨਾ" ਉੱਤੇ ਸਿਖਲਾਈ ਕੋਰਸ (17-21 ਅਕਤੂਬਰ 2016)<br>"ਬੁਸ਼ ਕਟਰ, ਰੂਟ ਪੁੱਲਰ, ਟ੍ਰਾਂਸਪੋਰਟਰ, ਚਾਰਕੋਲ ਉਤਪਾਦਨ ਤਕਨੀਕ ਦੀ ਵਰਤੋਂ ਅਤੇ ਨਮੀਂ ਦਾ ਰੱਖ ਰਖਾਅ" ਉੱਤੇ ਸਿਖਲਾਈ ਕੋਰਸ (29 ਨਵੰਬਰ 2016, 31 ਜਨਵਰੀ 2017 ਅਤੇ 3 ਮਾਰਚ 2017) | ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ ਦੇ ਸਹਿਯੋਗ ਨਾਲ ਵਣ ਅਤੇ ਕੁਦਰਤੀ ਸਰੋਤ ਵਿਭਾਗ ਵੱਲੋਂ |
| ਅਨੁਸੂਚਿਤ ਜਾਤੀਆਂ ਲਈ "ਮੁੱਢਲੇ ਮਧੂ ਮੱਖੀ ਪਾਲਣ ਕੋਰਸ" ਪਿੰਡ ਗੋਂਦਵਾਲ (24-28 ਅਕਤੂਬਰ 2016), ਬੜੈਚ (7-11 ਨਵੰਬਰ, 2016) ਮਹੇਰਨਾ (23-27 ਮਈ 2017) ਅਤੇ ਆਂਡਲੂ ਵਿਖੇ (12-16 ਜੂਨ 2016) | ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ ਦੀ ਸਰਪ੍ਰਸਤੀ ਹੇਠ ਕੀਟ ਵਿਗਿਆਨ ਵਿਭਾਗ ਪੀ ਏ ਯੂ ਵੱਲੋਂ |
| "ਭੂਮੀ, ਹਵਾ ਅਤੇ ਪਾਣੀ ਪ੍ਰਦੂਸ਼ਣ ਅਤੇ ਇਸ ਨੂੰ ਘਟਾਉਣ ਦੀਆਂ ਨੀਤੀਆਂ" ਉੱਤੇ ਸਿਖਲਾਈ ਕੋਰਸ (2-22 ਨਵੰਬਰ 2016) | ਸੈਂਟਰ ਆਫ਼ ਐਡਵਾਂਸਡ ਫੈਕਲਟੀ ਟ੍ਰੇਨਿੰਗ ਦੀ ਸਰਪ੍ਰਸਤੀ ਹੇਠ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੇ ਸਹਿਯੋਗ ਨਾਲ ਭੂਮੀ ਵਿਗਿਆਨ ਵਿਭਾਗ ਵੱਲੋਂ |
| "ਮਧੂ ਮੱਖੀ ਪਾਲਣ" ਉੱਤੇ ਅਡਵਾਂਸ ਸਿਖਲਾਈ ਕੋਰਸ (6-9 ਫਰਵਰੀ 2017) | ਕੀਟ ਵਿਗਿਆਨ ਵਿਭਾਗ ਪੀ ਏ ਯੂ ਦੇ ਸਹਿਯੋਗ ਨਾਲ ਪਸਾਰ ਸਿੱਖਿਆ ਡਾਇਰੈਕਟੋਰੇਟ ਵੱਲੋਂ |
| ਟ੍ਰੇਨਰਜ਼ ਦਾ ਸਿਖਲਾਈ ਪ੍ਰੋਗਰਾਮ (6-8 ਮਾਰਚ 2017) | ਭਾਰਤ ਖੇਤੀ ਹੁਨਰ ਪ੍ਰੀਸ਼ਦ ਦੀ ਸਰਪ੍ਰਸਤੀ ਹੇਠ ਕੀਟ ਵਿਗਿਆਨ ਵਿਭਾਗ, ਪੀ ਏ ਯੂ ਵੱਲੋਂ |
| "ਬਾਇਓਇਨਫਰਮੇਟਿਕਜ਼ ਸਰਜਰੀ" (21-24 ਮਾਰਚ, 2017) | ਜਾਹਨ ਇਨਜ਼ ਸੈਂਟਰ, ਯੂ.ਕੇ. ਦੇ ਸਹਿਯੋਗ ਨਾਲ ਪੀ ਏ ਯੂ ਲੁਧਿਆਣਾ ਵੱਲੋਂ |
| "ਪਰਲ ਬਾਜਰਾ-ਸਾਉਣੀ 2017 ਉੱਤੇ ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰੋਜੈਕਟ" ਦੀ ਨੈਸ਼ਨਲ ਗਰੁੱਪ ਮੀਟ (28-29 ਅਪ੍ਰੈਲ 2017) | ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਦੇ ਸਹਿਯੋਗ ਨਾਲ ਪੀ ਏ ਯੂ ਲੁਧਿਆਣਾ ਵੱਲੋਂ |
| ਐੱਚ ਐੱਸ ਟੀ ਸੀ ਲਈ "ਮੁੱਢਲਾ ਮਧੂ ਮੱਖੀ ਪਾਲਣ ਸਿਖਲਾਈ ਕੋਰਸ" 2-4 ਮਈ 2017 | ਨੈਸ਼ਨਲ ਹਾਰਟੀਕਲਚਰ ਮਿਸ਼ਨ ਦੀ ਮਦਦ ਨਾਲ ਕੀਟ ਵਿਗਿਆਨ ਵਿਭਾਗ, ਪੀ ਏ ਯੂ ਵੱਲੋਂ |
| ਗੁਜਰਾਤ ਦੇ ਕਰਮੀਆਂ ਲਈ "ਮਧੂ ਮੱਖੀ ਪਾਲਣ" ਉੱਤੇ ਰਿਫਰੈਸ਼ਰ ਕੋਰਸ (8-12 ਮਈ 2017) | ਕੀਟ ਵਿਗਿਆਨ ਵਿਭਾਗ, ਪੀ ਏ ਯੂ |
| ਬਾਗਬਾਨੀ ਫ਼ਸਲਾਂ ਦੀ ਉਤਪਾਦਕਤਾ ਵਧਾਉਣ ਲਈ ਨਵੀਨ ਤਕਨੀਕੀ ਖੋਜਾਂ" ਉੱਤੇ ਸਮਰ ਸਕੂਲ (7 ਤੋਂ 27 ਜੂਨ, 2017) | ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ |

### ਖੇਤੀ ਇੰਜੀਨਅਰਿੰਗ ਅਤੇ ਤਕਨਾਲੋਜੀ ਕਾਲਜ

| | |
|---|---|
| "ਐਮ ਏ ਟੀ ਐੱਲ ਏ ਬੀ ਸਾਫਟਵੇਅਰ" ਉੱਤੇ ਓਰੀਅਨਟੇਸ਼ਨ ਵਰਕਸ਼ਾਪ (8 ਅਗਸਤ, 2016) | ਇਲੈਕਟ੍ਰੀਕਲ ਇੰਜੀਨਅਰਿੰਗ ਅਤੇ ਇਨਫਰਮੇਸ਼ਨ ਤਕਨਾਲੋਜੀ ਸਕੂਲ, ਪੀ ਏ ਯੂ |
| "ਉਸਾਰੀ ਅਤੇ ਦੇਖਭਾਲ" ਸਿਖਲਾਈ ਕੋਰਸ (8-31 ਅਗਸਤ, 2016) | "ਖੇਤਰੀ ਬਾਇਓਗੈਸ ਵਿਕਾਸ ਅਤੇ ਸਿਖਲਾਈ ਕੇਂਦਰ (ਸੀ ਐੱਸ ਐੱਸ-60)" ਸਕੀਮ ਦੇ ਤਹਿਤ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲਾ, ਨਵੀਂ ਦਿੱਲੀ ਤੋਂ ਵਿੱਤੀ ਸਹਾਇਤਾ ਪ੍ਰਾਪਤ ਅਤੇ ਸਿਵਲ ਇੰਜੀਨਅਰਿੰਗ ਵਿਭਾਗ, ਪੀ ਏ ਯੂ |
| ਸਮਰੱਥ ਕਾਮਿਆਂ/ਸਵੈ ਰੁਜ਼ਗਾਰ ਪ੍ਰਾਪਤ ਕਰਮੀਆਂ ਲਈ ਸਿਖਲਾਈ ਕੋਰਸ (18 ਨਵੰਬਰ ਤੋਂ 7 ਦਸੰਬਰ, 19-28 ਦਸੰਬਰ 2016 ਅਤੇ 8-17 ਮਾਰਚ 2017) | |

| | |
|---|---|
| "ਖੇਤੀਬਾੜੀ ਇੰਜੀਨਅਰਿੰਗ" ਉੱਤੇ ਇਨ ਹਾਊਸ ਸਿਖਲਾਈ ਪ੍ਰੋਗਰਾਮ ਟੀ-I (19-20 ਅਗਸਤ 2016) | ਸਿਖਲਾਈ ਯੂਨਿਟ, ਖੇਤੀ ਇੰਜੀਨਅਰਿੰਗ ਅਤੇ ਤਕਨਾਲੋਜੀ ਕਾਲਜ ਪੀ ਏ ਯੂ |
| "ਖੇਤੀਬਾੜੀ ਇੰਜੀਨਅਰਿੰਗ" ਉੱਤੇ ਇਨ ਹਾਊਸ ਸਿਖਲਾਈ ਪ੍ਰੋਗਰਾਮ ਟੀ 2 (10 ਮਾਰਚ-26 ਮਈ 2017) | |
| "ਵਿਦੇਸ਼ੀ ਸੰਸਥਾਵਾਂ ਵਿੱਚ ਸਿੱਖਿਆ ਦੇ ਮੌਕੇ" ਉੱਤੇ ਵਰਕਸ਼ਾਪ (24 ਅਗਸਤ 2016) | ਸਿਖਲਾਈ ਯੂਨਿਟ ਅਤੇ ਪਲੇਸਮੈਂਟ, ਖੇਤੀ ਇੰਜੀਨਅਰਿੰਗ ਅਤੇ ਤਕਨਾਲੋਜੀ ਕਾਲਜ, ਪੀ ਏ ਯੂ |
| ਸਮਾਰਟ ਸੀਰੀਜ਼ ਅਧੀਨ "ਸਖਸ਼ੀਅਤ ਉਸਾਰੀ" ਉੱਤੇ ਵਰਕਸ਼ਾਪ (16-17 ਨਵੰਬਰ 2016) | |
| "ਆਪਾ ਨਿਖਾਰਨ" ਉੱਤੇ ਸਿਖਲਾਈ ਕੋਰਸ (18 ਜਨਵਰੀ 2017) | |
| "ਕੈਂਪਸ ਤੋਂ ਕਾਰਪੋਰੇਟ" ਉੱਤੇ ਵਰਕਸ਼ਾਪ (21 ਜਨਵਰੀ 2017) | |
| "ਸਵੈ-ਮਾਣ ਅਤੇ ਸਵੈ-ਭਰੋਸਾ ਬਨਾਉਣ" ਉੱਤੇ ਸਿਖਲਾਈ ਕੋਰਸ (25 ਜਨਵਰੀ 2017) | |
| "ਰਹਿਨੁਮਾਈ ਹੁਨਰ" ਉੱਤੇ ਸਿਖਲਾਈ ਕੋਰਸ (8 ਫਰਵਰੀ, 2017) | |
| "ਸ਼ਕਤੀਆਂ ਅਤੇ ਕਮਜ਼ੋਰੀਆਂ ਦਾ ਵਿਸਲੇਸ਼ਣ" ਉੱਤੇ ਸਿਖਲਾਈ ਕੋਰਸ (22 ਫਰਵਰੀ, 2017) | |
| ਕੇਲਾਪਾਜੀ ਕਾਲਜ ਆਫ਼ ਐਗਰੀਕਲਚਰਲ ਇੰਜ: ਐਂਡ ਤਕਨਾਲੋਜੀ, ਕੇਰਲਾ ਐਗਰੀਕਲਚਰਲ ਯੂਨੀਵਰਸਿਟੀ, ਤਵਾਨੂਰ ਦੇ ਵਿਦਿਆਰਥੀਆਂ ਅਤੇ ਫੈਕਲਟੀ ਦਾ ਆਲ ਇੰਡੀਆ ਵਿੱਦਿਅਕ ਟੂਰ ਦੇ ਤਹਿਤ ਪੀ ਏ ਯੂ ਦਾ ਗਰੁੱਪ ਦੌਰਾ (3 ਅਪ੍ਰੈਲ 2017) | |
| "ਸਰੋਤਾਂ ਦਾ ਰੱਖ-ਰਖਾਅ ਅਤੇ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ" ਉੱਤੇ ਅਡਵਾਂਸ ਟ੍ਰੇਨਿੰਗ ਪ੍ਰੋਗਰਾਮ ਦਾ ਵਿੰਟਰ ਸਕੂਲ (4-25 ਅਕਤੂਬਰ 2016) | ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ, ਪੀ ਏ ਯੂ ਅਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ |
| "ਜਲ ਕ੍ਰਾਂਤੀ ਅਭਿਆਨ" ਤਹਿਤ ਸਿਖਲਾਈ ਪ੍ਰੋਗਰਾਮ (21 ਅਕਤੂਬਰ, 2016) | ਭੂਮੀ ਅਤੇ ਪਾਣੀ ਇੰਜੀਨਅਰਿੰਗ ਵਿਭਾਗ, ਪੀ ਏ ਯੂ ਦੇ ਸਹਿਯੋਗ ਨਾਲ ਸੈਂਟਰਲ ਗਰਾਊਂਡ ਵਾਟਰ ਬੋਰਡ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ |
| "ਖੇਤੀ ਪ੍ਰੋਸੈਸਿੰਗ ਅਤੇ ਗੁਣਵਤਾ ਵਧਾਉਣ" ਉੱਤੇ ਸਿਖਲਾਈ ਕੋਰਸ (12-14 ਦਸੰਬਰ, 2016) | ਸਿਖਲਾਈ ਯੂਨਿਟ, ਪ੍ਰੋਸੈਸਿੰਗ ਅਤੇ ਫੂਡ ਇੰਜੀਨਅਰਿੰਗ ਵਿਭਾਗ ਵੱਲੋਂ ਪਸਾਰ ਸਿੱਖਿਆ ਡਾਇਰੈਕਟੋਰੇਟ ਪੀ ਏ ਯੂ ਦੇ ਸਹਿਯੋਗ ਨਾਲ |
| ਖੇਤੀ ਅਧਾਰਿਤ ਉਦਯੋਗ ਸਥਾਪਿਤ ਕਰਨ" ਉੱਤੇ ਸਿਖਲਾਈ ਕੋਰਸ (7-9 ਫਰਵਰੀ, 2017) | |
| "ਖੇਤੀ ਪ੍ਰੋਸੈਸਿੰਗ ਤਕਨੀਕਾਂ" ਉੱਤੇ ਸਿਖਲਾਈ ਕੋਰਸ (20 ਅਪ੍ਰੈਲ, 2017) | |
| ਸੀ ਓ ਏ ਈ ਅਤੇ ਟੀ ਐਲੂਮਨੀ ਮੀਟ-ਮੋਮੈਂਟਜ਼ 2016 (17-18 ਦਸੰਬਰ, 2016) | ਐਲੂਮਨੀ ਐਸੋਸੀਏਸ਼ਨ, ਖੇਤੀ ਇੰਜੀਨਅਰਿੰਗ ਅਤੇ ਤਕਨਾਲੋਜੀ ਕਾਲਜ, ਪੀ ਏ ਯੂ |
| "ਵੱਖੋ-ਵੱਖ ਖੇਤੀ ਕਾਰਜਾਂ ਲਈ ਮਸ਼ੀਨਰੀ ਅਤੇ ਇਸਦੀ ਸੁਰੱਖਿਅਤਾ" ਉੱਤੇ ਸਿਖਲਾਈ ਕੋਰਸ (6 ਜਨਵਰੀ 2017) | ਸਿਖਲਾਈ ਯੂਨਿਟ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨਅਰਿੰਗ ਵਿਭਾਗ ਵੱਲੋਂ ਪਸਾਰ ਸਿੱਖਿਆ ਡਾਇਰੈਕਟੋਰੇਟ, ਪੀਏਯੂ ਦੇ ਸਹਿਯੋਗ ਨਾਲ |
| "ਪੰਪਿੰਗ ਯੂਨਿਟਜ਼ ਅਤੇ ਸਿੰਚਾਈ ਦੀ ਸਮਾਂਬੱਧਤਾ ਦੀ ਚੋਣ ਲਈ ਡਸੀਜ਼ਨ ਸਪੋਰਟਸ ਸਿਸਟਮ" ਉੱਤੇ ਸਿਖਲਾਈ ਪ੍ਰੋਗਰਾਮ (21 ਜਨਵਰੀ, 2017) | ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ |
| "ਕੰਬਾਈਨ ਹਾਰਵੈਸਟਰ ਦੀ ਅਨੁਕੂਲਸ਼ੀਲਤਾ: ਪਰਾਲੀ ਦੀ ਸਾਂਭ-ਸੰਭਾਲ ਕਟਾਈ ਨਾਲ ਸ਼ੁਰੂ ਹੋ ਜਾਂਦੀ ਹੈ" ਉੱਤੇ ਸਿਖਲਾਈ ਕੋਰਸ (25 ਅਪ੍ਰੈਲ, 2017) | ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨਅਰਿੰਗ ਵਿਭਾਗ ਪੀਏਯੂ ਅਤੇ ਡੀ ਈ ਯੂ ਐਲ ਏ-ਨਿਆਨਬਰਗ, ਜਰਮਨੀ |

| | |
|---|---|
| "ਨੈੱਟਸਿਮ ਸਾਫਟਵੇਅਰ ਰਾਹੀਂ ਨੈੱਟਵਰਕਿੰਗ ਸਿਮੂਲੇਸ਼ਨ (ਐਮ ਏ ਐਨ ਈ ਟੀ, ਡਬਲਯੂ ਐੱਸ ਐਨ ਅਤੇ ਆਈ ਓ ਟੀ) ਉੱਤੇ ਫੈਕਲਟੀ ਡਿਵਲੈਪਮੈਂਟ ਪ੍ਰੋਗਰਾਮ (11 ਮਈ, 2017) | ਡੈੱਲਸਾਫਟ ਦੇ ਸਹਿਯੋਗ ਨਾਲ ਇਲੈਕਟ੍ਰੀਕਲ ਇੰਜੀਨਅਰਿੰਗ ਅਤੇ ਇਨਫਰਮੇਸ਼ਨ ਤਕਨਾਲੋਜੀ ਸਕੂਲ, ਪੀ ਏ ਯੂ |
| "ਉਪਤਹਿ ਤੁਪਕਾ ਸਿੰਚਾਈ" ਉੱਤੇ ਸੈਮੀਨਾਰ-ਕਮ-ਗਰੁੱਪ ਵਿਚਾਰ ਵਟਾਂਦਰਾ (15 ਮਈ 2017) | ਭੂਮੀ ਅਤੇ ਪਾਣੀ ਇੰਜੀਨਅਰਿੰਗ ਵਿਭਾਗ, ਪੀ ਏ ਯੂ ਅਤੇ ਬਾਰਲਾਗ ਇੰਸਟੀਚਿਊਟ ਫਾਰ ਸਾਊਥ ਏਸ਼ੀਆ (ਬੀਆਈਐਸਏ) |
| ਡਾ. ਮਾਰਕ ਜਾਹਨਸਨ, ਐਸੋਸੀਏਟ ਪ੍ਰੋਫੈਸਰ, ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਰਿਸਰਚ ਚੇਅਰ, ਸਰੋਤਾਂ, ਵਾਤਾਵਰਨ ਅਤੇ ਲਗਾਤਾਰਤਾ ਲਈ ਸੰਸਥਾਨ, ਵੈਨਕੂਵਰ ਵੱਲੋਂ "ਪਰਿਵਰਤਤ ਹੋ ਰਹੇ ਵਿਸ਼ਵ ਵਿੱਚ ਭੋਜਨ-ਊਰਜਾ-ਪਾਣੀ ਦੇ ਸੰਬੰਧਾਂ ਨਾਲ ਲਗਾਤਾਰਤਾ ਵਧਾਉਣ" ਉੱਤੇ ਭਾਸ਼ਣ (26 ਮਈ, 2017) | ਖੇਤੀ ਇੰਜੀਨੀਅਰਾਂ ਦੀ ਭਾਰਤੀ ਸੰਸਥਾਂ: ਪੰਜਾਬ ਚੈਪਟਰ |

## ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

| | |
|---|---|
| "ਪ੍ਰਜਨਨ ਵਿੱਚ ਵਰਤਮਾਨ ਖੋਜਾਂ" ਉੱਤੇ ਡਾ. ਐੱਸ ਐੱਸ ਗੋਰਾਇਆ ਯਾਦਗਾਰੀ ਸੈਮੀਨਾਰ (12 ਅਕਤੂਬਰ, 2016) | ਜ਼ੁਆਲੋਜੀਕਲ ਸੋਸਾਇਟੀ, ਪੀ ਏ ਯੂ |
| "ਨੀਤੀ ਪਸਾਰ" ਉੱਤੇ ਵਰਕਸ਼ਾਪ (10 ਨਵੰਬਰ, 2016) | ਖੇਤੀ ਅਰਥਚਾਰਾ ਅਤੇ ਨੀਤੀ ਖੋਜ ਲਈ ਰਾਸ਼ਟਰੀ ਕੇਂਦਰ (ਐਨ ਸੀ ਏ ਪੀ) ਨਵੀਂ ਦਿੱਲੀ |
| "ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨਾ : ਮੌਕੇ ਅਤੇ ਚੁਣੌਤੀਆਂ" ਉੱਤੇ ਰਾਸ਼ਟਰੀ ਸੈਮੀਨਾਰ (7 ਅਪ੍ਰੈਲ, 2017) | ਅਰਥ ਸ਼ਾਸਤਰ ਅਤੇ ਵਿਕਾਸ ਦੀ ਸੰਸਥਾ ਪੀ ਏ ਯੂ |

## ਹੋਮ ਸਾਇੰਸ ਕਾਲਜ

| | |
|---|---|
| "ਪ੍ਰਭਾਵੀ ਅਧਿਆਪਣ, ਖੋਜ ਅਤੇ ਪਸਾਰ" ਉੱਤੇ ਓਰੀਅਨਟੇਸ਼ਨ ਕੋਰਸ (30 ਅਕਤੂਬਰ ਤੋਂ 7 ਨਵੰਬਰ 2016) | ਪਸਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ ਵਿਭਾਗ, ਪੀਏਯੂ |
| "ਵੀਡੀਓ ਤਕਨਾਲੋਜੀ" ਉੱਤੇ ਡਾ. ਨਿਸ਼ੀ ਸੇਠੀ, ਨਿਰਦੇਸ਼ਕ, ਸਿਖਲਾਈ, ਸੀ ਸੀ ਐੱਸ, ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ, ਹਰਿਆਣਾ ਦਾ ਭਾਸ਼ਣ (8 ਮਾਰਚ 2017) | |
| "ਨਾਰੀ ਸੁਸ਼ਕਤੀਕਰਨ" ਉੱਤੇ ਡਾ. ਲਾਲੀ ਯਾਦਵ, ਸਾਬਕਾ ਪ੍ਰੋਫੈਸਰ ਅਤੇ ਮੁਖੀ, ਸੀ ਸੀ ਐੱਸ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ, ਹਰਿਆਣਾ ਦਾ ਭਾਸ਼ਣ (9 ਮਾਰਚ, 2017) | |
| "ਸ਼ੱਕਰ ਰੋਗ ਅਤੇ ਕਿਡਨੀ ਪੋਸ਼ਣ" ਉਤੇ ਡਾ. ਨੈਨਸੀ ਸਾਹਨੀ, ਚੀਫ਼ ਡਾਈਟੀਸ਼ੀਅਨ ਪੀ ਜੀ ਆਈ ਐਮ ਆਰ, ਚੰਡੀਗੜ੍ਹ ਦਾ ਭਾਸ਼ਣ (23 ਫ਼ਰਵਰੀ 2017) | ਭੋਜਨ ਅਤੇ ਪੋਸ਼ਣ ਵਿਭਾਗ, ਪੀਏਯੂ |
| ਇੰਨੋਵੇਟਿਵ ਬੇਕਰੀ ਉਤਪਾਦ" ਉੱਤੇ ਵਰਕਸ਼ਾਪ (11-12 ਮਾਰਚ, 2017) | |
| "ਚਮਕਦਾਰ ਬਰਫ਼ ਅਤੇ ਚਾਕਲੇਟ ਬਣਾਉਣ" ਉੱਤੇ ਵਰਕਸ਼ਾਪ (16-17 ਮਾਰਚ, 2017) | |
| "ਪੌਸ਼ਟਿਕਤਾ ਭਰਪੂਰ ਬਿਸਕੁਟ" ਉੱਤੇ ਵਰਕਸ਼ਾਪ (3 ਅਪ੍ਰੈਲ 2017) | |
| "ਪੌਸ਼ਟਿਕਤਾ ਭਰਪੂਰ ਪੁਡਿੰਗਜ਼" ਉੱਤੇ ਵਰਕਸ਼ਾਪ (27 ਅਪ੍ਰੈਲ 2017) | |
| "ਸਮਾਜਿਕ ਅਤੇ ਭਾਵੁਕ ਵਿਕਾਸ ਬਾਰੇ ਮੁੜ ਤੋਂ ਮੰਥਣ" ਉੱਤੇ ਵਰਕਸ਼ਾਪ (11-12 ਅਪ੍ਰੈਲ 2017) | ਮਾਨਵ ਵਿਕਾਸ ਅਤੇ ਪਰਿਵਾਰਕ ਅਧਿਐਨ ਵਿਭਾਗ, ਪੀਏਯੂ |

## ਪੀਏਯੂ ਸਾਇੰਸ ਕਲੱਬ

| | |
|---|---|
| "ਪੀਏਯੂ ਵਿੱਚ ਨਵੇਂ ਦਾਖਲ ਹੋਏ ਪੋਸਟਗ੍ਰੈਜੂਏਟ ਵਿਦਿਆਰਥੀਆਂ ਲਈ ਓਰੀਅਨਟੇਸ਼ਨ ਪ੍ਰੋਗਰਾਮ (7 ਸਤੰਬਰ 2016) | ਪੀਏਯੂ ਸਾਇੰਸ ਕਲੱਬ |

# ਵਿੱਤ

ਪ੍ਰਬੰਧਕੀ ਬੋਰਡ ਨੇ 29 ਮਾਰਚ 2017 ਨੂੰ ਹੋਈ 280ਵੀਂ ਮੀਟਿੰਗ ਦੌਰਾਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਲ 2017-18 ਲਈ 599,13.42 ਲੱਖ ਰੁਪਏ ਦੇ ਬਜਟ ਅਨੁਮਾਨਾਂ ਦੀ ਸਹਿਮਤੀ ਦਿੱਤੀ। ਇਨ੍ਹਾਂ ਸਕੀਮਾਂ, ਖੋਜ, ਅਧਿਆਪਣ, ਪਸਾਰ, ਪ੍ਰਸ਼ਾਸਨਿਕ ਅਤੇ ਫੁਟਕਲ ਕਾਰਜਾਂ ਲਈ ਬਜਟ ਦੀ ਵੰਡ ਇਸ ਪ੍ਰਕਾਰ ਹੈ :

| ਕ੍ਰਮ ਨੰਬਰ | ਸਕੀਮਾਂ | ਸਾਲ 2017-18 ਦੇ ਬਜਟ ਅਨੁਮਾਨ (ਲੱਖ ਰੁਪਏ) | ਸਾਲ 2016-17 ਦੇ ਬਜਟ ਅਨੁਮਾਨ (ਲੱਖ ਰੁਪਏ) | ਸਾਲ 2016-17 | |
|---|---|---|---|---|---|
| | | | | ਹਾਸਲ ਹੋਈ ਅਸਲ ਗਰਾਂਟ (ਲੱਖ ਰੁਪਏ) | ਵੰਡ (%) |
| 1. | **ਰਾਜ ਸਕੀਮਾਂ** | | | | |
| (i) | ਨਾਨ ਪਲਾਨ ਐਗਰੀਕਲਚਰ ਸਕੀਮਾਂ | 244,63.07 | 233,97.75 | 127,44.67 | 30.0 |
| (ii) | ਪਲਾਨ ਐਗਰੀਕਲਚਰ ਸਕੀਮਾਂ | 227,66.63 | 218,47.97 | 184,27.67 | 43.4 |
| 2. | **ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ)** | | | 6,04.76 | 1.4 |
| 3. | **ਆਈ ਸੀ ਏ ਆਰ ਸਕੀਮਾਂ** (ਏ ਆਈ ਸੀ ਆਰ ਪੀ/ਕੇ ਵੀ ਕੇ/ਐਡਹਾਕ ਅਤੇ ਵਿਕਾਸ ਗਰਾਂਟ) | 96,34.09 | 88,58.85 | 73,05.03* | 17.2 |
| 4. | **ਕੇਂਦਰ ਸਰਕਾਰ ਵੱਲੋਂ ਫੰਡਿੰਗ** (ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਕੇਂਦਰ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ, ਬਾਇਓਤਕਨਾਲੋਜੀ ਵਿਭਾਗ, ਵਿਗਿਆਨ ਅਤੇ ਤਕਨਾਲੋਜੀ ਵਿਭਾਗ) | 13,35.54 | 13,98.63 | 17,73.47 | 4.3 |
| 5. | **ਹੋਰ ਸਕੀਮਾਂ** (ਨੈਸ਼ਨਲ ਹਾਰਟੀਕਲਚਰ ਮਿਸ਼ਨ/ਫੁਟਕਲ (ਵਿਦੇਸ਼ੀ ਸਹਿਯੋਗ) ਜਿਵੇਂ ਕਿ ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾਨ, ਫਿਲਪਾਈਨਜ਼, ਸੀ ਆਈ ਐਮ ਐਮ ਵਾਈ ਟੀ, ਮੈਕਸੀਕੋ ਆਦਿ) | 10,66.05 | 11,00.42 | 15,37.00 | 3.7 |
| 6. | **ਸਵੈ-ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ** | 5,17.53 | 4,17.54 | | |
| 7. | **ਰਿਵਾਲਵਿੰਗ ਫੰਡ ਸਕੀਮਾਂ** | 1,30.51 | 39.52 | | |
| | **ਕੁੱਲ** | 599,13.42 | 570,60.68 | 423,92.60 | 100 |

* ਇਸ ਵਿੱਚ 7,16.71 ਲੱਖ ਰੁਪਿਆ ਪੀਏਯੂ ਦਾ ਵਿਕਾਸ ਕਰਨ ਅਤੇ ਇਸ ਨੂੰ ਹੁਲਾਰਾ ਦੇਣ ਲਈ ਅਤੇ 52.00 ਲੱਖ ਰੁਪਿਆ ਲਾਇਬ੍ਰੇਰੀ ਸੇਵਾਵਾਂ ਨੂੰ ਹੋਰ ਵਧੀਆ ਕਰਨ ਲਈ ਸ਼ਾਮਲ ਕੀਤਾ ਗਿਆ ਹੈ।

ਪ੍ਰਬੰਧਕੀ ਬੋਰਡ ਵੱਲੋਂ 28 ਮਾਰਚ 2016 ਨੂੰ ਹੋਈ ਆਪਣੀ 276ਵੀਂ ਮੀਟਿੰਗ ਵਿੱਚ ਸਾਲ 2016-17 ਲਈ 570,60.68 ਲੱਖ ਰੁਪਏ ਦੀ ਰਾਸ਼ੀ ਵਾਲੇ ਪ੍ਰਵਾਨ ਕੀਤੇ ਬਜਟ ਅਨੁਮਾਨਾਂ ਦੇ ਮੁਕਾਬਲਤਨ ਵਿਤੀ ਸਾਲ 2016-17 ਵਿੱਚ ਅਸਲ ਗ੍ਰਾਂਟ 423,92.60 ਲੱਖ ਰੁਪਏ ਹਾਸਲ ਹੋਈ। ਯੂਨੀਵਰਸਿਟੀ ਨੇ 75,39.63 ਲੱਖ ਰੁਪਏ ਟਿਊਸ਼ਨ ਫੀਸ ਅਤੇ ਹੋਰ ਸਰੋਤਾਂ/ਸੇਵਾਵਾਂ ਰਾਹੀਂ ਜੁਟਾਏ।

## ਵੱਖੋ-ਵੱਖ ਗਤੀਵਿਧੀਆਂ ਲਈ ਫੰਡਾਂ ਦੀ ਵੰਡ

| ਬਜਟ ਵੰਡ | ਸਾਲ 2017-18 ਬਜਟ ਅਨੁਮਾਨਾਂ ਦੇ ਮੁਤਾਬਕ | | ਸਾਲ 2016-17 ਅਸਲ ਵਿੱਚ ਹਾਸਲ ਹੋਈ ਗਰਾਂਟ ਦੇ ਮੁਤਾਬਕ | |
|---|---|---|---|---|
| | ਰਾਸ਼ੀ (ਲੱਖ ਰੁਪਏ) | ਵੰਡ (ਪ੍ਰਤੀਸ਼ਤ) | ਰਾਸ਼ੀ (ਲੱਖ ਰੁਪਏ) | ਵੰਡ (ਪ੍ਰਤੀਸ਼ਤ) |
| ਖੋਜ | 323,42.66 | 54.0 | 232,50.84 | 54.8 |
| ਅਧਿਆਪਣ | 137,17.68 | 22.9 | 90,19.36 | 21.3 |
| ਪਸਾਰ | 77,90.23 | 13.0 | 56,36.07 | 13.3 |
| ਆਮ ਪ੍ਰਸ਼ਾਸਨ ਅਤੇ ਹੋਰ | 60,62.85 | 10.1 | 44,86.33 | 10.6 |
| ਕੁੱਲ | 599,13.42 | 100 | 423,92.60 | 100 |

ਸਾਲ 2016-17 ਦੌਰਾਨ ਖੋਜ ਉੱਤੇ 54.8%, ਅਧਿਆਪਣ ਉੱਤੇ 21.3%, ਪਸਾਰ ਉੱਤੇ 13.3% ਅਤੇ ਆਮ ਪ੍ਰਸ਼ਾਸ਼ਨ ਅਤੇ ਹੋਰ ਕਾਰਜਾਂ ਲਈ 10.6% ਦੀ ਅਸਲ ਵੰਡ ਹੋਈ।

## ਮਿਲਖ ਸੰਗਠਨ

ਮਿਲਖ ਸੰਗਠਨ ਵੱਲੋਂ ਯੂਨੀਵਰਸਿਟੀ ਦੀਆਂ ਇਮਾਰਤਾਂ ਦੀ ਉਸਾਰੀ ਅਤੇ ਦੇਖਭਾਲ ਕੀਤੀ ਜਾਂਦੀ ਹੈ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਇੰਜਨੀਅਰਿੰਗ ਯੂਨਿਟ ਵੱਲੋਂ 16 ਪ੍ਰੋਜੈਕਟ ਸੰਪੰਨ ਕੀਤੇ ਗਏ (ਅਨੁਲੱਗ-1)

## ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰੋਗਰਾਮਾਂ ਵਿੱਚ ਫੈਕਲਟੀ ਦੀ ਸ਼ਮੂਲੀਅਤ

ਯੂਨੀਵਰਸਿਟੀ ਦੀ ਫੈਕਲਟੀ ਨੇ ਵੱਖੋ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ, ਕਾਨਫਰੰਸਾਂ, ਸਿੰਪੋਜ਼ੀਆ, ਵਰਕਸ਼ਾਪਾਂ ਆਦਿ ਵਿੱਚ ਸ਼ਮੂਲੀਅਤ ਕੀਤੀ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

## ਅੰਤਰਰਾਸ਼ਟਰੀ ਪੱਧਰ ਤੇ ਸ਼ਮੂਲੀਅਤ

| ਨਾਮ | ਪ੍ਰੋਗਰਾਮ ਅਤੇ ਆਯੋਜਨ ਕਰਨ ਵਾਲੀ ਏਜੰਸੀ | ਮਿਤੀ ਅਤੇ ਸਥਾਨ |
|---|---|---|
| ਡਾ. ਜੀ. ਐਸ. ਮਾਂਗਟ ਅਤੇ ਡਾ. ਜਗਜੀਤ ਸਿੰਘ ਲੋਰੇ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) | ਓ ਐਮ ਆਈ ਸੀ ਐਸ, ਅੰਤਰਰਾਸ਼ਟਰੀ ਕਾਨਫਰੰਸ ਸੀਰੀਜ਼ ਵੱਲੋਂ "ਪਲਾਂਟ ਜੀਨੋਮਿਕਸ" ਤੇ ਆਯੋਜਿਤ ਚੌਥੀ ਅੰਤਰਰਾਸ਼ਟਰੀ ਕਾਨਫਰੰਸ | 14-15 ਜੁਲਾਈ 2016, ਬ੍ਰਿਸਬੇਨ ਆਸਟਰੇਲੀਆ |
| ਡਾ. ਏ ਕਾਲੀਆ (ਭੂਮੀ ਵਿਗਿਆਨ) | "ਭੋਜਨ ਤਕਨਾਲੋਜਿਸਟਸ ਸੰਸਥਾ ਦੀ ਅੰਤਰਰਾਸ਼ਟਰੀ ਕਾਨਫਰੰਸ (ਆਈ ਐਫ ਟੀ-2016)" | 16-19 ਜੁਲਾਈ, 2016 ਸ਼ਿਕਾਗੋ, ਯੂ ਐੱਸ ਏ |
| ਡਾ. ਸੀ ਐਸ ਔਲਖ (ਐਗਰੋਨੋਮੀ) | ਭਾਰਤ-ਮਾਰੀਸ਼ੀਅਸ਼ ਵਪਾਰ ਅਤੇ ਸਭਿਆਚਾਰ ਦੋਸਤਾਨਾ ਫੋਰਮ ਵੱਲੋਂ ਆਯੋਜਿਤ "ਭਾਰਤ-ਮਾਰੀਸ਼ੀਅਸ਼ ਵਿਸ਼ਵ ਸਾਂਝੇਦਾਰੀ ਕਾਨਫਰੰਸ" | 24-27 ਜੁਲਾਈ, 2016 ਬਾਲਾਕਲਾਵਾ, ਮਾਰੀਸ਼ੀਅਸ਼ |
| ਡਾ. ਵਿਕਾਸ ਜਿੰਦਲ (ਕੀਟ ਵਿਗਿਆਨ) | ਅਮਰੀਕਾ ਦੀ ਕੀਟ ਵਿਗਿਆਨਕ ਸੰਸਥਾ ਵੱਲੋਂ ਆਯੋਜਿਤ "ਕੀਟ ਵਿਗਿਆਨ ਦੀ 25ਵੀਂ ਅੰਤਰਰਾਸ਼ਟਰੀ ਕਾਂਗਰਸ | 25-30 ਸਤੰਬਰ, 2016 ਓਰਲੈਂਡੋ, ਯੂ ਐੱਸ ਏ |
| | ਵਿਸ਼ਵ ਸਿਹਤ ਲਈ ਈ ਸੀ ਕੇ ਸੰਸਥਾ ਵੱਲੋਂ "10ਵਾਂ ਆਰਥਰੋਪੋਡ, ਜੀਨੋਮਿਕਸ ਸਿੰਪੋਜ਼ੀਅਮ" | 8-11 ਜੂਨ, 2017 ਯੂਨੀਵਰਸਿਟੀ ਆਫ਼ ਨੋਤਰ ਦਾਮ, ਯੂ ਐੱਸ ਏ |
| ਡਾ. ਜਗਜੀਤ ਸਿੰਘ ਲੋਰੇ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) | "ਜੀਨੋਮਿਕਸ ਅਤੇ ਮੋਲੀਕਿਊਲਰ ਡਾਇਆਗਨੋਸਟਿਕਸ" ਉਤੇ ਸਿਖਲਾਈ ਅਤੇ ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾਨ (ਆਈ ਆਰ ਆਰ ਆਈ) ਫਿਲਪਾਈਨਜ਼ ਵੱਲੋਂ "ਝੋਨੇ ਦੇ ਬੈਕਟੀਰੀਅਲ ਝੁਲਸ ਰੋਗ" ਉਤੇ ਆਯੋਜਿਤ 5ਵੀਂ ਅੰਤਰਰਾਸ਼ਟਰੀ ਕਾਨਫਰੰਸ | 14-20 ਅਕਤੂਬਰ, 2016 ਆਈ ਆਰ ਆਰ ਆਈ, ਫਿਲਪਾਈਨਜ਼ |

| | | |
|---|---|---|
| ਡਾ. ਰੂਮਾ ਦੇਵੀ (ਸਬਜ਼ੀ ਵਿਗਿਆਨ) | ਬਾਂਡ ਲਾਈਫ ਸਾਇੰਸ ਸੈਂਟਰ, ਯੂਨੀਵਰਸਿਟੀ ਆਫ਼ ਮਾਈਜ਼ੁਰੀ, ਕੋਲੰਬੀਆ ਯੂ ਐਸ ਏ ਵੱਲੋਂ "ਸਿਹਤ, ਰੱਖ ਰਖਾਅ ਅਤੇ ਰਹਿਣ-ਸਹਿਣ ਨੂੰ ਹੋਰ ਅੱਗੇ ਲਿਜਾਣਾ : ਵਣ-ਖੇਤੀ ਵਿੱਚ ਦਵਾਈਆਂ ਵਾਲੇ ਪੌਦੇ" ਉੱਤੇ ਆਯੋਜਿਤ 8ਵਾਂ ਸਲਾਨਾ ਵਣ-ਖੇਤੀ ਸਿੰਪੋਜ਼ੀਅਮ | 26 ਜਨਵਰੀ, 2017 ਯੂਨੀਵਰਸਿਟੀ ਆਫ਼ ਮਾਈਜ਼ੁਰੀ, ਕੋਲੰਬੀਆ, ਯੂ ਐਸ ਏ |
| | ਬਾਂਡ ਲਾਈਫ ਸਾਇੰਸ ਸੈਂਟਰ, ਯੂਨੀਵਰਸਿਟੀ ਆਫ਼ ਮਾਈਜ਼ੁਰੀ, ਕੋਲੰਬੀਆ, ਯੂ ਐਸ ਏ ਵੱਲੋਂ ਆਯੋਜਿਤ "ਪਹਿਲਾ ਸਾਲਾਨਾ ਐਮ ਯੂ ਡੂਪੋਂਟ ਪਾਇਓਨੀਅਰ ਪਲਾਂਟ ਸਾਇੰਸ ਸਿੰਪੋਜ਼ੀਅਮ | 2 ਫ਼ਰਵਰੀ, 2017 ਯੂਨੀਵਰਸਿਟੀ ਆਫ਼ ਮਾਈਜ਼ੁਰੀ, ਕੋਲੰਬੀਆ, ਯੂ ਐਸ ਏ |
| | ਯੂਨੀਵਰਸਿਟੀ ਆਫ਼ ਮਾਈਜ਼ੁਰੀ, ਕੋਲੰਬੀਆ, ਯੂ ਐਸ ਏ ਵੱਲੋਂ "ਰੂਟ ਬਾਇਓਲਾਜੀ" ਉੱਤੇ ਆਯੋਜਿਤ 34ਵਾਂ ਸਲਾਨਾ ਅੰਤਰਅਨੁਸ਼ਾਸਨੀ ਪਲਾਂਟ ਗਰੁੱਪ ਸਿੰਪੋਜ਼ੀਅਮ | 7-9 ਜੂਨ, 2017 ਯੂਨੀਵਰਸਿਟੀ ਆਫ਼ ਮਾਈਜ਼ੁਰੀ, ਕੋਲੰਬੀਆ, ਯੂ ਐਸ ਏ |
| | ਟਾਇਸਨ ਰਿਸਰਚ ਸੈਂਟਰ, ਵਾਸ਼ਿੰਗਟਨ ਯੂਨੀਵਰਸਿਟੀ, ਸੇਂਟ ਲੁਇਸ, ਮਾਈਜ਼ੁਰੀ, ਯੂ ਐਸ ਏ ਵੱਲੋਂ ਆਯੋਜਿਤ ਲੋਕਲ ਆਕਸਿਨ ਮੀਟਿੰਗ | 12 ਜੂਨ, 2017 ਵਾਸ਼ਿੰਗਟਨ ਯੂਨੀਵਰਸਿਟੀ, ਸੇਂਟ ਲੁਇਸ, ,ਮਾਈਜ਼ੁਰੀ, ਯੂ ਐਸ ਏ |
| ਡਾ. ਬੇਅੰਤ ਸਿੰਘ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) | ਯੂਨੀਵਰਸਿਟੀ ਆਫ਼ ਬਰਿਸਟਲ, ਯੂ ਕੇ ਵੱਲੋਂ ਮੋਨੋਗ੍ਰਾਮ | 4-6 ਅਪ੍ਰੈਲ 2017 ਯੂਨੀਵਰਸਿਟੀ ਆਫ਼ ਬਰਿਸਟਲ, ਯੂ ਕੇ |

## ਰਾਸ਼ਟਰੀ ਪੱਧਰ ਤੇ ਸ਼ਮੂਲੀਅਤ

| ਕਾਲਜ ਦਾ ਨਾਮ | ਸ਼ਮੂਲੀਅਤ ਕਰਨ ਵਾਲੇ ਫੈਕਲਟੀ ਮੈਂਬਰਾਂ ਦੀ ਗਿਣਤੀ |
|---|---|
| ਖੇਤੀਬਾੜੀ ਕਾਲਜ | 150 |
| ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ | 40 |
| ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | 45 |
| ਹੋਮ ਸਾਇੰਸ ਕਾਲਜ | 24 |

## ਖਰੀਦੇ ਗਏ ਨਵੇਂ ਉਪਕਰਨ (2.0 ਲੱਖ ਰੁਪਏ ਤੋਂ ਉੱਪਰ)

### ਖੇਤੀਬਾੜੀ ਕਾਲਜ

| ਉਪਕਰਨ/ਸਾਜ਼ੋ-ਸਮਾਨ | ਲਾਗਤ (ਲੱਖ ਰੁਪਏ) | ਵਰਤੋਂ ਯੋਗਤਾ |
|---|---|---|
| ਡੀਪ ਫਰੀਜ਼ਰ | 2.10 | ਖੋਜ ਲਈ |
| ਰੈਫਰੀਜੀਰੇਟਰ ਸੈਂਟਰੀਫਿਊਗ | 2.40 | |
| ਥਰਮਲ ਸਾਈਕਲਰ | 11.50 | |
| ਤਿੰਨ ਪੀ ਸੀ ਆਰ ਮਸ਼ੀਨਾਂ | 9.45 | |
| ਥਰਮੋਸਾਈਕਲਰ | 4.85 | ਮਧੂ ਮੱਖੀ ਦੇ ਰੋਗਾਂ ਦੇ ਮੋਲੀਕਿਊਲਰ ਇਲਾਜ ਵਿੱਚ ਵਰਤੋਂ ਲਈ |
| ਡਿਜ਼ੀਟਲ ਮਧੂ ਮੱਖੀ ਕਾਊਂਟਰ | 25.00 | ਕਲੋਨੀ ਦੇ ਪ੍ਰਵੇਸ਼ ਦੁਆਰ ਤੇ ਮਧੂ ਮੱਖੀ ਫਾਰੇਜ਼ਰ ਦੀਆਂ ਗਤੀਵਿਧੀਆਂ ਰਿਕਾਰਡ ਕਰਨ ਲਈ |

| | | |
|---|---|---|
| ਅਲੀਸਾ/ਲਿਊਮਿਨਸਿੰਸ/ਫਲੋਰੇਸੈਂਸ ਰੀਡਰ | 14.90 | ਐਨਜ਼ਾਈਮ, ਕੈਲਸ਼ੀਅਮ ਆਦਿ ਲਈ |
| ਟਿਸ਼ੂ ਹੋਮੋਜੈਨੀਸਰ | 4.25 | ਡੀ ਐਨ ਏ/ਆਰ ਐਨ ਏ/ਪ੍ਰੋਟੀਨ ਕੱਢਣ ਲਈ ਟਿਸ਼ੂ ਹੋਮੋਜੀਨਾਇਜ਼ਿੰਗ ਲਈ |
| ਬਰਫ਼ ਬਣਾਉਣ ਵਾਲੀ ਮਸ਼ੀਨ | 2.00 | ਖੋਜ ਲਈ |
| ਇਲੈਕਟ੍ਰੋਫੋਰੇਸਿਸ ਸਿਸਟਮ ਪਾਵਰ | 3.27 | |
| ਆਟੋ ਕਲੇਵ | 2.97 | |
| ਰੀਅਲ ਟਾਈਮ ਪੀ ਸੀ ਆਰ ਮਸ਼ੀਨ | 9.25 | |
| ਕੈਨੋਪੀ ਐਨਾਲਾਈਜ਼ਰ | 6.00 | |
| ਕਲੋਰੋਫਿਲ ਮੀਟਰ | 2.50 | |
| ਜੀਨੋ ਗਰਾਂਇੰਡਰ | 15.00 | |
| ਕਟਕ ਪੀਏਯੂ ਵਿੱਚ ਗਰੀਨ ਹਾਊਸ | 14.00 | |
| ਸਵੈਚਾਲਿਤ ਰੈਪਿਡ ਫਾਈਬਰ ਐਨੇਲੇਸਿਸ ਸਿਸਟਮ (ਐੱਸ ਐਫ ਐੱਸ ਸਕੀਮ 01 (ਬੀ ਵਿੱਚੋਂ) | 2.00 | ਭੋਜਨ ਦੇ ਰੇਸ਼ਿਆਂ ਦਾ ਅਸਾਨੀ ਅਤੇ ਤੇਜੀ ਨਾਲ ਵਿਸ਼ਲੇਸ਼ਣ ਕਰਨ ਲਈ |
| ਚਾਰ ਸਵੈਚਾਲਿਤ ਮੌਸਮ ਸਟੇਸ਼ਨ | 20.00 | ਕਿਸੇ ਵਿਸ਼ੇਸ਼ ਸਥਾਨ ਦੇ ਮੌਸਮ ਦਾ ਡਾਟਾ ਰਿਕਾਰਡ ਕਰਨ ਲਈ |
| ਪੀ ਐਚ/ਈ ਸੀ/ਓ ਆਰ ਪੀ ਮੀਟਰ | 2.15 | ਪੀ ਐਚ, ਈ ਸੀ ਅਤੇ ਓ ਆਰ ਪੀ ਦੀ ਮਾਤਰਾ ਜਾਣਨ ਲਈ ਪੋਰਟੇਬਲ ਅਤੇ ਮਲਟੀ-ਪੈਰਾਮੀਟਰਜ਼ |
| ਗੈਸ ਕ੍ਰੋਮੈਟੋਗ੍ਰਾਫ਼ | 3.76 | ਗਰੀਨ ਹਾਊਸ ਗੈਸਾਂ ਦੇ ਵਿਸ਼ਲੇਸ਼ਣ ਲਈ |
| **ਕੁੱਲ ਜੋੜ** | 157.35 | |

## ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ

| | | |
|---|---|---|
| ਸੁਰੱਖਿਅਤ ਟਰਾਲੀ | 3.42 | ਸਿਖਲਾਈ/ਪ੍ਰਦਰਸ਼ਨੀ ਲਈ |
| ਟਰਾਲੀਨੁਮਾ ਟਰੇਅ ਡਰਾਇਰ | 2.95 | ਖੇਤੀਬਾੜੀ ਉੱਤੇ ਕੰਸੋਰਸ਼ੀਆ ਖੋਜ ਪ੍ਰੋਜੈਕਟ ਦੇ ਤਹਿਤ ਵਿਕਸਿਤ ਕੀਤਾ ਖੇਤੀ-ਪ੍ਰੋਸੈਸਿੰਗ ਕੰਪਲੈਕਸ |
| ਤੇਲ ਬਾਹਰ ਕੱਢਣ ਵਾਲਾ ਪਲਾਂਟ | 2.70 | |
| ਹਲਦੀ ਦੀ ਪ੍ਰੋਸੈਸਿੰਗ ਕਰਨ ਵਾਲਾ ਬੁਆਇਲਰ | 3.70 | |
| ਹਲਦੀ ਦੀ ਪ੍ਰੋਸੈਸਿੰਗ/ਗਰੇਡਿੰਗ ਕਰਨ ਵਾਲਾ ਯੂਨਿਟ | 2.90 | |
| ਪੈਕਟਿਨ ਨਿਕਾਸੀ ਪਲਾਂਟ | 4.95 | ਕਟਾਈ ਉਪਰੰਤ ਇੰਜਨੀਅਰਿੰਗ ਅਤੇ ਤਕਨਾਲੋਜੀ ਉਤੇ ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰੋਜੈਕਟ ਦੇ ਤਹਿਤ ਵਿਕਸਿਤ |
| ਸਵੈਚਾਲਿਤ ਜੈਲਧਿਲ ਅਪਰੇਟਸ | 4.90 | |
| ਫਲਿਊ ਗੈਸ ਐਨਾਲਾਈਜ਼ਰ | 4.65 | ਝੋਨੇ ਦੀ ਪਰਾਲੀ ਦੇ ਬੇਲ ਕੰਬਸਟਰ ਜਾਂ ਕਿਸੇ ਹੋਰ ਫਰਨੇਸ/ਇੰਜਣ ਦੀ ਫਲਿਊਗੈਸ ਵਿੱਚ ਹੋਰ ਵੱਖ-ਵੱਖ ਗੈਸਾਂ ਦੀ ਮਿਕਦਾਰ ਮਾਪਣ ਲਈ |
| ਸੋਲਰ ਥਰਮਲ ਟ੍ਰੇਨਿੰਗ ਸਿਸਟਮ | 3.30 | ਅੰਡਰਗ੍ਰੈਜੂਏਟ ਪ੍ਰੈਕਟੀਕਲ ਕਰਵਾਉਣ ਲਈ |
| **ਕੁੱਲ ਜੋੜ** | 33.47 | |

## ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

| | | |
|---|---|---|
| ਹਾਈਪ੍ਰੋਪਾਲਮ ਪੋਰਟੇਬਲ ਐਨਾਲਾਈਜ਼ਰ ਐਚ ਪੀ-23-ਏ ਡਬਲਯੂ-ਏ | 2.45 | ਐਮ ਐੱਸ ਸੀ/ਪੀ ਐੱਚ ਡੀ ਵਿਦਿਆਰਥੀਆਂ ਦੇ ਖੋਜ ਕਾਰਜਾਂ ਲਈ |
| ਰੈਫਰੀਜੀਰੇਟਿਡ ਸੈਂਟਰੀਫਿਊਗ | 2.86 | |
| **ਕੁੱਲ ਜੋੜ** | 5.31 | |

## ਹੋਮ ਸਾਇੰਸ ਕਾਲਜ

| | | |
|---|---|---|
| ਲਾਈਪੋਲਾਈਜ਼ਰ | 3.47 | ਭੋਜਨ ਅਤੇ ਪੋਸ਼ਣ ਵਿਭਾਗ ਵੱਲੋਂ ਵਿਸ਼ਲੇਸ਼ਣ ਲਈ |
| **ਕੁੱਲ ਜੋੜ** | 3.47 | |

## ਨਵੀਆਂ ਲੈਬਾਰਟਰੀਆਂ ਅਤੇ ਸਥਾਪਿਤ ਕੀਤਾ/ਨਵਿਆਈਆਂ ਬੁਨਿਆਦੀ ਸਹੂਲਤਾਂ

- ਫੂਡ ਇੰਸਟਰੀ ਬਿਜ਼ਨੈੱਸ ਇਨਕੂਬੇਸ਼ਨ ਕੇਂਦਰ ਵਿੱਚ ਦੋ ਭੋਜਨ ਪਰਖ ਲੈਬਾਰਟਰੀਆਂ ਸਥਾਪਿਤ ਕੀਤੀਆਂ ਗਈਆਂ ।
- ਖੇਤੀਬਾੜੀ ਕਾਲਜ ਵੱਲੋਂ ਤਿੰਨ ਨਵੀਆਂ ਲੈਬਾਰਟਰੀਆਂ ਜਿਨ੍ਹਾਂ ਵਿੱਚ ਮਧੂ ਮੱਖੀ ਰੋਗ ਡਾਇਆਗਨੋਸਟਿਕ ਲੈਬਾਰਟਰੀ, ਰਾਣੀ ਮੱਖੀ ਪਾਲਣ ਲੈਬਾਰਟਰੀ ਅਤੇ ਮਧੂ ਮੱਖੀ ਪਾਲਣ ਲੈਬਾਰਟਰੀ ਸ਼ਾਮਲ ਹਨ, ਸਥਾਪਿਤ ਕੀਤੀਆਂ ਗਈਆਂ ।
- ਮਕੈਨੀਕਲ ਇੰਜਨੀਅਰਿੰਗ ਵਿਭਾਗ ਵੱਲੋਂ ਕੰਪਿਊਟਰ ਏਡਿਡ ਡਿਜ਼ਾਈਨ (ਸੀਏਡੀ) ਲੈਬਾਰਟਰੀ ਵਿੱਚ ਸਾਲਿਡ ਵਰਕਜ਼ ਸਾਫ਼ਟਵੇਅਰ ਨੂੰ 2016-17 ਦੇ ਵਰਜ਼ਨ ਵਿੱਚ ਨਵਿਆਇਆ ਗਿਆ ।
- ਵਿਦਿਆਰਥੀਆਂ ਵੱਲੋਂ ਸਮੈਸਟਰ ਦੀ ਰਜਿਸਟ੍ਰੇਸ਼ਨ ਫੀਸ ਆਨ ਲਾਈਨ ਜਮਾਂ ਕਰਵਾਉਣ ਲਈ ਫੀਸ ਕੁਲੈਕਸ਼ਨ ਪੋਰਟਲ ਸ਼ੁਰੂ ਕੀਤਾ ਗਿਆ ।

# ਐੱਮ.ਐੱਸ. ਰੰਧਾਵਾ ਲਾਇਬਰੇਰੀ

ਮਹਿੰਦਰ ਸਿੰਘ ਰੰਧਾਵਾ ਲਾਇਬ੍ਰੇਰੀ ਡਿਜ਼ੀਟਲ ਤਕਨਾਲੋਜੀਆਂ ਨਾਲ ਨੇੜਲਾ ਰਾਬਤਾ ਕਾਇਮ ਕਰਦੀ ਹੋਈ ਪੀਏਯੂ ਦੇ ਅਕਾਦਮਿਕਤਾ ਨਾਲ ਜੁੜੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਦੀਆਂ ਗਿਆਨ/ ਜਾਣਕਾਰੀ ਸੰਬੰਧੀ ਲੋੜਾਂ ਦੀ ਪੂਰਤੀ ਕਰਦੀ ਹੈ । ਯੂਨੀਵਰਸਿਟੀ ਦੀਆਂ ਖੋਜ, ਅਧਿਆਪਨ ਅਤੇ ਪਸਾਰ ਗਤੀਵਿਧੀਆਂ ਨੂੰ ਹੁਲਾਰਾ ਦੇਣ ਵਿੱਚ ਇਹ ਵੱਡੀ ਭੂਮਿਕਾ ਨਿਭਾਉਂਦੀ ਹੈ । ਪੜ੍ਹਨਯੋਗ ਸਮੱਗਰੀ ਤੱਕ ਛੇਤੀ, ਅਸਾਨੀ ਨਾਲ ਅਤੇ ਕੁਸ਼ਲਤਾਪੂਰਵਕ ਪਹੁੰਚ ਬਣਾਉਣ ਲਈ ਲਾਇਬ੍ਰੇਰੀ ਵੱਲੋਂ ਸਵੈ-ਚਾਲਤ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬ੍ਰੇਰੀ ਨੇ ਕੁਸ਼ਲਤਾ ਪੂਰਵਕ ਕਾਰਜ ਕਰਦਿਆਂ ਹੋਇਆਂ ਵਿਕਾਸ ਵੱਲ ਬੜੀ ਤੇਜ਼ੀ ਨਾਲ ਪੁਲਾਂਘਾ ਪੁੱਟੀਆਂ ।

## ਮੈਂਬਰਸ਼ਿਪ

ਲਾਇਬ੍ਰੇਰੀ ਵਿੱਚ 3,749 ਮੈਂਬਰਾਂ ਨੇ ਰਜਿਸਟ੍ਰੇਸ਼ਨ ਕਰਵਾਈ, ਜਿਸ ਵਿੱਚ ਪੀਏਯੂ ਦੇ ਸਟਾਫ਼ ਮੈਂਬਰ ਅਤੇ ਵਿਦਿਆਰਥੀ ਵੀ ਸ਼ਾਮਲ ਹਨ । ਇਸ ਤੋਂ ਇਲਾਵਾ ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬ੍ਰੇਰੀ ਦੇ ਮੈਂਬਰਾਂ ਨੂੰ 14,319 ਕਿਤਾਬਾਂ ਪੜ੍ਹਨ ਲਈ ਜਾਰੀ ਕੀਤੀਆਂ ਗਈਆਂ ।

## ਖਰੀਦ/ਇਕੱਤਰ ਕੀਤੇ ਅਤੇ ਚੰਦਾ ਜਮਾਂ ਕਰਵਾਏ ਦਸਤਾਵੇਜ਼

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬ੍ਰੇਰੀ ਵੱਲੋਂ 2778 ਕਿਤਾਬਾਂ, 334 ਥੀਸਿਜ਼ ਅਤੇ 376 ਸੀਡੀ'ਜ਼ ਲਿਆਂਦੀਆਂ ਗਈਆਂ । ਮੌਜੂਦਾ ਸਮੇਂ ਲਾਇਬ੍ਰੇਰੀ 58 ਪ੍ਰਿੰਟ ਜਰਨਲਜ਼ (ਰਾਸ਼ਟਰੀ ਅਤੇ ਅੰਤਰਰਾਸ਼ਟਰੀ), 12 ਆਨ ਲਾਈਨ ਜਰਨਲਜ਼, 11 ਆਨ ਲਾਈਨ ਡੈਟਾਬੇਸਿਜ਼ ਦੇ ਨਾਲ-ਨਾਲ 137 ਈ-ਕਿਤਾਬਾਂ ਲਈ ਚੰਦਾ ਜਮਾਂ ਕਰਵਾ ਰਹੀ ਹੈ । ਇਸ ਤਰ੍ਹਾਂ 30 ਜੂਨ 2017 ਤੱਕ ਲਾਇਬ੍ਰੇਰੀ ਕੋਲ ਕੁੱਲ 4,01,464 ਦਸਤਾਵੇਜ਼ ਹਨ ।

## ਡਿਜ਼ੀਟਾਈਜ਼ੇਸ਼ਨ

ਲਾਇਬ੍ਰੇਰੀ ਨੇ 7056 ਥੀਸਿਜ਼ ਦਸਤਾਵੇਜ਼ ਡਿਜ਼ੀਟਾਈਜ਼ਡ ਕਰਵਾਏ ਹਨ, ਜਿਨ੍ਹਾਂ ਨੂੰ ਪੀਏਯੂ ਦੇ ਥੀਸਿਜ਼ ਡੈਟਾਬੇਸ ਵਿੱਚ ਅਪਲੋਡ ਕੀਤਾ ਗਿਆ ਹੈ ਅਤੇ ਲਾਇਬ੍ਰੇਰੀ ਦੇ ਵੈੱਬ ਪੰਨੇ ਤੋਂ ਇਨ੍ਹਾਂ ਤੱਕ ਪਹੁੰਚ ਬਣਾਈ ਜਾ ਸਕਦੀ ਹੈ ।

## ਆਨ ਲਾਈਨ ਸੇਵਾਵਾਂ

ਲਾਇਬ੍ਰੇਰੀ ਵੱਖੋ-ਵੱਖ ਆਨ ਲਾਈਨ ਡੈਟਾਬੇਸਿਸ ਜਿਵੇਂ ਕਿ ਜਰਨਲ ਆਰਟੀਕਲਾਂ ਲਈ ਖੇਤੀਬਾੜੀ ਵਿੱਚ ਈ-ਸਰੋਤਾਂ ਲਈ ਕਸੋਰਸ਼ੀਅਮ, ਕ੍ਰਿਸ਼ੀਕੋਸ਼, ਕ੍ਰਿਸੀਪ੍ਰਭਾ ਅਤੇ ਪੀਏਯੂ ਵਿੱਚ ਜਮ੍ਹਾਂ ਕਰਵਾਏ ਅਤੇ ਹੋਰ ਰਾਜਾਂ ਦੀਆਂ ਖੇਤੀ ਯੂਨੀਵਰਸਿਟੀਆਂ ਅਤੇ ਆਈ ਸੀ ਏ ਆਰ ਸੰਸਥਾਨਾਂ ਵਿੱਚ ਜਮ੍ਹਾਂ ਥੀਸਿਸ, ਮਾਈ ਲਾਇਬ੍ਰੇਰੀ, ਸੀ ਆਰ ਸੀ ਨੈੱਟ ਬੇਸ, ਈ ਬੀ ਐਸ ਸੀ ਓ ਨੈੱਟ ਲਾਇਬ੍ਰੇਰੀ ਰਾਹੀਂ ਖੋਜਮਈ ਸਮੱਗਰੀ ਮੁਹੱਈਆ ਕਰਦੀ ਹੈ, ਕੋਗਨਪੇਜ ਅਤੇ ਪੀਅਰਸਨ ਥਿੰਕਟੈਂਕ ਲਾਇਬ੍ਰੇਰੀ ਈ-ਕਿਤਾਬਾਂ ਮੁਹੱਈਆ ਕਰਦੇ ਹਨ ਜਦੋਂ ਕਿ ਆਈ ਐੱਸ ਓ ਮਿਆਰ ਭੋਜਨ ਉਤਪਾਦਨਾਂ ਉੱਤੇ ਵੱਖੋ-ਵੱਖ ਮਿਆਰ ਮੁਹਈਆ ਕਰਦੇ ਹਨ, ਇੰਡੀਆਸਟੇਟ ਡਾਟ ਕਾਮ ਨੂੰ ਖੇਤੀਬਾੜੀ ਅਤੇ ਸੰਬੰਧਤ ਖੇਤਰਾਂ ਉੱਤੇ ਅੰਕੜਾਗਤ ਜਾਣਕਾਰੀ ਹਾਸਲ ਕਰਨ ਲਈ ਵਰਤਿਆ ਜਾਂਦਾ ਹੈ ।

## ਖਰੀਦ ਕੀਤੇ ਨਵੇਂ ਸਾਫ਼ਟਵੇਅਰ

ਖੋਜ ਦੀ ਗੁਣਵਤਾ ਉੱਤੇ ਨਿਯੰਤ੍ਰਣ ਰੱਖਣ ਲਈ 4,25,332/- ਰੁਪਏ ਦੀ ਲਾਗਤ ਨਾਲ ਇੱਕ ਨਕਲ-ਵਿਰੋਧੀ ਸਾਫਟਵੇਅਰ ਟਰਨਿਟਿਨ ਨੂੰ ਯੂਨੀਵਰਸਿਟੀ ਲਈ ਨਵਿਆਇਆ ਗਿਆ । ਵੱਖੋ-ਵੱਖ ਖੇਤਰੀ ਸਟੇਸ਼ਨਾਂ, ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਖੇਤੀ ਸਲਾਹਕਾਰੀ ਸੇਵਾ ਕੇਂਦਰਾਂ ਤੇ ਸੇਵਾ ਨਿਭਾਅ ਰਹੀ ਪੀਏਯੂ ਫੈਕਲਟੀ ਦੀ ਲਾਇਬ੍ਰੇਰੀ ਦੇ ਈ-ਸਰੋਤਾਂ ਤੱਕ ਰਿਮੋਟ ਪਹੁੰਚ ਬਣਾਉਣ ਲਈ 1,95,229/- ਰੁਪਏ ਦਾ ਇੱਕ ਸਾਫ਼ਟਵੇਅਰ ਸਾਈਬਰੋਮ 300i ਫਾਇਰਵਾਲ ਖਰੀਦਿਆ ਗਿਆ । ਆਈ ਸੀ ਏ ਆਰ ਦੀਆਂ ਹਦਾਇਤਾਂ ਮੁਤਾਬਕ ਲਾਇਬ੍ਰੇਰੀ ਵਿੱਚ ਈ-ਗ੍ਰੰਥ ਪ੍ਰੋਜੈਕਟ ਦੇ ਤਹਿਤ ਖੁੱਲ੍ਹਾ ਸਰੋਤ ਲਾਇਬ੍ਰੇਰੀ ਪ੍ਰਬੰਧਨ ਸਾਫਟਵੇਅਰ ਕੋਹਾ ਲਗਾਇਆ ਗਿਆ ਤਾਂ ਜੋ ਦੇਸ਼ ਭਰ ਦੀਆਂ ਖੇਤੀ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਆਪੋ ਵਿੱਚ ਅੰਤਰ ਸੰਬੰਧਤ ਹੋ ਸਕਣ ।

## ਲਾਇਬ੍ਰੇਰੀ ਵੈੱਬ ਪੇਜ

ਲਾਇਬ੍ਰੇਰੀ ਦਾ ਵੈੱਬ ਪੇਜ ਸਰੋਤਾਂ ਬਾਰੇ ਸੰਪੂਰਨ ਜਾਣਕਾਰੀ, ਨਿਯਮਾਂ ਅਤੇ ਵਨਿਯਮਾਂ, ਸੇਵਾਵਾਂ, ਈ-ਸਰੋਤਾਂ, ਪ੍ਰਿੰਟ ਜਰਨਲਾਂ, ਸਰਕੂਲਰਾਂ ਅਤੇ ਲਾਇਬ੍ਰੇਰੀ ਵਿੱਚ ਆਏ ਨਵੇਂ ਐਡੀਸ਼ਨਾਂ ਦੀ ਸੂਚੀ ਮੁਹੱਈਆ ਕਰਦਾ ਹੈ । ਸਾਰੇ ਈ-ਸਰੋਤਾਂ ਜਿਵੇਂ ਕਿ ਈ-ਜਰਨਲਜ਼, ਈ-ਕਿਤਾਬਾਂ, ਈ-ਥੀਸਿਸ, ਈ-ਮਿਆਰ ਆਦਿ ਤੱਕ ਵੈੱਬ ਪੇਜ ਤੋਂ ਕੈਂਪਸ ਵਿੱਚ ਕਿਧਰੋਂ ਵੀ ਪਹੁੰਚ ਬਣਾਈ ਜਾ ਸਕਦੀ ਹੈ । ਸਿਰਫ਼ ਇੰਡੀਆ ਸਟੈਟ ਡਾਟ ਕਾਮ ਡੈਟਾਬੇਸ ਤੱਕ ਲਾਇਬ੍ਰੇਰੀ ਵਿੱਚੋਂ ਹੀ ਪਹੁੰਚ ਬਣਾਈ ਜਾ ਸਕਦੀ ਹੈ ।

## ਲਾਇਬ੍ਰੇਰੀ ਦੀ ਵਰਤੋਂ

ਕਿਤਾਬਾਂ-2,14,627; ਥੀਸਿਸ-37,295; ਜਿਲਦਬੰਦ ਸਮਾਂਬੱਧ ਰਸਾਲੇ-30,060; ਮੌਜੂਦਾ ਸਮਾਂਬੱਧ ਰਸਾਲੇ-24,205; ਐਬਸਟ੍ਰੈਕਟਜ਼ ਅਤੇ ਇੰਡੈਕਿਸਸ-7,307; ਅਖਬਾਰਾਂ-2,503; ਹਵਾਲਾ ਪੁਸਤਕਾਂ-19,290; ਟੈਕਸਟ ਪੁਸਤਕਾਂ-9,915 ਅਤੇ ਦੁਰਲੱਭ ਪੁਸਤਕਾਂ-2,176

# ਪ੍ਰਭਾਵ

## ਖੋਜ ਅਤੇ ਪਸਾਰ

- ਸਿਫ਼ਾਰਸ਼ ਕੀਤੀਆਂ ਕਿਸਮਾਂ ਦੀ ਕਾਸ਼ਤ ਸੰਬੰਧੀ ਵਿਸ਼ੇਸ਼ ਮੁਹਿੰਮਾਂ ਚਲਾਉਣ ਨਾਲ ਝੋਨੇ ਹੇਠ ਰਕਬਾ ਸਾਲ 2015-16 ਦੇ 54.6 ਪ੍ਰਤੀਸ਼ਤ ਤੋਂ ਵੱਧ ਕੇ ਸਾਲ 2016 ਵਿੱਚ 67.9 ਪ੍ਰਤੀਸ਼ਤ ਹੋ ਗਿਆ ਅਤੇ ਕਣਕ ਦੀਆਂ ਕਿਸਮਾਂ ਹੇਠ ਰਕਬਾ ਸਾਲ 2014-15 ਦੇ 92.1 ਪ੍ਰਤੀਸ਼ਤ ਤੋਂ ਵੱਧ ਕੇ ਸਾਲ 2016-17 ਦੌਰਾਨ 96.9 ਪ੍ਰਤੀਸ਼ਤ ਹੋ ਗਿਆ ।
- ਉੱਨਤ ਪੀ ਬੀ ਡਬਲਯੂ 343, ਕਣਕ ਦੀ ਪਹਿਲੀ ਕਿਸਮ ਹੈ, ਜਿਸ ਨੂੰ ਮਾਰਕਰ ਅਸਿਸਟਿਡ ਚੋਣ ਵਿਧੀ ਰਾਹੀਂ ਵਿਕਸਿਤ ਕੀਤਾ ਗਿਆ ਅਤੇ ਰਾਸ਼ਟਰੀ ਪੱਧਰ ਤੇ ਜ਼ਾਰੀ ਕੀਤਾ ਗਿਆ। ਪੀ ਬੀ ਡਬਲਯੂ 1 ਜ਼ੈੱਡ ਐੱਨ ਇਕੋ ਸਮੇਂ ਜ਼ਾਰੀ ਹੋਈਆਂ ਕਣਕ ਦੀਆਂ ਦੋ ਕਿਸਮਾਂ ਵਿੱਚੋਂ ਇੱਕ ਹੈ, ਜਿਸ ਦੇ ਦਾਣੇ ਵਿੱਚ ਜ਼ਿੰਕ ਦੀ ਮਾਤਰਾ ਦੇਸ਼ ਭਰ ਵਿੱਚ ਸਭ ਤੋਂ ਵੱਧ ਹੈ । ਆਈ ਟੀ ਸੀ ਵੱਲੋਂ ਪੂਰਬੀ ਰਾਜਾਂ ਦੇ ਵੱਡੇ ਖਿੱਤੇ ਵਿੱਚ ਪੀ ਬੀ ਡਬਲਯੂ 550 ਕਾਸ਼ਤ ਕੀਤੀ ਜਾ ਰਹੀ ਹੈ, ਕਿਉਂ ਜੋ ਇਸ ਦੇ ਆਟੇ ਦੀਆਂ ਰੋਟੀਆਂ ਵਧੀਆ ਬਣਦੀਆਂ ਹਨ । ਉੱਨਤ ਪੀ ਬੀ ਡਬਲਯੂ 550 ਵਿੱਚ ਕੁੰਗੀਆਂ ਪ੍ਰਤੀ ਵਧੇਰੇ ਸਹਿਣਸ਼ੀਲਤਾ ਹੋਣ ਕਰਕੇ ਰੋਗਾਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਕਾਸ਼ਤ ਕਰਨ ਲਈ ਵਧੇਰੇ ਚੰਗੀ ਹੈ । ਪੀ ਬੀ ਡਬਲਯੂ 1 ਜ਼ੈੱਡ ਐੱਨ ਵਿੱਚ ਇਸ ਖਣਿਜ ਦੀ ਮਾਤਰਾ ਵੱਧ ਹੋਣ ਕਰਕੇ ਜਵਾਨ ਹੋ ਰਹੇ ਬੱਚਿਆਂ ਦੀ ਮਾਨਸਿਕ ਸਿਹਤ ਲਈ ਲਾਹੇਵੰਦ ਹੈ । ਇਨ੍ਹਾਂ ਕਿਸਮਾਂ ਨੂੰ ਉੱਤਰੀ ਪੱਛਮੀ ਮੈਦਾਨੀ ਇਲਾਕਿਆਂ ਵਿੱਚ ਸਮੇਂ ਸਿਰ ਬਿਜਾਈ ਅਤੇ ਸਿੰਚਾਈ ਦੀਆਂ ਹਾਲਤਾਂ ਵਿੱਚ ਬੀਜਣ ਨਾਲ ਵਧੇਰੇ ਝਾੜ ਹਾਸਲ ਹੁੰਦਾ ਹੈ ਅਤੇ ਪੀਲੀ ਅਤੇ ਭੂਰੀ ਕੁੰਗੀ ਪ੍ਰਤੀ ਸ਼ਹਿਣਸ਼ੀਲਤਾ ਵੀ ਬਣੀ ਰਹਿੰਦੀ ਹੈ ।
- ਰੋਗ ਪ੍ਰਤੀਰੋਧਿਕਤਾ ਰੱਖਣ ਵਾਲੀਆਂ ਸੋਧੀਆਂ ਹੋਈਆਂ ਕਿਸਮਾਂ ਦੀ ਕਾਸ਼ਤ ਕਰਨ ਨਾਲ, ਪੀਲੀ ਕੁੰਗੀ ਤੇ ਪੂਰੀ ਨਜ਼ਰ ਰੱਖਣ ਨਾਲ ਅਤੇ ਇਸ ਦੀ ਰੋਕਥਾਮ ਲਈ ਕਿਸਾਨਾਂ ਨੂੰ ਸਮੇਂ ਸਿਰ ਸਲਾਹ ਮਸ਼ਵਰਾ ਦੇਣ ਨਾਲ ਕਣਕ ਦਾ ਝਾੜ ਸਾਲ 2016-17 ਦੌਰਾਨ 50.46 ਕੁਇੰਟਲ/ਹੈਕਟੇਅਰ ਹਾਸਲ ਹੋਇਆ ।
- ਨਰਮਾ ਪੱਟੀ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਚਲਾਈਆਂ ਜ਼ੋਰਦਾਰ ਮੁਹਿੰਮਾਂ ਸਦਕਾ ਨਰਮੇ ਦੀ ਬੰਪਰ ਫ਼ਸਲ ਹਾਸਲ ਹੋਈ ਅਤੇ ਇਹ ਝਾੜ ਸਾਲ 2016 ਦੌਰਾਨ 756 ਕਿਲੋ/ਹੈਕਟੇਅਰ ਰਿਹਾ । ਇਸ ਦੇ ਨਾਲ-ਨਾਲ ਨਰਮਾ ਪੱਟੀ ਵਿੱਚ ਸੰਯੁਕਤ ਕੀਟ ਪ੍ਰਬੰਧਣ ਕਰਨ ਨਾਲ ਕੀਟਨਾਸ਼ਕ ਰਸਾਇਣਾਂ ਦੀ 54.0 ਕਰੋੜ ਰੁਪਏ ਦੀ ਬੱਚਤ ਹੋਈ ਜਿਸ ਨਾਲ 2156 ਰੁਪਏ ਪ੍ਰਤੀ ਹੈਕਟੇਅਰ ਦਾ ਮੁਨਾਫ਼ਾ ਹੋਇਆ ।
- ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਪ੍ਰਤੀ ਚਲਾਈਆਂ ਮੁਹਿੰਮਾਂ ਸਦਕਾ ਪੰਜ ਪਿੰਡਾਂ (ਅੰਮ੍ਰਿਤਸਰ, ਬਠਿੰਡਾ, ਪਟਿਆਲਾ, ਰੂਪਨਗਰ ਅਤੇ ਸੰਗਰੂਰ ਜ਼ਿਲ੍ਹਿਆਂ ਵਿੱਚੋਂ ਇੱਕ-ਇੱਕ) ਨੂੰ ਜ਼ਿਫ਼ਰ ਬਰਨਿੰਗ ਐਲਾਨਿਆ ਗਿਆ ।
- ਝੋਨੇ ਦੀ ਕਿਸਮ ਪੀ ਆਰ 126 ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਜਿਵੇਂ ਕਿ ਪੱਕ ਕੇ ਜਲਦੀ ਤਿਆਰ ਹੋਣਾ, ਵਧੇਰੇ ਝਾੜ, ਬੈਕਟੀਰੀਅਲ ਝੁਲਸ ਰੋਗ ਪ੍ਰਤੀ ਜੈਨੇਟਿਕਸ ਪ੍ਰਤੀਰੋਧਿਕਤਾ ਅਤੇ ਦਾਣਿਆਂ ਦੀ ਉੱਚ ਗੁਣਵੱਤਾ ਹੋਣ ਕਰਕੇ ਇਹ ਕਿਸਾਨਾਂ, ਵਪਾਰੀਆਂ ਅਤੇ ਉਪਭੋਗਤਾਵਾਂ ਲਈ ਵਧੇਰੇ ਲਾਹੇਵੰਦ ਰਹੀ। ਥੋੜ੍ਹਾਂ ਸਮਾਂ ਲੈਂਦੀ ਹੋਣ ਕਰਕੇ ਇਹ ਕਿਸਮ ਬਹੁ-ਫ਼ਸਲੀ ਪ੍ਰਣਾਲੀ ਲਈ ਲਾਹੇਵੰਦ ਹੈ ਅਤੇ ਜਲ ਦੀ ਬੱਚਤ ਕਰਨ ਵਿੱਚ ਮਦਦ ਕਰਦੀ ਹੈ ।
- ਮੂੰਗਬੀਨ ਦੀ ਨਵੀਂ ਬਹਾਰ ਰੁੱਤ/ਗਰਮ ਰੁੱਤ ਦੀ ਕਿਸਮ ਟੀ ਐਮ ਬੀ 37 ਦੇ ਦਾਣੇ ਦਰਮਿਆਨੇ ਅਕਾਰ ਅਤੇ ਪਕਾਉਣ/ਖਾਣ ਵਿੱਚ ਸਵਾਦਿਸ਼ਟ ਗੁਣਾਂ ਨਾਲ ਭਰਪੂਰ ਹਨ । ਇਹ ਕਿਸਮ 60 ਦਿਨਾਂ ਵਿੱਚ ਪੱਕ ਕੇ ਤਿਆਰ ਹੋਣ ਕਰਕੇ ਕਿਸਾਨਾਂ ਨੂੰ ਵਾਧੂ ਫ਼ਸਲ ਲੈਣ ਦਾ ਮੌਕਾ ਪ੍ਰਦਾਨ ਕਰਦੀ ਹੈ ।
- ਸਾਲ 2016-17 ਦੌਰਾਨ ਖੇਤੀ ਵੰਨ-ਸੁਵੰਨਤਾ ਤੇ ਵਿਸ਼ੇਸ਼ ਜ਼ੋਰ ਦੇਣ ਨਾਲ ਸਬਜ਼ੀਆਂ ਦੀ ਕਾਸ਼ਤ ਅਧੀਨ ਰਕਬਾ 2.44 ਲੱਖ ਹੈਕਟੇਅਰ ਤੱਕ ਵਧਿਆ ਅਤੇ ਫ਼ਲਾਂ ਦੀ ਕਾਸ਼ਤ ਅਧੀਨ ਰਕਬਾ 0.82 ਲੱਖ ਹੈਕਟੇਅਰ ਤੱਕ ਵਧਿਆ । ਇਸ ਸਮੇਂ ਦੌਰਾਨ ਮਾਨਸਾ ਵਿੱਚ ਗੁਆਰ ਅਧੀਨ ਰਕਬਾ ਵੀ ਵਧਿਆ।
- ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਚੈਰੀ ਟਮਾਟਰਾਂ ਦੀਆਂ ਨਵੀਆਂ ਕਿਸਮਾਂ ਜਿਵੇਂ ਕਿ ਪੰਜਾਬ ਸੋਨਾ ਚੈਰੀ ਅਤੇ ਪੰਜਾਬ ਕੇਸਰ ਚੈਰੀ ਦੇ ਜ਼ਾਰੀ ਹੋਣ ਨਾਲ ਕਿਸਾਨਾਂ ਨੂੰ ਪੀਲੇ ਅਤੇ ਸੰਤਰੀ ਰੰਗੇ ਚੈਰੀ ਟਮਾਟਰਾਂ ਦੀ ਕਾਸ਼ਤ ਕਰਨ ਦਾ ਮੌਕਾ ਮਿਲਿਆ । ਇਨ੍ਹਾਂ ਕਿਸਮਾਂ ਵਿੱਚ ਮਿਠਾਸ ਹੋਣ ਕਰਕੇ ਇਹ ਸਲਾਦ ਵਜੋਂ ਵਰਤੀਆਂ ਜਾਂਦੀਆਂ ਹਨ, ਜਿਸ ਸਦਕਾ ਮੰਡੀ ਵਿੱਚ ਇਨ੍ਹਾਂ ਦੀ ਚੰਗੀ ਕੀਮਤ ਮਿਲ ਜਾਂਦੀ ਹੈ । ਇਨ੍ਹਾਂ ਕਿਸਮਾਂ ਨੂੰ ਵਪਾਰਕ ਪੱਧਰ ਤੇ ਕਾਸ਼ਤ ਕਰਨ ਵਾਲਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਸ਼ਹਿਰੀ ਖੇਤਰਾਂ ਵਿੱਚ ਵੀ ਇਨ੍ਹਾਂ ਨੂੰ ਘਰੇਲੂ ਬਗੀਚੀ ਵਿੱਚ ਲਾਇਆ ਜਾਂਦਾ ਹੈ ।
- ਹਾਈਬ੍ਰਿਡ ਬੈਂਗਣ ਦੀਆਂ ਨਵੀਆਂ ਕਿਸਮਾਂ ਪੀ ਬੀ ਐੱਚ ਆਰ-41 ਅਤੇ ਪੀ ਬੀ ਐੱਚ ਆਰ-42 ਅਕਾਰ ਰੂਪ ਪੱਖੋਂ ਦਿਲਖਿੱਚਵੀਆਂ, ਚਮਕਦਾਰ, ਗੂੜ੍ਹੇ ਕਿਰਮਚੀ ਰੰਗੀਆਂ ਹੋਣ ਕਰਕੇ ਉਪਭੋਗਤਾਵਾਂ ਲਈ ਭੜਥਾ ਬਣਾਉਣ ਵਾਸਤੇ ਬਹੁਤ ਪਸੰਦੀਦਾ ਹਨ ਅਤੇ ਕਿਸਾਨਾਂ ਨੂੰ ਵਧੇਰੇ ਮੁਨਾਫ਼ਾ ਦਿੰਦੀਆਂ ਹਨ ।

- ਹਾਈਬ੍ਰਿਡ ਬੈਂਗਣ ਦੀ ਕਿਸਮ ਪੀ ਬੀ ਐੱਚ-5 ਲੰਬੀ, ਗੁੱਛਿਆਂ ਵਿੱਚ ਲੱਗਣ ਵਾਲੀ, ਅਗੇਤੀ ਤਿਆਰ ਹੋਣ ਵਾਲੀ ਅਤੇ ਪਹਿਲਾਂ ਜ਼ਾਰੀ ਕਿਸਮਾਂ ਨਾਲੋਂ ਵੱਧ ਝਾੜ ਦੇਣ ਵਾਲੀ ਹੋਣ ਕਰਕੇ ਕਿਸਾਨਾਂ ਨੂੰ ਵਧੇਰੇ ਮੁਨਾਫ਼ਾ ਦਿੰਦੀ ਹੈ ।
- ਕਰੇਲੇ ਦੀ ਪੰਜਾਬ ਝਾੜ ਕਰੇਲਾ 1 ਕਿਸਮ ਹਰੇ ਰੰਗੀ, ਮੁਲਾਇਮ ਅਤੇ ਤਕਲੇ ਵਰਗੀ ਹੋਣ ਕਰਕੇ ਕੱਟ ਕੇ ਬਣਾਉਣ ਲਈ ਜ਼ਿਆਦਾ ਸੁਯੋਗ ਹੈ । ਇਹ ਕਿਸਮ ਜੜ੍ਹ ਗੰਢ ਨੀਮਾਟੋਡ ਰੋਗ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ ।
- ਕੱਦੂ ਦੀ ਪੰਜਾਬ ਬਹਾਰ ਕਿਸਮ ਗੋਲ, ਦਰਮਿਆਨੇ ਅਕਾਰ ਦੀ, ਚਮਕਦਾਰ ਹਰੇ ਰੰਗੀ ਅਤੇ ਮੁਲਾਇਮ ਹੈ ਇਸ ਦਾ ਵੱਧ ਝਾੜ ਹੋਣ ਕਰਕੇ ਇਹ ਕਿਸਾਨਾਂ ਨੂੰ ਵਧੇਰੇ ਮੁਨਾਫ਼ਾ ਦਿੰਦੀ ਹੈ।
- ਭਿੰਡੀ ਦੀ ਪੰਜਾਬ ਸੁਹਾਵਣੀ ਕਿਸਮ ਗੂੜ੍ਹੇ ਹਰੇ ਰੰਗੀ, ਮੁਲਾਇਮ, ਪੰਜ ਵਿਭਾਜਕਾਂ ਵਾਲੀ ਹੈ । ਇਹ ਕਿਸਮ ਪੀਲੇ ਨਾੜੀ ਮੋਜ਼ੇਕ ਵਿਸ਼ਾਣੂੰ (ਵਾਈ ਵੀ ਐਮ ਵੀ) ਰੋਗ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੋਣ ਕਰਕੇ ਇਸ ਰੋਗ ਤੋਂ ਹੋਣ ਵਾਲੇ ਨੁਕਸਾਨਾਂ ਤੋਂ ਰਾਹਤ ਦਿਵਾਉਂਦੀ ਹੈ ਅਤੇ ਕਿਸਾਨਾਂ ਦੇ ਮੁਨਾਫ਼ੇ ਵਿੱਚ ਵਾਧਾ ਕਰਦੀ ਹੈ ।
- ਸਿਫ਼ਾਰਸ਼ ਕੀਤੀਆਂ ਉਤਪਾਦਨ ਤਕਨੀਕਾਂ ਨਾਲ ਫ਼ਲਾਂ ਦੀ ਕਾਸ਼ਤ ਅਧੀਨ ਰਕਬਾ ਵਧਣ ਵਿੱਚ ਮਦਦ ਮਿਲੇਗੀ ਅਤੇ ਬਾਗਾਂ ਤੋਂ ਵਧੇਰੇ ਮੁਨਾਫ਼ਾ ਮਿਲ ਸਕੇਗਾ । ਪੌਸ਼ਟਿਕ ਬਗੀਚੀ ਲਗਾਉਣ ਨਾਲ ਸਾਲ ਭਰ ਤਾਜ਼ੇ ਫ਼ਲ ਮਿਲਣ ਸਦਕਾ ਪੋਸ਼ਣ ਸੁਰੱਖਿਆ ਨੂੰ ਬਲ ਮਿਲੇਗਾ ।
- ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ 'ਪੀਏਯੂ ਫਰੂਟ ਫਲਾਈ ਟ੍ਰੈਪਜ਼' ਦੀਆਂ ਪ੍ਰਦਰਸ਼ਨੀਆਂ ਲਗਾਉਣ ਨਾਲ 70 ਪ੍ਰਤੀਸ਼ਤ ਤੋਂ ਵੱਧ ਨੁਕਸਾਨ ਵਿੱਚ ਕਮੀ ਆਈ ਜਿਸ ਸਦਕਾ ਝਾੜ ਵਿੱਚ 25 ਪ੍ਰਤੀਸ਼ਤ ਦਾ ਵਾਧਾ ਹੋਇਆ । ਇਸ ਤਰ੍ਹਾਂ ਕਿਸਾਨ 25000/- ਰੁਪਏ ਪ੍ਰਤੀ ਏਕੜ ਦੀ ਵਾਧੂ ਆਮਦਨ ਹਾਸਲ ਕਰ ਸਕਦੇ ਹਨ ।
- ਯੂਨੀਵਰਸਿਟੀ ਨੇ ਸਾਲ 2016-17 ਦੌਰਾਨ ਕਿਸਾਨਾਂ ਨੂੰ ਵੰਡਣ ਲਈ ਖੇਤ ਫ਼ਸਲਾਂ ਦਾ 59,629 ਕੁਇੰਟਲ ਬੀਜ, 3.61 ਲੱਖ ਫ਼ਲਾਂ ਦੇ ਨਰਸਰੀ ਪੌਦੇ ਅਤੇ ਰੁੱਖਾਂ ਦੀਆਂ ਵੱਖੋ-ਵੱਖ ਕਿਸਮਾਂ ਦੇ 1.30 ਲੱਖ ਪੌਦੇ ਤਿਆਰ ਕੀਤੇ ।

## ਪ੍ਰਕਾਸ਼ਨਾਵਾਂ

- ਯੂਨੀਵਰਸਿਟੀ ਵਿਗਿਆਨੀਆਂ ਨੇ ਲਗਭਗ 700 ਪ੍ਰਕਾਸ਼ਨਾਵਾਂ ਜਿਨ੍ਹਾਂ ਵਿੱਚ ਖੋਜ ਪੱਤਰ, ਕਿਤਾਬਾਂ, ਕਿਤਾਬ ਅਧਿਆਇ, ਮੈਨੂਅਲਜ਼ ਆਦਿ ਸ਼ਾਮਲ ਹਨ, ਪ੍ਰਕਾਸ਼ਿਤ ਕਰਵਾਈਆਂ ।

## ਸਿੱਖਿਆ

ਪੀਏਯੂ ਵੱਲੋਂ ਅਕਾਦਮਿਕ ਅਤੇ ਖੋਜ ਖੇਤਰਾਂ ਵਿੱਚ ਹਾਸਲ ਕੀਤੇ ਉਚੇਰੇ ਮਿਆਰਾਂ ਵਜੋਂ ਵੱਖੋ-ਵੱਖ ਰੁਤਬੇ ਹਾਸਲ ਹੋਏ :

- ਨੈਸ਼ਨਲ ਤਾਇਵਾਨ ਯੂਨੀਵਰਸਿਟੀ ਵੱਲੋਂ ਕਰਵਾਈ ਅੰਤਰਰਾਸ਼ਟਰੀ ਰੈਂਕਿੰਗ (2016) ਦੌਰਾਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ ਦੇਸ਼ ਭਰ ਦੇ ਚੁਣੇ ਦੋ ਖੇਤੀ ਸੰਸਥਾਨਾਂ ਵਿਚੋਂ ਇੱਕ ਮੰਨਿਆ ਗਿਆ, ਜਿਸ ਸਦਕਾ ਇਸ ਯੂਨੀਵਰਸਿਟੀ ਦੀ ਸ਼ੁਮਾਰ ਵਿਸ਼ਵ ਭਰ ਦੀਆਂ ਸਰਵੋਤਮ 300 ਯੂਨੀਵਰਸਿਟੀਆਂ ਦੀ ਸੂਚੀ ਵਿੱਚ ਹੋ ਗਈ ।
- ਯੂਨੀਵਰਸਿਟੀ ਨੂੰ ਜੈਨੇਟਿਕਸ ਅਤੇ ਪਲਾਂਟ ਬਰੀਡਿੰਗ ਦੀ ਭਾਰਤੀ ਸੰਸਥਾ ਵੱਲੋਂ ਫ਼ਰਵਰੀ 2017 ਨੂੰ ਸਾਰੀਆਂ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਆਈ ਸੀ ਏ ਆਰ ਸੰਸਥਾਨਾਂ ਵਿਚੋਂ ਸਭ ਤੋਂ ਵੱਧ ਲੈਂਡਮਾਰਕ ਕਿਸਮਾਂ ਵਿਕਸਿਤ ਕਰਨ ਵਜੋਂ ਸਨਮਾਨਿਤ ਕੀਤਾ ਗਿਆ ।
- ਯੂਨੀਵਰਸਿਟੀ ਦੇ ਦੋ ਫੈਕਲਟੀ ਮੈਂਬਰ; ਡਾ. ਕੁਲਦੀਪ ਸਿੰਘ, ਸੀਨੀਅਰ ਮੋਲੀਕਿਊਲਰ ਜੈਨੇਟਿਕਸਿਸਟ ਅਤੇ ਡਾ. ਗੁਲਸ਼ਨ ਮਹਾਜਨ, ਸੀਨੀਅਰ ਐਗਰੋਨੋਮਿਸਟ ਨੂੰ ਐਨ ਏ ਏ ਐਸ ਫੈਲੋ ਚੁਣਿਆ ਗਿਆ ।
- ਪੰਜ ਸਰਵ ਭਾਰਤੀ ਕੋਆਰਡੀਨੇਟਿਡ ਸਰਵੋਤਮ ਸੈਂਟਰ ਐਵਾਰਡ ਪੀਏਯੂ ਦੀਆਂ ਝੋਨਾ, ਚਾਰਾ, ਮੱਕੀ ਟੀਮ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ), ਮਧੂ ਮੱਖੀ ਅਤੇ ਪੋਲੀਨੇਟਰਜ਼ (ਕੀਟ ਵਿਗਿਆਨ) ਅਤੇ ਲਘੂ ਤੱਤ ਅਤੇ ਗੰਧਲੇ ਤੱਤ (ਭੂਮੀ ਵਿਗਿਆਨ) ਨੂੰ ਹਾਸਲ ਹੋਏ ।
- ਪੀਏਯੂ ਦੇ ਇੱਕ ਵਿਦਿਆਰਥੀ ਨੂੰ ਆਈ ਸੀ ਏ ਆਰ ਜਵਾਹਰ ਲਾਲ ਨਹਿਰੂ ਪੋਸਟ ਡਾਕਟਰੇਟ ਥੀਸਿਸ ਪੁਰਸਕਾਰ ਹਾਸਲ ਹੋਇਆ ।
- ਯੂਨੀਵਰਸਿਟੀ ਦੇ 28 ਵਿਦਿਆਰਥੀਆਂ ਨੇ ਆਈ ਸੀ ਏ ਆਰ/ਏ ਆਰ ਐੱਸ (ਨੈੱਟ ਪ੍ਰੀਖਿਆ) ਪਾਸ ਕੀਤੀ; 19 ਵਿਦਿਆਰਥੀਆਂ ਨੂੰ ਆਈ ਸੀ ਏ ਆਰ ਨੈਸ਼ਨਲ ਟੇਲੈਂਟ ਸਕਾਲਰਸ਼ਿਪ, 16 ਵਿਦਿਆਰਥੀਆਂ ਨੂੰ ਆਈ ਸੀ ਏ ਆਰ (ਐੱਸ ਆਰ ਐੱਫ), 22 ਵਿਦਿਆਰਥੀਆਂ ਨੂੰ ਆਈ ਸੀ ਏ ਆਰ (ਜੇ ਆਰ ਐੱਫ), 7 ਵਿਦਿਆਰਥੀਆਂ ਨੇ ਯੂ ਜੀ ਸੀ (ਜੇ ਆਰ ਐੱਫ) ਅਤੇ ਇੱਕ ਵਿਦਿਆਰਥੀ ਨੇ ਸੀ ਐੱਸ ਆਈ ਆਰ (ਐੱਸ ਆਰ ਐੱਫ਼) ਹਾਸਲ ਕੀਤਾ । ਕਈ ਵਿਦਿਆਰਥੀਆਂ ਨੇ ਮੌਲਾਨਾ ਅਜ਼ਾਦ ਯੂ ਜੀ ਸੀ ਫੈਲੋਸ਼ਿਪ, ਵਿਗਿਆਨ ਅਤੇ ਤਕਨਾਲੋਜੀ ਵਿਭਾਗ ਤੋਂ ਇੰਸਪਾਇਰਡ ਰਿਸਰਚ ਫੈਲੋਸ਼ਿਪ, ਯੂ ਜੀ ਸੀ ਤੋਂ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ ਅਤੇ ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ ਹਾਸਲ ਕੀਤੇ । ਵਿਦਿਆਰਥੀਆਂ ਨੇ ਕਈ ਅੰਤਰਰਾਸ਼ਟਰੀ ਕਾਨਫਰੰਸਾਂ ਅਤੇ ਸਿਖਲਾਈ ਪ੍ਰੋਗਰਾਮਾਂ ਵਿੱਚ ਵੀ ਸ਼ਮੂਲੀਅਤ ਕੀਤੀ ।
- ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਅਤੇ ਭੂਮੀ ਵਿਗਿਆਨ ਵਿਭਾਗ ਵੱਲੋਂ ਦੋ ਸੈਂਟਰ ਫਾਰ ਅਡਵਾਂਸਡ ਫੈਕਲਟੀ ਟ੍ਰੇਨਿੰਗ ਪ੍ਰੋਗਰਾਮ ਲਗਾਏ ਗਏ । ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ ਵੱਲੋਂ "ਸਰੋਤਾਂ ਦਾ

ਰੱਖ ਰਖਾਅ ਅਤੇ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ" ਉੱਤੇ ਇੱਕ ਵਿੰਟਰ ਸਕੂਲ ਲਗਾਇਆ ਗਿਆ । ਇਨ੍ਹਾਂ ਤੋਂ ਇਲਾਵਾ ਬਾਇਓਇਨਫਰਮੇਟਿਕਜ਼, ਬਾਇਓਕੰਟਰੋਲ, ਮਧੂ ਮੱਖੀ ਪਾਲਣ, ਚਾਰਕੋਲ ਉਤਪਾਦਨ ਤਕਨਾਲੋਜੀ ਅਤੇ ਲੈਂਟਨਾ ਕਾਮਾਰਾ ਦੇ ਬਾਇਓਮਾਸ ਦੇ ਪ੍ਰਬੰਧਣ ਉੱਤੇ ਸੰਖੇਪ ਸਿਖਲਾਈਆਂ ਲਗਾਈਆਂ ਗਈਆਂ ।

## ਹੁਨਰ ਵਿਕਾਸ

ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ ਲਈ ਲਗਾਈਆਂ ਹੁਨਰ ਵਿਕਾਸ ਸਿਖਲਾਈਆਂ ਵਿੱਚ ਵੱਡੀ ਗਿਣਤੀ ਕਿਸਾਨਾਂ, ਕਿਸਾਨ ਬੀਬੀਆਂ ਅਤੇ ਪੇਂਡੂ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਇਸ ਦੇ ਤਹਿਤ ਕਈ ਸਿਖਲਾਈਆਂ ਲਗਾਈਆਂ ਗਈਆਂ ਜਿਵੇਂ ਕਿ ਟ੍ਰੇਨਰਜ਼ ਦੀ ਟ੍ਰੇਨਿੰਗ; ਐਗਰੋ ਪ੍ਰੋਸੈਸਿੰਗ ਅਤੇ ਗੁਣਵਤਾ ਵਧਾਉਣਾ; ਖੇਤੀ ਅਧਾਰਿਤ ਉਦਯੋਗ ਸਥਾਪਿਤ ਕਰਨਾ; ਸਵੈ-ਰੁਜ਼ਗਾਰ ਪ੍ਰਾਪਤ ਕਰਮੀਆਂ ਲਈ ਸਿਖਲਾਈ ਕੋਰਸ, ਉਸਾਰੀ-ਕਮ-ਦੇਖ ਰੇਖ ਸਿਖਲਾਈ ਕੋਰਸ (ਸਿਵਲ ਇੰਜਨੀਅਰਿੰਗ); ਇੰਨੋਵੇਟਿਵ ਬੇਕਰੀ ਉਤਪਾਦ ਆਦਿ। ਕ੍ਰਿਸ਼ੀ ਵਿਗਿਆਨ ਕੇਂਦਰ ਅੰਮ੍ਰਿਤਸਰ ਵੱਲੋਂ ਸਹਾਇਕ ਧੰਦਿਆਂ ਨੂੰ ਅਪਨਾਉਣ ਬਾਰੇ ਕੀਤੇ ਇੱਕ ਸਰਵੇਖਣ ਮੁਤਾਬਕ ਘਰੇਲੂ ਪੱਧਰ ਤੇ ਸਜਾਵਟੀ ਸਮਗਰੀ ਨੂੰ ਤਿਆਰ ਕਰਨ ਦੇ ਸਹਾਇਕ ਧੰਦੇ ਨੂੰ ਅਪਨਾਉਣ ਦੀ ਦਰ 52.5 ਪ੍ਰਤੀਸ਼ਤ ਰਹੀ, ਸਬਜ਼ੀਆਂ ਦੀ ਸੁਰੱਖਿਅਤ ਕਾਸ਼ਤਕਾਰੀ 40.0 ਪ੍ਰਤੀਸ਼ਤ ਰਹੀ, ਮਧੂ ਮੱਖੀ ਪਾਲਣ ਦਾ ਸਹਾਇਕ ਧੰਦਾ 30.7 ਪ੍ਰਤੀਸ਼ਤ ਰਿਹਾ, ਕੱਪੜੇ ਦੀ ਗੁਣਵਤਾ ਵਧਾਉਣ ਦਾ 28.6 ਪ੍ਰਤੀਸ਼ਤ, ਫ਼ਲਾਂ ਅਤੇ ਸਬਜ਼ੀਆਂ ਨੂੰ ਸੁਰੱਖਿਅਤ ਰੱਖਣ ਦਾ 19.4 ਪ੍ਰਤੀਸ਼ਤ, ਮੋਮਬੱਤੀ ਬਣਾਉਣ ਦਾ 17.7 ਪ੍ਰਤੀਸ਼ਤ ਰਿਹਾ । ਇਸੇ ਤਰ੍ਹਾਂ ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਵੱਲੋਂ ਸਹਾਇਕ ਧੰਦਿਆਂ ਨੂੰ ਅਪਨਾਉਣ ਬਾਰੇ ਕੀਤੇ ਸਰਵੇਖਣ ਤੋਂ ਖੁੰਬਾਂ ਦੀ ਕਾਸ਼ਤ ਲਈ ਇਹ ਦਰ 56.3 ਪ੍ਰਤੀਸ਼ਤ ਮੁਰਗੀ ਪਾਲਣ ਲਈ 48.1 ਪ੍ਰਤੀਸ਼ਤ, ਮਧੂ ਮੱਖੀ ਪਾਲਣ ਲਈ 42.7 ਪ੍ਰਤੀਸ਼ਤ ਅਤੇ ਡੇਅਰੀ ਫਾਰਮਿੰਗ ਲਈ 42.7 ਪ੍ਰਤੀਸ਼ਤ ਰਹੀ ।

# ਪ੍ਰਸ਼ਾਸਨ

## ਪ੍ਰਬੰਧਕੀ ਬੋਰਡ

| ਕ੍ਰਮ ਨੰ. | ਨਾਮ ਅਤੇ ਅਹੁਦਾ | ਸਮਾਂ |
|---|---|---|
| ਆਨਰੇਰੀ ਚੇਅਰਮੈਨ | | |
| | ਸ੍ਰੀ ਕਪਤਾਨ ਸਿੰਘ ਸੋਲੰਕੀ<br>ਮਾਣਯੋਗ ਗਵਰਨਰ, ਪੰਜਾਬ ਅਤੇ ਚਾਂਸਲਰ | 01.07.2016 ਤੋਂ 21.08.2016 |
| | ਸ੍ਰੀ ਵੀ.ਪੀ. ਸਿੰਘ ਬਦਨੌਰ<br>ਮਾਣਯੋਗ ਗਵਰਨਰ, ਪੰਜਾਬ ਅਤੇ ਚਾਂਸਲਰ | 22.08.2016 ਤੋਂ 30.06.2017 |
| ਕਾਰਜਕਾਰੀ ਚੇਅਰਮੈਨ | | |
| | ਡਾ.ਬਲਦੇਵ ਸਿੰਘ ਢਿੱਲੋਂ<br>ਵਾਈਸ ਚਾਂਸਲਰ | 01.07.2016 ਤੋਂ 30.06.2017 |
| ਮੈਂਬਰ | | |
| 1. | ਸ੍ਰੀ ਸਰਵੇਸ਼ ਕੌਸ਼ਲ, ਆਈ ਏ ਐੱਸ<br>ਚੀਫ਼ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ | 01.07.2016 ਤੋਂ 15.03.2017 |
| | ਸ੍ਰੀ ਕਰਨ ਅਵਤਾਰ ਸਿੰਘ ਆਈ ਏ ਐੱਸ<br>ਚੀਫ਼ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ | 16.03.2017 ਤੋਂ 30.06.2017 |
| 2. | ਡਾ. ਐੱਨ ਐੱਸ ਕਲਸੀ, ਆਈ ਏ ਐੱਸ<br>ਵਧੀਕ ਚੀਫ਼ ਸਕੱਤਰ (ਵਿਕਾਸ), ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ, ਚੰਡੀਗੜ੍ਹ | 01.07.2016 ਤੋਂ 15.03.2017 |
| | ਸ੍ਰੀ ਸਤੀਸ਼ ਚੰਦਰ, ਆਈ ਏ ਐੱਸ<br>ਵਧੀਕ ਚੀਫ ਸਕੱਤਰ (ਵਿਕਾਸ), ਪੰਜਾਬ ਸਰਕਾਰ ਖੇਤੀਬਾੜੀ ਵਿਭਾਗ, ਚੰਡੀਗੜ੍ਹ | 16.03.2017 ਤੋਂ 30.06.2017 |
| 3. | ਸ੍ਰੀ ਡੀ ਪੀ ਰੈਡੀ, ਆਈ ਏ ਐੱਸ,<br>ਵਧੀਕ ਚੀਫ ਸਕੱਤਰ (ਵਿੱਤ), ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ | 01.07.2016 ਤੋਂ 02.04.2017 |
| | ਸ੍ਰੀ ਅਨਿਰੁਧ ਤਿਵਾੜੀ, ਆਈ ਏ ਐੱਸ,<br>ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ | 03.04.2017 ਤੋਂ 30.06.2017 |
| 4. | ਸ੍ਰੀ ਜਸਬੀਰ ਸਿੰਘ ਬੈਂਸ, ਨਿਰਦੇਸ਼ਕ ਖੇਤੀਬਾੜੀ<br>ਪੰਜਾਬ ਖੇਤੀ ਭਵਨ (ਨੇੜੇ ਦਾਰਾ ਸਟੂਡੀਓ), ਫੇਜ਼-VI, ਮੋਹਾਲੀ | 01.07.2016 ਤੋਂ 30.06.2017 |
| 5. | ਡਾ. ਆਰ.ਕੇ.ਗੁਪਤਾ, ਨਿਰਦੇਸ਼ਕ<br>ਸੈਂਟਰਲ ਇੰਸਟੀਚਿਊਟ ਆਫ਼ ਪੋਸਟ ਹਾਰਵੈਸਟ ਇੰਜਨੀਅਰਿੰਗ ਐਂਡ ਤਕਨਾਲੋਜੀ (ਸੀਫੇਟ),<br>ਪੀਏਯੂ ਕੈਂਪਸ, ਲੁਧਿਆਣਾ | 01.07.2016 ਤੋਂ 30.06.2017 |
| 6. | ਡਾ. ਜੀ.ਐੱਸ. ਨੰਦਾ,<br>ਹਾਉਸ ਨੰ. 1142, ਸੈਕਟਰ 71, ਮੋਹਾਲੀ 160071 | 01.07.2016 ਤੋਂ 30.06.2017 |
| 7. | ਡਾ. ਜੀ.ਐਸ. ਗੋਸਲ, ਸਾਬਕਾ ਨਿਰਦੇਸ਼ਕ ਖੋਜ<br>ਪੀਏਯੂ, ਸਾਹਮਣੇ ਸਟੇਟ ਬੈਂਕ ਆਫ਼ ਇੰਡੀਆ ਏ ਟੀ ਐੱਮ, ਸੁਗੰਧ ਵਿਹਾਰ,<br>ਪੱਖੋਵਾਲ ਰੋਡ, ਲੁਧਿਆਣਾ | 01.07.2016 ਤੋਂ 30.06.2017 |

| ਕ੍ਰਮ ਨੰ. | ਨਾਮ ਅਤੇ ਅਹੁਦਾ | ਸਮਾਂ |
|---|---|---|
| 8. | ਸ੍ਰੀ ਕੁਲਵੰਤ ਸਿੰਘ ਆਹਲੂਵਾਲੀਆ,<br>ਪਿੰਡ ਛੌਣੀ ਕਲਾਂ, ਡਾਕਖਾਨਾ ਰਾਮ ਕਲੋਨੀ, ਜ਼ਿਲ੍ਹਾ ਹੁਸ਼ਿਆਰਪੁਰ | 01.07.2016 ਤੋਂ 30.06.2017 |
| 9. | ਸ੍ਰੀ ਹਰਦੇਵ ਸਿੰਘ ਰਿਆੜ,<br>ਫਲੈਟ ਨੰ. 314, ਪੰਜਾਬ ਮੰਡੀ ਬੋਰਡ ਕਲੋਨੀ, ਸੈਕਟਰ 66, ਮੋਹਾਲੀ | 01.07.2016 ਤੋਂ 18.06.2017 |
| 10. | ਡਾ. ਏ.ਆਰ. ਸ਼ਰਮਾ, ਚੇਅਰਮੈਨ ਅਤੇ ਪ੍ਰਬੰਧਕੀ ਨਿਰਦੇਸ਼ਕ, ਰਾਇਸਿਲਾ ਗਰੁੱਪ ਆਫ਼ ਕੰਪਨੀਜ਼ ਸੇਰੋਂ ਰੋਡ, ਧੂਰੀ, ਜ਼ਿਲ੍ਹਾ ਸੰਗਰੂਰ | 01.07.2016 ਤੋਂ 30.06.2017 |
| ਸਕੱਤਰ | | |
| | ਡਾ. ਪੀ ਕੇ ਖੰਨਾ, ਰਜਿਸਟਰਾਰ | 01.07.2016 ਤੋਂ 28.02.2017 |
| | ਡਾ. ਆਰ. ਐੱਸ. ਸਿੱਧੂ, ਰਜਿਸਟਰਾਰ | 01.03.2017 ਤੋਂ 29.05.2017*<br>30.05.2017 ਤੋਂ 30.06.2017 |

* ਵਧੀਕ ਚਾਰਜ

## ਅਕਾਦਮਿਕ ਕੌਂਸਲ

| ਅਹੁਦਾ | ਨਾਮ |
|---|---|
| ਵਾਈਸ ਚਾਂਸਲਰ | ਡਾ. ਬਲਦੇਵ ਸਿੰਘ ਢਿੱਲੋਂ |
| ਡੀਨ, ਪੋਸਟਗ੍ਰੈਜੂਏਟ ਸਟੱਡੀਜ਼ | ਡਾ. (ਸ੍ਰੀਮਤੀ) ਨੀਲਮ ਗਰੇਵਾਲ |
| ਡੀਨ, ਖੇਤੀਬਾੜੀ ਕਾਲਜ | ਡਾ. ਹਰਵਿੰਦਰ ਸਿੰਘ ਧਾਲੀਵਾਲ |
| | ਡਾ. ਐੱਸ. ਐੱਸ. ਕੁੱਕਲ |
| ਡੀਨ, ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ | ਡਾ. ਜਸਕਰਨ ਸਿੰਘ ਮਾਹਲ |
| ਡੀਨ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ |
| ਡੀਨ, ਹੋਮ ਸਾਇੰਸ ਕਾਲਜ | ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ |
| | ਡਾ. (ਸ੍ਰੀਮਤੀ) ਜਤਿੰਦਰ ਕੌਰ ਗੁਲਾਟੀ |
| ਨਿਰਦੇਸ਼ਕ ਖੋਜ | ਡਾ. ਨਵਤੇਜ ਸਿੰਘ ਬੈਂਸ |
| ਨਿਰਦੇਸ਼ਕ ਪਸਾਰ ਸਿੱਖਿਆ | ਡਾ. ਆਰ.ਐੱਸ. ਸਿੱਧੂ |
| | ਡਾ. ਅਸ਼ੋਕ ਕੁਮਾਰ |
| ਮੁਖੀ, ਮਾਈਕ੍ਰੋਬਾਇਆਲੋਜੀ ਵਿਭਾਗ | ਡਾ. (ਸ੍ਰੀਮਤੀ) ਪਰਮਪਾਲ ਸਹੋਤਾ |
| ਮੁਖੀ, ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ | ਡਾ. (ਸ੍ਰੀਮਤੀ) ਅਮਰਜੀਤ ਕੌਰ |
| ਮੁਖੀ, ਫ਼ਲ ਵਿਗਿਆਨ ਵਿਭਾਗ | ਡਾ. ਐੱਮ.ਆਈ.ਐੱਸ. ਗਿੱਲ |
| ਮੁਖੀ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ | ਡਾ. ਜੀ.ਐੱਸ. ਮਨੇਸ |
| ਮੁਖੀ, ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ ਵਿਭਾਗ | ਡਾ. ਏ.ਕੇ. ਸਿੰਘ |
| ਰਜਿਸਟਰਾਰ | ਡਾ. ਪੀ.ਕੇ.ਖੰਨਾ |
| | ਡਾ. ਆਰ.ਐੱਸ. ਸਿੱਧੂ |

# ਪ੍ਰਬੰਧਕੀ ਬੋਰਡ ਦੇ ਮਹੱਤਵਪੂਰਨ ਫੈਸਲੇ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪ੍ਰਬੰਧਕੀ ਬੋਰਡ ਦੀਆਂ ਚਾਰ ਮੀਟਿੰਗਾਂ (278ਵੀਂ ਤੋਂ 281ਵੀਂ) ਹੋਈਆਂ। ਬੋਰਡ ਵੱਲੋਂ ਲਏ ਗਏ ਮਹੱਤਵਪੂਰਨ ਫੈਸਲੇ ਇਸ ਪ੍ਰਕਾਰ ਹਨ :

## ਸਟੈਚਯੂ ਵਿੱਚ ਸੋਧਾਂ

- ਬੋਰਡ ਵੱਲੋਂ ਪੀਏਯੂ ਸਟੈਚਯੂ ਦੇ ਚੈਪਟਰ VI ਦੀ ਧਾਰਾ 7 (1) ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਸੀ-2/279

- ਬੋਰਡ ਵੱਲੋਂ ਪੀਏਯੂ ਸਟੈਚਯੂ ਦੇ ਚੈਪਟਰ IV ਵਿੱਚ ਧਾਰਾ 4(2) iii ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਸੀ-2/281

## ਅਮਲੇ ਨੂੰ ਰਿਆਇਤਾਂ

- ਬੋਰਡ ਵੱਲੋਂ ਪੀਏਯੂ ਦੇ ਵਾਰਡਨਜ਼ ਅਤੇ ਸਹਾਇਕ ਵਾਰਡਨਜ਼ ਨੂੰ ਦਿੱਤੇ ਜਾਣ ਵਾਲੇ ਮਾਣ ਭੱਤੇ ਵਿੱਚ ਕ੍ਰਮਵਾਰ 800/- ਪ੍ਰਤੀ ਮਹੀਨਾ ਅਤੇ 600/- ਰੁਪਏ ਪ੍ਰਤੀ ਮਹੀਨਾ ਤੋਂ ਵਾਧਾ ਕਰਕੇ 1200/- ਪ੍ਰਤੀ ਮਹੀਨਾ ਅਤੇ 900/- ਰੁਪਏ ਪ੍ਰਤੀ ਮਹੀਨਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਬੀ-2/279

- ਬੋਰਡ ਵੱਲੋਂ ਡਰਾਫਟਸਮੈਨ ਕਾਡਰ ਦੇ ਸੋਧੇ ਹੋਏ ਤਨਖਾਹ ਸਕੇਲ ਨੂੰ 01.01.2017 ਤੋਂ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਬੀ-1/280

## ਬਜਟ

- ਬੋਰਡ ਵੱਲੋਂ ਨਵੀਂ ਰਿਵਾਲਵਿੰਗ ਫੰਡ ਸਕੀਮ "ਦਿਆਲ ਭਦੰਗ, ਅਜਨਾਲਾ, ਅੰਮ੍ਰਿਤਸਰ, ਆਰ ਐੱਫ-8 (ਪੀ ਸੀ-3104) ਨੂੰ ਸਾਲ 2016-17 ਲਈ ਯੂਨੀਵਰਸਿਟੀ ਬਜਟ ਵਿੱਚ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਬੀ-1/278

- ਬੋਰਡ ਵੱਲੋਂ ਨਵੀਂ ਰਿਵਾਲਵਿੰਗ ਫੰਡ ਸਕੀਮ "ਯੂਨੀਵਰਸਿਟੀ ਬੀਜ ਫਾਰਮ, ਉਸਮਾਨ, ਤਰਨਤਾਰਨ ਆਰ ਐੱਫ-9 (ਪੀ ਸੀ-3105)" ਨੂੰ ਸਾਲ 2016-17 ਲਈ ਯੂਨੀਵਰਸਿਟੀ ਬਜਟ ਵਿੱਚ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਬੀ/2/278

## ਹੋਰ ਫੈਸਲੇ

- ਬੋਰਡ ਵੱਲੋਂ 15,600-39,100+ਗਰੇਡ ਪੇਅ 5400/- ਰੁਪਏ ਦੇ ਤਨਖਾਹ ਬੈਂਡ ਵਿੱਚ ਪ੍ਰੋਗਰਾਮਰ ਦੀਆਂ ਦੋ ਅਸਾਮੀਆਂ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਤਾਂ ਜੋ ਸਕੂਲ ਆਫ਼ ਇਲੈਕਟ੍ਰੀਕਲ ਇੰਜਨੀਅਰਿੰਗ ਐਂਡ ਇਨਫਰਮੇਸ਼ਨ ਤਕਨਾਲੋਜੀ ਨੂੰ ਹੁਲਾਰਾ ਦਿੱਤਾ ਜਾ ਸਕੇ।

  ਬੀ-3/278

- ਬੋਰਡ ਵੱਲੋਂ ਪਲਾਂਟ ਮੈਨੇਜਰ ਦੀ ਇੱਕ ਅਸਾਮੀ ਅਤੇ ਪ੍ਰੋਡਕਸ਼ਨ ਮੈਨੇਜਰ ਦੀ ਇੱਕ ਅਸਾਮੀ ਕ੍ਰਮਵਾਰ ਤਨਖਾਹ ਬੈਂਡ 15,600-39,100+ਗਰੇਡ ਪੇਅ 6600/- ਰੁਪਏ ਅਤੇ 15,600-39,100+ਗਰੇਡ ਪੇਅ 5400/- ਰੁਪਏ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਬੀ-4/278

- ਬੋਰਡ ਵੱਲੋਂ ਯੂਨੀਵਰਸਿਟੀ ਦੇ ਗੇਟ ਨੰਬਰ 3 ਤੇ 66 ਕੇ.ਵੀ. ਪਾਵਰ ਸਟੇਸ਼ਨ ਦੇ ਨਾਲ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਨੂੰ 'ਨਿਰੰਤਰ ਆਲੇ ਦੁਆਲੇ ਦੀ ਹਵਾ ਦੀ ਗੁਣਵਤਾ ਦੀ ਦੇਖ-ਰੇਖ ਕਰਨ ਵਾਲੇ ਸਟੇਸ਼ਨ' ਸਥਾਪਿਤ ਕਰਨ ਲਈ 100 ਮੀ$^2$ ਦੀ ਜਗ੍ਹਾ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਸੀ-2/278

- ਬੋਰਡ ਵੱਲੋਂ ਨਵੀਂ ਸਕੀਮ "ਖੇਤੀਬਾੜੀ ਕਾਲਜ ਵਿੱਚ ਖੇਤੀ ਰਸਾਇਣਾਂ ਵਿੱਚ ਡਿਪਲੋਮੇ ਲਈ ਸਵੈ-ਵਿਤੀ, ਸਹਾਇਤਾ ਪ੍ਰਾਪਤ ਸਕੀਮ ਐੱਸ ਐਫ ਐੱਸ-6 (ਪੀ ਸੀ-3041) ਨੂੰ ਯੂਨੀਵਰਸਿਟੀ ਦੇ ਬਜਟ ਅਨੁਮਾਨਾਂ 2016-17 ਵਿੱਚ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਬੀ-1/279

- ਬੋਰਡ ਵੱਲੋਂ ਯੂਨੀਵਰਸਿਟੀ ਬੀਜ ਫਾਰਮ ਨਾਭਾ ਵਿਖੇ 02-ਏਕੜ-04 ਕਨਾਲ-14 ਮਰਲਾ (2.587 ਏਕੜ) ਜਮੀਨ ਨੂੰ ਪੰਜਾਬ ਲਘੂ ਉਦਯੋਗ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਨਾਲ ਤਬਦੀਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

  ਸੀ-1/279

- ਬੋਰਡ ਵੱਲੋਂ ਸੰਚਾਰ ਕੇਂਦਰ ਦੀ ਬਿਲਡਿੰਗ ਨੇੜੇ 418 ਵਰਗ ਮੀਟਰ (19 ਮੀx22 ਮੀ.) ਰਕਬਾ ਪ੍ਰਸਾਰ ਭਾਰਤੀ, ਆਲ ਇੰਡੀਆ ਰੇਡੀਓ, ਨਵੀਂ ਦਿੱਲੀ ਨੂੰ 30 ਸਾਲ ਲਈ 1/- ਰੁਪਏ ਪ੍ਰਤੀ ਸਾਲ ਦੀ ਲੀਜ਼ ਤੇ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਤਾਂ ਜੋ ਦਫ਼ਤਰ-ਕਮ-ਸਟੂਡੀਓ ਬਿਲਡਿੰਗ ਦੀ ਉਸਾਰੀ ਹੋ ਸਕੇ ਅਤੇ ਸਵੀਮਿੰਗ ਪੂਲ ਦੇ ਨੇੜੇ 687 ਵਰਗ ਮੀਟਰ ਰਕਬਾ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ ਤਾਂ ਜੋ ਟ੍ਰਾਂਸਮਿਸ਼ਨ ਟਾਵਰ ਅਤੇ ਹਾਲ ਬਣਾਇਆ ਜਾ ਸਕੇ।

  ਸੀ-4/280

- ਬੋਰਡ ਵੱਲੋਂ ਡਾ. ਜੀ.ਐਸ. ਨੰਦਾ ਨੂੰ ਵਿੱਤ ਕਮੇਟੀ ਦਾ ਇੱਕ ਹੋਰ ਸਾਲ ਲਈ ਗੈਰ-ਸਰਕਾਰੀ ਮੈਂਬਰ ਨਾਮਜ਼ਦ ਕਰਨ ਦਾ ਫੈਸਲਾ ਲਿਆ ਗਿਆ।

  ਸੀ-1/281

# ਅਕਾਦਮਿਕ ਕੌਂਸਲ ਦੇ ਮਹੱਤਵਪੂਰਨ ਫੈਸਲੇ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਅਕਾਦਮਿਕ ਕੌਂਸਲ ਦੀਆਂ 13 ਮੀਟਿੰਗਾਂ (373ਵੀਂ ਤੋਂ 385ਵੀਂ) ਹੋਈਆਂ । ਅਕਾਦਮਿਕ ਕੌਂਸਲ ਵੱਲੋਂ ਲਏ ਗਏ ਮਹੱਤਵਪੂਰਨ ਫੈਸਲੇ ਇਸ ਪ੍ਰਕਾਰ ਹਨ :

- ਜੁਆਲੋਜੀ ਵਿਭਾਗ ਵਿੱਚ ਐਮ ਐੱਸ ਸੀ ਵਿਦਿਆਰਥੀਆਂ ਲਈ ਡਾ. ਐੱਚ. ਐੱਸ. ਤੂਰ ਦੇ ਨਾਂ ਤੇ ਮੈਡਲ ਸਥਾਪਿਤ ਕਰਨ ਲਈ ਨਿਯਮਾਂ/ਵਨਿਯਮਾਂ ਨੂੰ ਪ੍ਰਵਾਨਗੀ ਦਿੱਤੀ ।

  ਆਈਟਮ ਨੰ. ਸੀ-2/373ਵੀਂ

- ਸਰਵੋਤਮ ਕਾਢਾਂ ਅਤੇ ਅਗਾਂਹ ਵਧੂ ਕਿਸਾਨ/ਕਿਸਾਨ ਬੀਬੀ ਲਈ ਸਰਦਾਰਨੀ ਪ੍ਰਕਾਸ਼ ਕੌਰ ਸਰਾਂ ਦੇ ਨਾਂ ਤੇ ਪੁਰਸਕਾਰ ਸਥਾਪਿਤ ਕਰਨ ਲਈ ਨਿਯਮਾਂ/ਵਨਿਯਮਾਂ ਨੂੰ ਪ੍ਰਵਾਨਗੀ ਦਿੱਤੀ ।

  ਆਈਟਮ ਨੰ. 5/374ਵੀਂ

- ਘੱਟ ਆਮਦਨ ਵਾਲੇ ਪਰਿਵਾਰਾਂ ਨਾਲ ਸੰਬੰਧਤ ਅੰਡਰਗ੍ਰੈਜੁਏਟ ਵਿਦਿਆਰਥੀਆਂ ਲਈ ਜੀ.ਐੱਸ. ਖੁਸ਼ ਫਾਊਂਡੇਸ਼ਨ ਵਿਤੀ ਸਹਾਇਤਾ ਲਈ ਨਿਯਮਾਂ ਨੂੰ ਪ੍ਰਵਾਨਗੀ ਦਿੱਤੀ ।

  ਆਈਟਮ ਨੰ. 12/379ਵੀਂ

- ਬਾਬਾ ਗੰਗਾ ਸਿੰਘ ਯਾਦਗਾਰੀ ਇੰਨੋਵੇਸ਼ਨ ਪੁਰਸਕਾਰ ਸਥਾਪਿਤ ਕਰਨ ਲਈ ਨਿਯਮਾਂ ਨੂੰ ਪ੍ਰਵਾਨਗੀ ਦਿੱਤੀ ।

  ਆਈਟਮ ਨੰ. 13/379ਵੀਂ

- ਯੂਨੀਵਰਸਿਟੀ ਦੇ ਵੱਖੋ-ਵੱਖ ਅੰਡਰਗ੍ਰੈਜੁਏਟ ਪ੍ਰੋਗਰਾਮਾਂ ਵਿੱਚ ਪ੍ਰਦਾਨ ਕੀਤੇ ਜਾਂਦੇ ਗੋਲਡ ਮੈਡਲਾਂ ਨੂੰ ਪੀਏਯੂ ਗੋਲਡ ਮੈਡਲ ਦਾ ਨਾਂ ਦੇਣ ਦੀ ਪ੍ਰਵਾਨਗੀ ਦਿੱਤੀ ।

  ਗਰੁੱਪ ਵਿਚਾਰ ਵਟਾਂਦਰਾ/379ਵੀਂ

- ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ ਦੇ ਸਰਵੋਤਮ ਡਾਕਟਰੇਟ ਵਿਦਿਆਰਥੀ ਨੂੰ ਡਾ. ਐੱਚ. ਐੱਸ. ਗਰਚਾ ਯਾਦਗਾਰੀ ਮੈਡਲ ਪ੍ਰਦਾਨ ਕਰਨ ਲਈ ਨਿਯਮਾਂ/ਵਨਿਯਮਾਂ ਨੂੰ ਪ੍ਰਵਾਨਗੀ ਦਿੱਤੀ ।

  ਆਈਟਮ ਨੰ. ਸੀ-4/382ਵੀਂ

- ਬੀ ਐੱਸ ਸੀ (ਆਨਰਜ਼) ਇੰਟੀਰੀਅਰ ਡਿਜ਼ਾਈਨ 4-ਸਾਲ ਪ੍ਰੋਗਰਾਮ ਦੇ ਵਿਦਿਆਰਥੀਆਂ ਲਈ ਪੀਏਯੂ ਗੋਲਡ ਮੈਡਲ ਸਥਾਪਿਤ ਕਰਨ ਲਈ ਨਿਯਮਾਂ/ਵਨਿਯਮਾਂ ਨੂੰ ਪ੍ਰਵਾਨਗੀ ਦਿੱਤੀ ।

  ਸੀ-5/382ਵੀਂ

- ਖੇਤੀਬਾੜੀ ਕਾਲਜ ਨਾਲ ਸੰਬੰਧਤ 'ਸਕੂਲ ਆਫ਼ ਆਰਗੈਨਿਕ ਫਾਰਮਿੰਗ' ਫੈਕਲਟੀ ਦੀ ਸਹੂਲਤ ਸਹਿਤ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ।

  ਸੀ-7/382 ਵੀਂ

- ਕਮਿਸਟਰੀ/ਬਾਇਓਕਮਿਸਟਰੀ ਵਿੱਚ ਖੋਜ ਵਿੱਚ ਸਰਵੋਤਮਤਾ ਲਈ ਐਲੂਮਨੀ ਨਗਦ ਪੁਰਸਕਾਰ ਸਥਾਪਿਤ ਕਰਨ ਲਈ ਨਿਯਮਾਂ/ਵਨਿਯਮਾਂ ਨੂੰ ਪ੍ਰਵਾਨਗੀ ਦਿੱਤੀ ।

  ਸੀ-8/382 ਵੀਂ

- ਕਮਿਸਟਰੀ/ਬਾਇਓਕਮਿਸਟਰੀ ਵਿੱਚ ਅਕਾਦਮਿਕਤਾ ਵਿੱਚ ਸਰਵੋਤਮਤਾ ਲਈ ਐਲੂਮਨੀ ਗੋਲਡ ਮੈਡਲ ਸਥਾਪਿਤ ਕਰਨ ਲਈ ਨਿਯਮਾਂ/ਵਨਿਯਮਾਂ ਨੂੰ ਪ੍ਰਵਾਨਗੀ ਦਿੱਤੀ ।

  ਸੀ-9/382ਵੀਂ

- ਬੀ ਐੱਸ ਸੀ (ਆਨਰਜ਼) ਹੋਮ ਸਾਇੰਸ/ਕਮਿਊਨਿਟੀ ਸਾਇੰਸ 4 ਸਾਲ ਪ੍ਰੋਗਰਾਮ ਦੇ ਸਰਵੋਤਮ ਗ੍ਰੈਜੁਏਟ ਵਿਦਿਆਰਥੀ ਲਈ ਡਾ. ਰਿਪਨ ਗਿੱਲ ਜੱਸਲ ਦੇ ਨਾਂ ਤੇ ਮੈਡਲ ਸਥਾਪਿਤ ਕਰਨ ਲਈ ਨਿਯਮਾਂ/ਵਨਿਯਮਾਂ ਨੂੰ ਪ੍ਰਵਾਨਗੀ ਦਿੱਤੀ।

  ਸੀ-10/382ਵੀਂ

- ਅਕਾਦਮਿਕ ਸੈਸ਼ਨ 2017-18 ਤੋਂ ਪੱਛੜੀਆਂ ਸ਼੍ਰੇਣੀਆਂ ਲਈ ਦਾਖਲੇ ਵਾਸਤੇ ਰਾਖਵਾਂ ਕੋਟਾ 5 ਪ੍ਰਤੀਸ਼ਤ ਤੋਂ ਵਧਾ ਕੇ 10 ਪ੍ਰਤੀਸ਼ਤ ਕਰਨ ਦਾ ਫੈਸਲਾ ਲਿਆ।

  ਸੀ-3/383ਵੀਂ

- ਬੀ ਐੱਸ ਸੀ (ਆਨਰਜ਼) ਐਗਰੀਕਲਚਰ 6 ਸਾਲ ਡਿਗਰੀ ਪ੍ਰੋਗਰਾਮ ਦਾ ਨਾਮ ਬਦਲ ਕੇ ਬੀ ਐਸ ਸੀ (ਆਨਰਜ਼) ਐਗਰੀਕਲਚਰ 6-ਸਾਲ (2+4) ਡਿਗਰੀ ਪ੍ਰੋਗਰਾਮ ਕਰਨ ਦੀ ਪ੍ਰਵਾਨਗੀ/ਫੈਸਲਾ ਲਿਆ ।

  ਆਈਟਮ 6/383 ਵੀਂ

- ਪਿਆਰਾ ਸਿੰਘ ਪਰਮਾਰ ਯਾਦਗਾਰੀ ਸਪੋਰਟਸ ਮੈਡਲ ਅਤੇ ਪਿਆਰਾ ਸਿੰਘ ਪਰਮਾਰ ਯਾਦਗਾਰੀ ਵਿਦਿਆਰਥੀ ਸਹਾਇਤਾ ਫੰਡ ਸਥਾਪਿਤ ਕਰਨ ਲਈ ਨਿਯਮਾਂ/ਵਨਿਯਮਾਂ ਦੀ ਪ੍ਰਵਾਨਗੀ ਦਿੱਤੀ ।

  ਸੀ-1/384ਵੀਂ

# ਅਨੁਲੱਗ-I

## ਇੰਜੀਨੀਅਰਿੰਗ ਯੂਨਿਟ ਵੱਲੋਂ ਸੰਪੰਨ ਕੀਤੇ ਗਏ ਮਹੱਤਵਪੂਰਨ ਪ੍ਰੋਜੈਕਟ

| ਪ੍ਰੋਜੈਕਟ | ਕੀਮਤ (ਲੱਖ ਰੁਪਏ) |
|---|---|
| ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ ਵਿਖੇ ਦਫ਼ਤਰ-ਕਮ-ਲੈਬ ਬਿਲਡਿੰਗ ਦੀ ਉਸਾਰੀ | 59.07 |
| ਕ੍ਰਿਸ਼ੀ ਵਿਗਿਆਨ ਕੇਂਦਰ, ਨਾਗਕਲਾਂ, ਅੰਮ੍ਰਿਤਸਰ ਵਿਖੇ ਪ੍ਰਸ਼ਾਸਕੀ ਇਮਾਰਤ ਅਤੇ ਸਿਖਲਾਈ ਹੋਸਟਲ ਦੀ ਉਸਾਰੀ | 41.93 |
| ਖੇਤਰੀ ਖੋਜ ਸਟੇਸ਼ਨ ਬਠਿੰਡਾ ਵਿਖੇ ਸ਼ੈੱਡ-ਕਮ-ਸਟੋਰ ਦੀ ਉਸਾਰੀ | 33.85 |
| ਪੀਏਯੂ ਲੁਧਿਆਣਾ ਦੀ ਨੁਕਸਾਨੀ ਗਈ ਬਾਹਰਲੀ ਦੀਵਾਰ ਦੀ ਮੁਰੰਮਤ | 27.52 |
| ਯੂਨੀਵਰਸਿਟੀ ਬੀਜ ਫਾਰਮ ਲਾਢੋਵਾਲ, ਲੁਧਿਆਣਾ ਵਿਖੇ ਪ੍ਰੋਸੈਸਿੰਗ ਹਾਲ ਦੀ ਉਸਾਰੀ, ਥਰੈਸ਼ਿੰਗ ਫਲੋਰ ਦੀ ਉਸਾਰੀ ਅਤੇ ਮੌਜੂਦਾ ਥਰੈਸ਼ਿੰਗ ਫਲੋਰ ਦੀ ਮੁਰੰਮਤ, ਟੁਆਇਲਟ ਦੀ ਉਸਾਰੀ ਅਤੇ ਨਿਰਦੇਸ਼ਕ ਦੇ ਦਫ਼ਤਰ ਦੀ ਮੁਰੰਮਤ/ਨਵਿਆਉਣਾ | 27.18 |
| ਪੀਏਯੂ ਲੁਧਿਆਣਾ ਦੇ ਹੋਸਟਲ ਨੰਬਰ 4 ਦੀਆਂ ਟੁਆਇਲਟਜ਼ ਦੀ ਮੁਰੰਮਤ/ਨਵਿਆਉਣਾ | 26.50 |
| ਥਾਪਰ ਹਾਲ ਬਿਲਡਿੰਗ ਵਿਖੇ ਬਿਜਲੀ ਦਾ ਕੰਮ ਅਤੇ ਪੀਏਯੂ ਲੁਧਿਆਣਾ ਵਿਖੇ 300 ਕੇ ਵੀ ਏ ਟ੍ਰਾਂਸਫਾਰਮਰ ਦੀ ਸਹੂਲਤ | 26.29 |
| ਸੀ ਸੀ ਟੀ ਵੀ ਕੈਮਰੇ (ਫੇਜ਼-1) ਲਗਾਉਣਾ | 25.00 |
| ਪੀਏਯੂ ਲੁਧਿਆਣਾ ਵਿਖੇ ਸੀ ਸੀ ਟੀ ਵੀ ਕੈਮਰਿਆਂ ਦੀ ਖਰੀਦੋ ਫਰੋਖਤ ਅਤੇ ਇਨ੍ਹਾਂ ਨੂੰ ਲਗਾਉਣਾ (ਫੇਜ਼-2) | 27.20 |
| ਇੰਟਰਨੈਸ਼ਨਲ ਹੋਸਟਲ ਦੀ ਉਸਾਰੀ ਸ਼ੁਰੂ ਕਰਵਾਈ | 24.69 |
| ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ, ਸੰਗਰੂਰ ਵਿਖੇ ਛੇ ਰਿਹਾਇਸ਼ੀ ਕੁਆਟਰਾਂ ਦੀ ਉਸਾਰੀ | 16.15 |
| ਪੀਏਯੂ ਲੁਧਿਆਣਾ ਵਿਖੇ ਹੋਸਟਲ ਨੰਬਰ 7 ਦੀ ਮੁਰੰਮਤ ਅਤੇ ਨਵਿਆਉਣਾ | 12.83 |
| ਫ਼ਲ ਖੋਜ ਸਟੇਸ਼ਨ ਗੰਗੀਆਂ ਵਿਖੇ ਕੰਕਰੀਟ ਸੜਕਾਂ ਦਾ ਵਿਛਾਉਣਾ | 12.55 |
| ਪੀਏਯੂ ਖੋਜ ਫਾਰਮ, ਲੁਧਿਆਣਾ ਵਿਖੇ ਗਰੇਵਲ ਪੈਕਡ ਟਿਊਬਵੈੱਲ (25 ਐਚ ਪੀ), ਸਬਮਰਸੀਬਲ ਪੰਪ ਸੈੱਟ ਲਗਾਉਣੇ ਅਤੇ ਚੈਂਬਰ ਦੀ ਉਸਾਰੀ ਕਰਨੀ | 11.33 |
| ਪੀਏਯੂ ਲੁਧਿਆਣਾ ਦੇ ਜੇ ਐੱਲ ਐੱਚ ਕੰਪਲੈਕਸ ਲਈ ਗਰੇਵਲ ਪੈਕਡ ਟਿਊਬਵੈੱਲ ਅਕਾਰ 16”x8” ਲਗਾਉਣਾ ਅਤੇ ਟਿਊਬਵੈੱਲ ਚੈਂਬਰ ਦੀ ਉਸਾਰੀ | 11.12 |
| ਕ੍ਰਿਸ਼ੀ ਵਿਗਿਆਨ ਕੇਂਦਰ, ਉੱਪਲ ਜਗੀਰ, ਨੂਰ ਮਹਿਲ, ਜਲੰਧਰ ਵਿਖੇ ਥਰੈਸ਼ਿੰਗ ਫਲੋਰ ਅਤੇ 6 ਰਿਹਾਇਸ਼ੀ ਕੁਆਟਰਾਂ ਦੀ ਉਸਾਰੀ | 10.82 |
| **ਕੁੱਲ ਜੋੜ** | **394.03** |

*ਇਸ ਤੋਂ ਇਲਾਵਾ ਅੰਤਰਰਾਸ਼ਟਰੀ ਹੋਸਟਲ ਦੀ ਉਸਾਰੀ ਉੱਤੇ 1.20 ਕਰੋੜ ਰੁਪਏ ਖਰਚੇ ਗਏ ।